# ਕੈਨੇਡਾ ਦਰਪਣ

ਜਨਵਰੀ 6, 1984

**January 6, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

EAST INDIAN COMMUNITY NEWSPAPER
SECOND CLASS MAIL — Reg. No. 5991

ਹਫ਼ਤੇਵਾਰ ਕੀਮਤ 30¢

Out of greater Vancouver
Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

VOL. 3 No. 1 Weekending Jan. 6, 1984
Editor's Res. PHONE. (604)321-6360

The Canada Darpan
Punjabi Weekly Newspaper

## ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਲੀ ਪੁਲੀਸ ਨੇ ਹਿਰਾਸਤ ਵਿਚ ਲੈ ਲਿਆ



ਨਵੀਂ ਦਿੱਲੀ—ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ 33 ਹੋਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਕਰਾਂ ਨਾਲ ਹਿਰਾਸਤ ਵਿਚ ਲੈ ਲਿਆ ਗਿਆ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਗੁ: ਸਾਹਿਬ ਸੀਸ ਗੰਜ ਨੂੰ ਜਾਂਦੇ ਹੋਏ ਇਸ ਜਥੇ ਨੂੰ ਦਿੱਲੀ ਪੁਲੀਸ ਦੇ ਸੈਕਸ਼ਨ 65 ਏ ਐਕਟ ਅਧੀਨ ਰੋਕ ਲਿਆ ਗਿਆ।

ਲਗਭਗ ਪੰਜ ਘੰਟੇ ਉਹਨਾਂ ਨੂੰ ਇਕ ਬੱਸ ਵਿਚ ਬਿਠਾਈ ਰੱਖਿਆ ਗਿਆ ਜਿਸ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਰਿਹਾਇਸ਼ ਤੋਂ ਉਹ ਤੁਰੇ ਸਨ। ਸ਼ਾਮ ਨੂੰ ਤਿੰਨ ਵਜੇ ਦੇ ਕਰੀਬ ਉਹਨਾਂ ਨੂੰ ਹਿਰਾਸਤ ਵਿਚ ਲਿਆ ਗਿਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਬੀਬੀ ਰਾਜਿੰਦਰ ਕੌਰ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਡਾ: ਰਾਜਿੰਦਰ ਕੌਰ ਜੋ ਟਰੇਨ ਰਾਹੀਂ ਅੰਮ੍ਰਿਤਸਰ ਤੋਂ ਇਥੇ ਪੁਜੇ ਸਨ ਸਿੱਧੇ ਗੁਰਦੁਆਰੇ ਵਿਚ ਗਏ ਅਤੇ ਇਕ ਗਰਮਾ ਗਰਮ ਸਪੀਚ ਕੀਤੀ। ਉਹਨਾਂ ਸ੍ਰੀ ਹਰਬੰਸ ਸਿੰਘ ਮਨਚੰਦਾ ਤੇ ਦੋਸ਼ ਲਾਇਆ ਕਿ ਸਰਕਾਰ ਨਾਲ ਮਿਲਕੇ ਇਸ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਅੱਗੇ ਪਾਉਣ ਦੇ ਯਤਨ ਕੀਤੇ ਹਨ। ਇਸ ਤੋਂ ਮਗਰੋਂ ਉਹ ਉਸ ਜਗ੍ਹਾ ਤੇ ਗਏ ਜਿਥੇ ਪੁਲੀਸ ਨੇ ਬੱਸ ਰੋਕੀ ਹੋਈ ਸੀ। ਕੁਛ ਹੋਰ ਵੀ ਆਪੋਜ਼ੀਸ਼ਨ ਦੇ ਐਮ. ਪੀ. ਉਥੇ ਪੁਜੇ ਸਨ। ਜਿਨ੍ਹਾਂ ਵਿਚ ਖੁਸ਼ਵੰਤ ਸਿੰਘ ਐਚ. ਐਨ. ਬਹੁਗੁਣਾਂ, ਟੀ. ਐਸ. ਨੇਗੀ ਅਤੇ ਡਾ: ਸੁਬਰਾਮੀਨੀਅਮ ਸੁਵਾਮੀ ਸ਼ਾਮਲ ਹਨ। ਸ੍ਰੀ ਆਈ. ਕੇ. ਗੁਜਰਾਲ ਵੀ ਉਥੇ ਪੁਜੇ। ਅਤੇ ਸਾਰਿਆਂ ਨੇ ਹੀ ਪੁਲੀਸ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ।

## ਨਵਾਂ ਸਾਲ ਮੁਬਾਰਕ

'ਕੈਨੇਡਾ ਦਰਪਣ' ਦੇ ਸਮੂਹਕ ਸਟਾਫ ਵਲੋਂ ਸਾਰੇ ਸਹਿਯੋਗੀਆਂ, ਪਾਠਕਾਂ, ਐਡਵਰ-ਟਾਈਜ਼ਰਾਂ, ਦੋਸਤਾਂ ਅਤੇ ਸਬੰਧੀਆਂ ਨੂੰ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ।

## ਅੰਦਰ ਪੜ੍ਹੋ :—


- ਵਤਨ ਕੀ ਫਿਕਰ ਕਰ - ਸਤਪਾਲ ਡਾਂਗ
- ਸਾਡੇ ਤਿਉਹਾਰ — ਮਨਜੀਤ ਸਿੰਘ ਰੱਤੂ
- ਅੰਗਰੇਜ਼ਾਂ ਦਾ ਅਧਿਕਾਰ ਅਤੇ ਲੁੱਟ — ਪੰਜਾਬੀ ਰੂਪ : ਇਕਬਾਲ ਕਾਹਲੋਂ


## 26 ਜਨਵਰੀ 84 ਤੋਂ ਮੋਰਚੇ ਦਾ ਅਗਲਾ ਕਦਮ — ਸੰਤ ਲੌਂਗੋਵਾਲ



ਅੰਮ੍ਰਿਤਸਰ—ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ 27 ਜਨਵਰੀ ਤੋਂ ਮੋਰਚੇ ਵਲੋਂ ਹੋਰ ਤੇਜ਼ੀ ਕਰ ਦਿੱਤੀ ਜਾਏਗੀ। ਜਿਸ ਦਾ ਕਿ ਐਲਾਨ ਭਾਰਤ ਦੇ ਗੇਪਬਲਿਕ ਦਿਵਸ 26 ਜਨਵਰੀ 84 ਨੂੰ ਕੀਤਾ ਜਾਵੇਗਾ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਬੱਬਰ ਖਾਲਸੇ ਨਾਲ ਅਕਾਲੀ ਦਲ ਦੇ ਕੋਈ ਸਬੰਧ ਨਹੀਂ ਹਨ ਅਤੇ ਹੋਰ ਕਿਸੇ ਵੀ ਅਜਿਹੀ ਪਾਰਟੀ ਨਾਲ ਉਹਨਾਂ ਦੇ ਕੋਈ ਵੀ ਸਬੰਧ ਨਹੀਂ ਹਨ ਜੋ ਅਹਿੰਸਾ ਵਿਚ ਵਿਸ਼ਵਾਸ਼ ਰਖਦੀ ਹੋਵੇ।

"ਬੱਬਰ ਖਾਲਸੇ" ਦੇ ਮੁਖੀ ਜਥੇਦਾਰ ਸੁਖਦੇਵ ਸਿੰਘ ਨੇ ਵੀ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਹਨਾਂ ਦੇ ਅਕਾਲੀ ਦਲ ਨਾਲ ਕੋਈ ਸਬੰਧ ਹਨ। ਪਰ ਨਾਲ ਹੀ ਉਹਨਾਂ ਨੇ ਕਿਹਾ ਹੈ ਕਿ ਉਹ ਅਕਾਲੀ ਮੋਰਚੇ ਦੇ ਹਾਮੀ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ 35 ਨਿਰੰਕਾਰੀਆਂ ਨੂੰ ਮਾਰ ਦੇਣ ਦੀ ਜ਼ਿੰਮੇਵਾਰੀ ਉਹਨਾਂ ਦੇ ਦਲ ਨੇ ਆਪਣੇ ਉਪਰ ਨਹੀਂ ਲਈ। ਉਹਨਾਂ ਕਿਹਾ ਕਿ ਅਸੀਂ ਗਿਣਤੀ ਨਹੀਂ ਕਰਦੇ ਹਾਂ ਪੰਥ ਵਿਰੋਧੀਆਂ ਦਾ ਸਫਾਇਆ ਜ਼ਰੂਰ ਕਰਦੇ ਹਾਂ। ਉਹਨਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਗੁਰੂ ਨਾਨਕ ਨਿਵਾਸ ਵਿਚ ਉਹਨਾਂ ਪਿਛਲੇ ਹਫਤੇ ਜ਼ਬਰਦਸਤੀ ਦੋ ਕਮਰਿਆਂ ਤੇ ਕਬਜ਼ਾ ਕਰ ਲਿਆ ਹੈ।

## ਮੇਰਾ ਮੁਕੱਦਮਾ ਖੁਲ੍ਹੀ ਕਚਹਿਰੀ ਵਿਚ ਚਲਾ ਜਾਵੇ — ਰਣਜੀਤ ਸਿੰਘ

ਨਵੀਂ ਦਿੱਲੀ—ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਥਿਤ ਕਾਤਲ ਸ: ਰਣਜੀਤ ਸਿੰਘ ਨੇ ਤਿਹਾੜ ਜੇਲ ਵਿਚ ਇਹ ਧਮਕੀ ਦਿਤੀ ਹੈ ਕਿ ਜੇ ਉਹਨਾਂ ਉਪਰ ਫੇਰ ਤਿਹਾੜ ਜੇਲ ਵਿਚ ਮੁਕੱਦਮਾ ਚਲਾਇਆ ਗਿਆ ਤਾਂ ਉਹ ਕੋਰਟ ਵਿਚ ਪੇਸ਼ ਹੀ ਨਹੀਂ ਹੋਣਗੇ ਅਤੇ ਅਣ ਮਿਥੇ ਸਮੇਂ ਤੱਕ ਭੁੱਖ ਹੜਤਾਲ ਕਰ ਦੇਣਗੇ। ਉਹਨਾਂ ਨੇ ਪੰਜਾਬੀ ਵਿਚ ਲਿਖੇ ਇਕ ਪੱਤਰ ਰਾਹੀਂ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੂੰ ਉਪਰੋਕਤ ਖਾਹਿਸ਼ ਜ਼ਾਹਿਰ ਕੀਤੀ ਹੈ।

## ਪੁਲੀਸ ਅਫਸਰ ਨੂੰ ਗੋਲੀ

ਅੰਮ੍ਰਿਤਸਰ—ਪੁਲੀਸ ਦੇ ਇਕ ਸਬ ਇਨਸਪੈਕਟਰ ਬਿਸ਼ੂ ਰਾਮ ਨੂੰ ਗੋਲੀ ਨਾਲ ਗੁਰੂ ਹਰ ਸਹਾਏ ਵਿਚ ਮਾਰ ਦਿੱਤਾ ਗਿਆ ਹੈ।

ਮਾਰਨ ਵਾਲੇ ਤਿੰਨ ਵਿਅਕਤੀਆਂ ਵਿਚੋਂ ਦੋ ਨੇ ਲਗਭਗ 12 ਗੋਲੀਆਂ ਰੀਵਾਲਵਰ ਦੀਆਂ ਬਿਸ਼ੂ ਰਾਮ ਉਤੇ ਚਲਾਈਆਂ। ਜਦੋਂ ਕਿ ਉਹ ਸਥਾਨਕ ਦਾਣਾ ਮੰਡੀ ਵਿਚ ਸ਼ਾਮ ਦੇ ਛੇ ਵਜੇ ਦੇ ਕਰੀਬ ਖੜੇ ਸਨ। ਉਹ ਮੌਕੇ ਤੇ ਹੀ ਮਰ ਗਏ।

ਕਾਤਲ ਫੀਰੋਜ਼ਪੁਰ ਵੱਲ ਇਕ ਮੋਟਰ ਸਾਈਕਲ ਤੇ ਦੌੜ ਗਏ। ਇਸ ਤੋਂ ਪਹਿਲਾਂ ਸ੍ਰੀ ਬਿਸ਼ੂ ਰਾਮ ਫਾਜ਼ਿਲਕਾ ਵਿਚ ਸਥਾਪਤ ਸਨ ਅਤੇ ਅਤਿਵਾਦੀਆਂ ਦੀ ਹਿਟ ਲਿਸਟ ਤੇ ਸਨ। ਕਿਉਂਕਿ ਉਹਨਾਂ ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਪੁੱਛ ਗਿੱਛ ਲਈ ਫੜੇ ਗਏ ਬੰਦਿਆਂ ਉਤੇ ਉਹਨਾਂ ਨੇ ਬਹੁਤ ਅਤਿਆਚਾਰ ਕੀਤੇ ਸਨ।

## ਇਕ ਹੋਰ ਨਿਰੰਕਾਰੀ ਨੂੰ ਗੋਲੀ ਮਾਰ ਦਿੱਤੀ ਗਈ

ਜਗਰਾਓਂ—ਇਥੋਂ ਨਜ਼ਦੀਕ ਪਿੰਡ ਬੱਸੀਆਂ ਵਿਚ ਰਾਏਕੋਟ ਜਗਰਾਓਂ ਰੋਡ ਦੇ ਉਤੇ ਡਾ: ਬਲਬੀਰ ਸਿੰਘ ਜੋ ਕਿ ਇਕ ਨਿਰੰਕਾਰੀ ਸੀ ਨੂੰ ਤਿੰਨ ਅਣਪਛਾਤੇ ਸਿੱਖ ਗਭਰੂਆਂ ਨੇ ਗੋਲੀ ਮਾਰ ਦਿੱਤੀ।

ਡਾ: ਬਲਬੀਰ ਸਿੰਘ ਲੁਧਿਆਣੇ ਦੇ ਨਜ਼ਦੀਕ ਅਗਰ ਨਗਰ ਕਲੋਨੀ ਦੇ ਰਹਿਣ ਵਾਲੇ ਸਨ। ਅਤੇ ਬੱਸੀਆਂ ਵਿਚ ਉਹਨਾਂ ਦਾ ਦਵਾਈ ਖਾਨਾ ਸੀ। ਜਦੋਂ ਬੱਸ ਤੋਂ ਉਤਰ ਕੇ ਉਹ ਆਪਣੇ ਦਵਾਈ ਖਾਨੇ ਵੱਲ ਜਾ ਰਹੇ ਸਨ ਤਾਂ ਉਸ ਉਤੇ ਗੋਲੀਆਂ ਚਲਾਈਆਂ ਗਈਆਂ ਜੋ ਉਸਦੀ ਗਰਦਨ ਅਤੇ ਸਿਰ ਵਿਚ ਲੱਗੀਆਂ। ਮੌਕੇ ਤੇ ਹੀ ਉਸਦੀ ਮੌਤ ਹੋ ਗਈ। ਇਹ ਤਿੰਨੇ ਨੌਜਵਾਨ ਸਕੂਟਰ ਤੇ ਆਏ ਸਨ। ਡਾ: ਬਲਬੀਰ ਸਿੰਘ ਨੂੰ ਮਾਰਨ ਤੋਂ ਉਪਰੰਤ ਉਹ ਭਗੌੜਾ ਹੋ ਗਏ।

ਲੁਧਿਆਣੇ ਦੇ ਐਸ. ਐਸ. ਪੀ. ਸ੍ਰੀ ਬੂਆ ਸਿੰਘ ਇਕ ਤਕੜੀ ਪੁਲੀਸ ਫੋਰਸ ਨਾਲ ਰਾਏਕੋਟ ਪੁਜੇ। ਰਾਏਕੋਟ ਪੁਲੀਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਡਾ: ਬਲਬੀਰ ਪਹਿਲਾਂ ਇਕ ਨਿਰੰਕਾਰੀ ਹੁੰਦਾ ਸੀ ਪਰ ਪਿਛਲੇ ਤਿੰਨਾਂ ਸਾਲਾਂ ਤੋਂ ਉਸਨੇ ਨਿਰੰਕਾਰੀਆਂ ਦੀ ਮੀਟਿੰਗਾਂ ਵਿਚ ਜਾਣਾ ਬੰਦ ਕਰ ਦਿੱਤਾ ਸੀ।

ਲੁਧਿਆਣੇ ਦੇ ਜ਼ਿਲੇ ਵਿਚ ਇਸ ਤਰ੍ਹਾਂ ਇਹ ਪਹਿਲਾ ਨਿਰੰਕਾਰੀ ਹੈ ਜਿਸ ਨੂੰ ਗੋਲੀ ਨਾਲ ਮਾਰਿਆ ਗਿਆ ਹੈ। ਪੁਲੀਸ ਅਨੁਸਾਰ ਤਿੰਨੇ ਕਾਤਲ ਬਲਬੀਰ ਸਿੰਘ ਦੇ ਪਿੱਛੇ ਲੱਗ ਗਏ ਜਦੋਂ ਕਿ ਉਹ ਬੱਸ ਤੇ ਚੜ੍ਹੇ ਹੀ ਸਨ ਬੱਸੀਆਂ ਵਿਚ ਉਹਨਾਂ ਉਤੇ ਤਿੰਨ ਗੋਲੀਆਂ ਚਲਾ ਕੇ ਉਹਨਾਂ ਨੇ ਲਲਕਾਰਿਆ ਕਿ ਅਸੀਂ ਇਕ ਨਿਰੰਕਾਰੀ ਮਾਰ ਦਿੱਤਾ ਹੈ ਅਗਰ ਕਿਸੇ ਦੀ ਹਿੰਮਤ ਹੈ ਤਾਂ ਸਾਨੂੰ ਫੜ ਲਵੇ। ਬੱਸੀਆਂ ਦੇ ਦੁਕਾਨਦਾਰਾਂ ਨੇ ਮਗਰੋਂ ਹੜਤਾਲ ਕਰ ਦਿੱਤੀ।

ਸ੍ਰੀ ਜਗਤਾਰ ਸਿੰਘ ਡਾ: ਬਲਬੀਰ ਸਿੰਘ ਦੇ ਪਿਤਾ ਨਿਰੰਕਾਰੀਆਂ ਦੇ ਇਕ ਐਕਟਿਵ ਲੀਡਰ ਹਨ। ਅਤੇ ਜਗਰਾਓਂ ਵਿਚ ਉਹ ਨਿਰੰਕਾਰੀ ਪਰਚਾਰਕ ਵੀ ਹਨ।

ASIA BOOK COMPANY Ltd.
ਨਵਾਂ ਸਾਲ ਮੁਬਾਰਕ
# 3 - 219 E. 49th Ave. (at Main St.) Vancouver, B.C.
Ph. 321-6360
ਨਵਾਂ ਸਾਲ ਮੁਬਾਰਕ
ਪੰਜਾਬੀ ਕਿਤਾਬਾਂ ਦੀ ਵੈਨਕੂਵਰ ਵਿਚ ਇਕੋ ਇਕ ਦੁਕਾਨ
ਗੁਰਬਖਸ਼ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ — ਸਭ ਲੇਖਕਾਂ ਦੀਆਂ ਕਿਤਾਬਾਂ ਏਸ਼ੀਆ ਬੁੱਕ ਕੰਪਨੀ ਦਾ ਸ਼ਿੰਗਾਰ ਹਨ
ਸੋਹਨ ਸਿੰਘ ਜੋਸ਼, ਕੇਸਰ ਸਿੰਘ ਨਾਵਲਿਸਟ, ਸ਼ਿਵ ਕੁਮਾਰ ਬਟਾਲਵੀ ਤੇ ਜਸਵੰਤ ਕੰਵਲ

ਕੈਨੇਡਾ ਦਰਪਣ



## ਕੈਨੇਡਾ ਦੇ ਨਵੇਂ ਗਵਰਨਰ ਜਨਰਲ

ਆਟਵਾ — ਕੈਨੇਡਾ ਦੇ ਨਵੇਂ ਬਨਣ ਵਾਲੇ ਗਵਰ ਜਨਰਲ ਦੀ ਆਸਾਮੀ ਲਈ ਪਹਿਲੀ ਵਾਰੀ ਇਕ ਇਸਤਰੀ ਨੂੰ ਚੁਣਿਆ ਗਿਆ ਹੈ। ਉਨ੍ਹਾਂ ਦਾ ਨਾਉਂ ਜੀਨ ਸਾਵੇ JEANNE SAUVE ਹੈ। ਵਰਤਮਾਨ ਗਵਰਨਰ ਜਨਰਲ ਨਵੇਂ ਸਾਲ ਵਿਚ ਛੇਤੀ ਹੀ ਰੀਟਾਇਰ ਹੋ ਰਹੇ ਹਨ। ਸ੍ਰੀਮਤੀ ਸਾਵੇ ਦੀ ਜਨਮਭੂਮੀ ਵੀ ਆਟਵਾ ਹੈ ਅਤੇ ਆਪ ਨੇ ਆਟਵਾ ਦੀ ਯੂਨੀਵਰਸਿਟੀ ਤੋਂ ਹੀ ਸਿਖਿਆ ਪ੍ਰਾਪਤ ਕੀਤੀ ਹੈ। ਇਸ ਸਮੇਂ ਆਪ 'ਸਪੀਕਰ' ਦੇ ਪਦ ਤੇ ਹਨ।

## ਗਲ ਵਿਚ ਰੱਸਾ ਪੈਣ ਦੇ ਕਾਰਨ ਨੌਜਵਾਨ ਦੀ ਮੌਤ

ਹੋਪ—ਇਥੋਂ ਨੇੜੇ ਹੀ ਰੌਬਰਟ ਗਾਈ ਕਿਪਨ ਜੋ ਕਿ ਸਰੀ ਦੇ ਰਹਿਣ ਵਾਲੇ ਸਨ ਅਤੇ ਉਮਰ ਦੇ ਕੇਵਲ 27 ਸਾਲ ਦੇ ਸਨ ਇਕ ਪਹਾੜੀ ਦੀ ਚੜ੍ਹਾਈ ਕਰਦਿਆਂ ਗਲ ਵਿਚ ਰੱਸਾ ਪੈ ਜਾਣ ਦੇ ਕਾਰਨ ਸੁਰਗਵਾਸ ਹੋ ਗਏ ਕਿਪਨ ਅਤੇ ਉਸਦਾ ਇਕ ਸਾਥੀ ਜੌਂਗ ਪਹਾੜੀ ਦੇ ਸਿਖਰ ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸਨ। ਬਰਫ ਪਿਘਲਣ ਦੇ ਕਾਰਨ ਰੱਸੇ ਉਤੇ ਬਰਫ ਦਾ ਪਾਣੀ ਜੰਮ ਗਿਆ ਰੱਸਾ ਅਸਲ ਮੋਟਾਈ ਨਾਲੋਂ ਦੂਗਣਾ ਹੋ ਗਿਆ ਅਤੇ ਉਹਨਾਂ ਦੀ ਇਸ ਮੁਹਿਮ ਨੂੰ ਨਾ ਕੇਵਲ ਨਾਮੁਮਕਿਨ ਹੀ ਕਰ ਦਿੱਤਾ ਸਗੋਂ ਕਿਪਨ ਦੀ ਜਾਨ ਵੀ ਲੈ ਲਈ।

## ਬੀ. ਸੀ. ਦੇ ਇਕ ਹਜ਼ਾਰ ਟੀਚਰ ਘਟਾ ਦਿੱਤੇ

ਵੈਨਕੂਵਰ—ਪ੍ਰਾਪਤ ਅੰਕੜਿਆਂ ਅਨੁਸਾਰ 1982 ਵਿਚ ਬੀ. ਸੀ. ਦੇ ਸਕੂਲ ਟੀਚਰਾਂ ਦੀ ਗਿਣਤੀ 29157 ਸੀ ਅਤੇ 1983 ਵਿਚ ਇਹ ਗਿਣਤੀ ਘਟ ਕੇ 28184 ਰਹਿ ਗਈ ਹੈ। ਇਸ ਤਰਾਂ 963 ਟੀਚਰ ਹੋਰ ਘਟਾ ਦਿੱਤੇ ਗਏ ਹਨ। ਖਿਆਲ ਕੀਤਾ ਜਾਂਦਾ ਹੈ ਕਿ ਇਹ ਕਟੌਤੀ ਇਥੇ ਹੀ ਬੱਸ ਨਹੀਂ ਹੋਵੇਗੀ ਸਗੋਂ ਅਗਲੇ ਤਿੰਨਾਂ ਸਾਲਾਂ ਵਿਚ ਤਿੰਨ ਹਜ਼ਾਰ ਤੋਂ ਚਾਰ ਹਜ਼ਾਰ ਟੀਚਰ ਹੋਰ ਘਟ ਜਾਣਗੇ।

## ਅਤੀ ਮਿੱਠੀ ਦਾਤ

ਸ. ਹਰਭਜਨ ਸਿੰਘ 'ਗਰਚਾ' ਡੈਲਟਾ ਨਿਵਾਸੀ ਨੂੰ ਸਤਿਗੁਰੂ ਨੇ 22 ਦਸੰਬਰ 83 ਨੂੰ ਦੋਹਤਰੇ ਦੀ ਦਾਤ ਬਖਸ਼ੀ ਹੈ। ਬੀਬੀ ਕੁਲਵੰਤ ਕੌਰ ਦਿਉਲ ਗਰਚਾ ਸਾਹਿਬ ਦੀ ਸਪੁਤਰੀ . ਦੇਸੋਂ ਇਥੇ ਆਏ ਹੋਏ ਹਨ।

'ਕੈਨੇਡਾ ਦਰਪਣ" ਦੇ ਸਾਰੇ ਸਟਾਫ ਵਲੋਂ ਗਰਚਾ ਪਰਵਾਰ, ਦਿਓਲ ਪਰਵਾਰ ਅਤੇ ਸ. ਜੋਗਿੰਦਰ ਸਿੰਘ ਗਿੱਲ ਦੇ ਪਰਵਾਰ ਨੂੰ ਲੱਖ ਲੱਖ ਵਧਾਈ ਹੋਵੇ।

ਵਾਹਿਗੁਰੂ ਕਾਕੇ ਸੰਦੀਪ ਦਿਓਲ ਨੂੰ ਲੰਮੀ ਅਤੇ ਸੁਖੀ ਆਯੂ ਬਖਸ਼ੇ।

## ਅਪਾਰਟਮੈਂਟ ਬਿਲਡਿੰਗ ਵਿੱਚ ਅੱਗ

ਪੋਰਟ ਕੋਕਟਲਿਮ—ਇਕ ਸਥਾਨਕ ਅਪਾਰਟਮੈਂਟ ਬਿਲਡਿੰਗ ਵਿਚ ਅੱਗ ਲੱਗ ਗਈ। ਅੱਗ ਬੁਝਾਉਣ ਵਾਲੇ ਕਰਮਚਾਰੀ ਕਈ ਘੰਟੇ ਅੱਗ ਉਤੇ ਕਾਬੂ ਪਾਉਣ ਦਾ ਯਤਨ ਕਰਦੇ ਰਹੇ। ਕਈ ਫੈਮਲੀਆਂ ਦਾ ਪੂਰਾ ਦਾ ਪੂਰਾ ਸਾਮਾਨ ਨਸ਼ਟ ਹੋ ਗਿਆ ਹੈ। ਬਿਲਡਿੰਗ ਵਿਚ ਉਠਦਾ ਧੂੰਆ ਬਹੁਤ ਦੂਰ ਤੋਂ ਦੇਖਿਆ ਜਾ ਸਕਦਾ ਸੀ।

## ਭੈੜੇ ਮੌਸਮ ਦੇ ਸ਼ਿਕਾਰ

ਵੈਨਕੂਵਰ— ਦੋ ਕਾਰਾਂ ਦੀ ਸਿਧੀ ਟੱਕਰ ਵਿਚ ਇਥੇ ਤਿੰਨ ਜਾਨਾਂ ਚਲੀਆਂ ਗਈਆਂ। ਕਾਰਾਂ ਦਾ ਐਕਸੀਡੈਂਟ ਸੜਕਾਂ ਉਪਰ ਜੰਮ ਚੁਕੀ ਬਰਫ ਦੇ ਕਾਰਨ ਹੋਇਆ। ਜਿਸ ਤੋਂ ਸਲਿਪ ਕਰਕੇ ਇਕ ਕਾਰ ਬੇ ਕਾਬੂ ਹੋ ਕੇ ਦੂਸਰੀ ਵਿਚ ਜਾ ਟਕਰਾਈ। ਐਕਸੀਡੈਂਟ ਦੇ ਸ਼ਿਕਾਰ ਹੋਏ ਦੋ ਵਿਅਕਤੀ ਵੈਸਟ ਵੈਨਕੂਵਰ ਦੇ ਸਨ।

ਨਵਾਂ ਸਾਲ ਮੁਬਾਰਕ

ਮੁਫ਼ਤ ਐਸਟੀਮੇਟ



**ਪੰਜਾਬ ਟੀ. ਵੀ. ਸਰਵਿਸ**

- ਹਰ ਤਰ੍ਹਾਂ ਦੀਆਂ ਰੰਗਦਾਰ ਟੀ. ਵੀ. ਠੀਕ ਕਰਾਉਣ ਲਈ

ਸਪੈਸ਼ਲਿਸਟ :

- ਵੀਡੀਓ ਟੇਪਾਂ
- ਸਟੀਰੀਓ ਸਿਸਟਮ
- ਕੰਮ ਦੀ ਗਰੰਟੀ ਹੈ

SAM
438-8509 or
435-5346

## ਤੂਰ ਸਪਾਈਸਜ਼ ਐਂਡ ਫੂਡਜ਼ ਦਾ ਸ਼ਾਨਦਾਰ ਉਦਘਾਟਨ

ਵੈਨਕੂਵਰ—24 ਦਸੰਬਰ 83 ਸਨਿਚਰਵਾਰ ਨੂੰ ਮੇਨ ਸਟਰੀਟ ਤੇ ਤੂਰ ਸਪਾਈਸਜ਼ ਐਂਡ ਫੂਡਜ਼ ਦੇ ਨਵੇਂ ਸਟੋਰ ਦਾ ਉਦਘਾਟਨ 6684 ਮੇਨ ਤੇ ਹੋਇਆ। ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਨਵੇਂ ਸਟੋਰ ਵਲ ਉਲਰ ਪਿਆ ਅਤੇ ਬੱਘੀਆਂ ਭਰ ਕੇ ਕਾਰਾਂ ਦੀਆਂ ਢਿਗੀਆਂ ਭਰਦੀਆਂ ਰਹੀਆਂ। ਇਉਂ ਜਾਪਦਾ ਸੀ ਜਿਵੇਂ ਸਾਰਾ ਸਟੋਰ ਹੀ ਉਦਘਾਟਨ ਸਮਾਰੋਹ ਤੇ ਹੀ ਖਾਲੀ ਹੋ ਜਾਵੇਗਾ। ਲੋਕ ਧੜਾ ਧੜ ਗਰੋਸਰੀ ਵੀ ਲੈ ਕੇ ਜਾ ਰਹੇ ਸਨ ਅਤੇ ਸਟੋਰ ਦੇ ਮਾਲਕਾਂ ਨੂੰ ਨਵਾਂ ਸਟੋਰ ਖੋਲ੍ਹਣ ਦੀ ਵਧਾਈ ਵੀ ਦੇ ਰਹੇ ਸਨ।



ਤੂਰ ਸਪਾਈਸਜ਼ ਐਂਡ ਫੂਡਜ਼ ਦੇ ਮਾਲਕ ਤੇਜ਼ ਪ੍ਰਕਾਸ਼ ਸਿੰਘ ਤੂਰ ਉਸਦੇ ਪਿਤਾ ਅਤੇ ਛੋਟਾ ਭਰਾ ਨਵੇਂ ਸਟੋਰ ਵਿਚ ਖੜੇ ਦਿਖਾਈ ਦੇ ਰਹੇ ਹਨ।




'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

**SUBSCRIPTION FORM**

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone 321-6360

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress :

Name...........................................
Address.........................................
City...............................................
Province........................................
Postal code.....................................
PHONE.

One Year ............................20 dollars
Two Year ...........................35 dollars
Three year ..........................50 dollars
Life membership.................200 dollars
ASIA.................................80 dollars(a year)
U.S.A. ..............................25 dollars(a year)
Europe ..............................80 dollars(a year)
Africa ...............................80 dollars(a year)

# BUY DIRECT FROM IMPORTER

7 W. Hastings, Vancouver, B.C.
PH: (604) 685-7050

## ਸੂਟ ਕੇਸਾਂ ਦੀ ਨਵੇਂ ਸਾਲ ਲਈ ਲੁੱਟ ਮਚਾਉ ਸਪੈਸ਼ਲ ਸੇਲ

ਭਾਰਤ ਜਾਣ ਤੋਂ ਪਹਿਲਾਂ ਸਾਡੇ ਦੋਹਾਂ ਸਟੋਰਾਂ ਤੇ ਸਾਨੂੰ ਸੇਵਾ ਦਾ ਮੌਕਾ ਦਿਓ । ਡਾਲਰਾਂ ਦੀ ਬਚਤ ਕਰੋ ।

✶ EXTRA JUMBO SIZE ✶ LIGHTWEIGHT ✶ DURABLE ✶ SECURITY



**3 PCE. LUGGAGE SET**



ਇਸ ਤਿੰਨ ਪੀਸ Luggage ਦੀ ਡਲਿਵਰੀ ਜਨਵਰੀ ਦੇ ਪਹਿਲੇ ਹਫਤੇ ਹੋਵੇਗੀ ।

Choice from 2 different sets

32" Reg. $59.95
30" Reg. $49.95
28" Reg. $39.95
ਹੁਣ ਤਿੰਨੇ ਹੀ
**$99.95**

### ਖੁਸ਼ਖਬਰੀ!!

ਫਰੇਜ਼ਰ ਵੈਲੀ ਦੇ ਰਹਿਣ ਵਾਲਿਆਂ ਲਈ ਇਹ ਬਹੁਤ ਵੱਡੀ ਖੁਸ਼ਖਬਰੀ ਹੈ ਕਿ ਵੈਨਕੂਵਰ ਦਾ ਹਰਮਨ ਪਿਆਰਾ ਸਟੋਰ ਸ਼ਾਲੀਮਾਰ ਗਿਫਟਸ ਲਿ: ਜੋ ਕਿ ਲੰਡਨ ਲੋਨ ਪਾਨ ਬਰੋਕਰਜ਼ ਲਿ: ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵਾਲਿਆਂ ਨੇ ਆਪਣਾ ਦੂਸਰਾ ਵੱਡਾ ਸਟੋਰ ਕਨੇਡੀਅਨ ਸਰਪਲੱਸ ਦੇ ਨਾਂ ਹੇਠ ਵਾਲੀ ਵੈਸਟ ਸ਼ਾਪਿੰਗ ਸੈਂਟਰ ਸਰੀ ਵਿਚ ਖੋਲ੍ਹ ਦਿੱਤਾ ਹੈ ।

**19535 Fraser Hwy., Surrey, B.C.**

## National Panasonic

GOOD FOR INDIA
**$99.95**
Stereo Tape Recorder






Dual Voltage
**PORTABLE CASSETTE RECORDER**
operates an AC110/220 Volt house current or 4 "C" cell batteries (NOT INCLUDED)
OUR LOW PRICE **$69.95**




110/220 Voltage
**BLENDERS & GRINDERS**
Reg. $69.95
NOW $39.95

AM/FM/SW Stereo Radio
**CASSETTE RECORDER**
- 2-Way 4 Speaker System
- Double telescopic antennas
- AC/DC 13.5 V/batteries (Not Included)

COMPARE OUR PRICE
**$169.95**

Good World Wide



110/220 V

## HAPPY NEW YEAR

**SHALIMAR GIFTS LTD. & LONDON LOAN PAWNBROKERS LTD.**
PH: (604) 685-7050
7 West Hastings, Vancouver, B.C. V6B 1G4

NOW TWO LOCATIONS TO SERVE YOU

## CANADIAN SURPLUS

Valley West Shopping Centre
19535 Fraser Hwy., Surrey, B.c. Ph. 530-1211

OPEN SUNDAY
11.00 to 5.00 P.M.

# THE CANADA DARPAN WEEKLY

**P.O.BOX 67344 STN. 'O'**
**Vancouver, B.C. V5W 3T1**

**Chief Editor(Hon.) : DARSHAN GILL**
**Editor : HARBHAJAN SINGH DEOL**
**PHONE : (604)321-6360**

All Officeholders of CANADA DARPAN are honorary associates


'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



ਸੰਪਾਦਕੀ

# ਨਾਲੇ ਮਾਰੇ ਨਾਲੇ ਰੋਣ ਨਾ ਦੇਵੇ ਹੀਰੋਸ਼ੀਮਾਂ ਤੇ ਨਾਗਾਸਾਕੀ ਦੀ ਤਬਾਹੀ

ਜਰਮਨੀ ਵਿਚ ਹਿਟਲਰ ਦਾ ਬੋਲਬਾਲਾ ਸੀ। 1938 ਦੇ ਦਿਨ ਸਨ। ਨਾਜ਼ੀ ਸਰਕਾਰ ਦੀ ਅਗਵਾਈ ਵਿਚ ਜਰਮਨ ਕੈਮਿਸਟ ਓ, ਹਾਅਨ ਤੇ ਉਸਦੇ ਅਸਿਸਟੈਂਟ ਐਫ, ਐਸ ਸਫਰਾਅਮੈਨ ਨਕਲੀਅਰ ਐਨਰਜੀ ਦੀ ਈਜਾਦ ਕੀਤੀ।

ਇਨ੍ਹਾਂ ਤੋਂ ਪਹਿਲੋਂ ਉਨੀਵੀ ਸਦੀ ਦੇ ਅਖੀਰ ਵਿਚ ਪੀਅਰੇ ਕਿਊਰੀ ਤੇ ਉਸਦੀ ਪਤਨੀ ਮੇਰੀ ਕਿਊਰੀ ਸਕਲੋਡੋਅਸਕਾ ਨੇ ਰੇਡੀਅਮ ਦੀ ਖੋਜ ਪੂਰੀ ਕੀਤੀ ਸੀ।

ਕੈਮਿਸਟ ਓ ਹਾਨ ਦੀ ਈਜਾਦ ਦੀ ਗਲ ਦੂਜੀ ਵਡੀ ਜੰਗ ਲਗਣ ਤੋਂ ਕੁਝ ਦਿਨ ਹੀ ਪਹਿਲੋਂ ਲੋਕਾਂ ਤੱਕ ਪਹੁੰਚੀ। ਇਹ ਗਲ ਸਾਰੀ ਦੁਨੀਆਂ ਵਿਚ ਫੈਲ ਗਈ ਕਿ ਇਸ ਈਜਾਦ ਨੂੰ ਫੌਜੀ ਕੰਮ ਵਿਚ ਵਰਤਿਆ ਜਾਵੇਗਾ ਅਪਰੈਲ 1939 ਵਿਚ ਨਾਜੀ ਜਰਮਨ ਵਾਰ ਮਨਿਸਟਰੀ ਨੂੰ ਪਤਾ ਲਗ ਗਿਆ ਕਿ ਇਹ ਐਨਰਜੀ ਬੰਬ ਬਣਾਉਣ ਦੇ ਕੰਮ ਆ ਸਕੇਗੀ। ਜਦ ਸਾਇੰਸਦਾਨ ਐਲਬਰਟ ਆਈਨਸਟਾਈਨ ਨੂੰ ਇਹ ਖਬਰ ਪਹੁੰਚੀ ਕਿ ਨਕਲੀਅਰ ਬੰਬ ਜਰਮਨੀ ਵਿਚ ਬਣਾਏ ਜਾਣ ਦੀ ਸੰਭਾਵਨਾ ਹੈ ਤਾਂ ਉਸ ਨੇ ਬੜਾ ਖਤਰਾ ਮਹਿਸੂਸ ਕੀਤਾ। ਉਸ ਨੇ ਦੋ ਵਡੇ ਸਾਇੰਸਦਾਨਾਂ, ਈ. ਵਿਗਨਰ ਤੇ ਐਲ ਸਿਜ਼ੀਲਰਡ ਨੂੰ ਮਿਲਕੇ, ਉਸ ਸਮੇਂ ਦੇ ਅਮਰੀਕਨ ਪਰਧਾਨ ਰੂਜ਼ਵੈਲਟ ਨੂੰ ਖਬਰਦਾਰ ਕਰ ਦਿਤਾ ਕਿ ਨਾਜ਼ੀ ਜਰਮਨੀ ਵਿਚ ਐਟਾਮਕ ਬੰਬ ਬਣਾਏ ਜਾਣ ਦੀ ਸੰਭਾਵਨਾ ਪੈਦਾ ਹੋ ਗਈ ਹੈ। ਐਲਬਰਟ ਆਈਨਸਟਾਈਨ ਦੁਨੀਆਂ ਵਿਚ ਅਮਨ ਚੈਨ ਰਖਣ ਵਾਲੇ ਵਡੇ ਆਗੂਆਂ ਵਿਚੋਂ ਸੀ।

ਆਈਨਸਟਾਈਨ ਨੇ ਲਿਖਿਆ ਹੈ ਕਿ ਉਸ ਨੇ ਨਾਜ਼ੀਆਂ ਵਲੋਂ ਖਤਰਾ ਮਹਿਸੂਸ ਕਰਕੇ ਹੀ ਮਜਬੂਰ ਹੋ ਕੇ ਨਕਲੀਅਰ ਐਨਰਜੀ ਉਤੇ ਕੰਮ ਕੀਤਾ ਜੋ ਸਾਰੀ ਦੁਨੀਆਂ ਲਈ ਹਦੋਂ ਵਧ ਖਤਰਾ ਪੈਦਾ ਕਰਨ ਯੋਗ ਸੀ।

ਰੂਜ਼ਵੈਲਟ ਨੇ ਝਕਦਿਆਂ ਝਕਦਿਆਂ ਆਈਨਸਟਾਈਨ ਐਨਰਜੀ ਉਤੇ ਕੰਮ ਕਰਨ ਲਈ ਇਕ ਸਪੈਸ਼ਲ ਗਰੁਪ ਕਾਇਮ ਕੀਤਾ।

ਅਮਰੀਕਨ ਸਾਇੰਸਦਾਨ ਆਰ ਓਪਨ ਹਾਈਨਰ ਨੂੰ ਇਨਚਾਰਜ ਬਣਾਇਆ ਗਿਆ। ਇਸ ਕੰਮ ਨੂੰ ਬੜਾ ਗੁਪਤ ਰਖਿਆ ਗਿਆ। ਇਕ ਲਖ ਪੰਝੀ ਹਜ਼ਾਰ ਅਮਰੀਕਨ ਇਸ ਸੰਸਥਾ ਵਿਚ ਕੰਮ ਕਰ ਰਹੇ ਸਨ। ਸਤੰਬਰ 1942 ਵਿਚ ਇਸ ਸਾਰੇ ਕੰਮ ਦਾ ਕਮਾਂਡਰ ਇਨਚਾਰਜ ਜਨਰਲ ਐਲ ਗਰੋਵ ਨੂੰ ਬਣਾ ਦਿਤਾ ਗਿਆ। ਇਸ ਖੋਜ ਦੇ ਦਰਮਿਆਨ ਨਕਲੀਅਰ ਰੀਐਕਟ ਵੀ ਤਿਆਰ ਹੋ ਗਿਆ। ਇਟਲੀ ਦਾ ਸਾਇੰਸਦਾਨ ਈ ਫਰਨੀ ਅਮਰੀਕਾ ਆ ਚੁਕਾ ਸੀ। ਉਸ ਦੀ ਮਦਦ ਨਾਲ ਪਹਿਲਾ ਨਕਲੀਅਰ ਪਾਵਰ ਸਟੇਸ਼ਨ ਦਸੰਬਰ 2, 1942 ਨੂੰ ਚਾਲੂ ਕੀਤਾ ਗਿਆ।

16 ਜੁਲਾਈ 1945 ਇਸ ਦਾ ਪਹਿਲਾ ਧਮਾਕਾ ਕੀਤਾ ਗਿਆ। ਨਵਾਦਾ ਦੇ ਰੇਗਸਤਾਨ ਵਿਚ ਸਟੀਲ ਦਾ ਇਕ ਟਾਵਰ ਬਣਾ ਕੇ ਉਸ ਉਤੇ ਬੰਬ ਰਖਿਆ ਗਿਆ। ਇਸ ਤਜਰਬੇ ਨੂੰ ਸਾਇੰਦਾਨਾਂ ਨੇ ਇਸ ਤਰ੍ਹਾਂ ਬਿਆਨ ਕੀਤਾ—"ਬੰਬ ਛਡਣ ਨਾਲ ਸੂਰਜ ਦੀ ਰੌਸ਼ਨੀ ਨਾਲੋਂ ਵੀ ਕਈ ਗੁਣਾਂ ਵੱਧ ਰੌਸ਼ਨੀ ਹੋਈ। ਫਿਰ ਬਹੁਤ ਵੱਡਾ ਧਮਾਕਾ ਹੋਇਆ। ਨੇੜੇ ਖਲੋਤੇ ਬੰਦੇ ਧਰਤੀ ਉਤੇ ਡਿਗ ਪਏ। ਇਕ ਬਹੁਤ ਹੀ ਵਡਾ ਬਦਲ ਉਠਿਆ ਜਿਸ ਅਗੇ ਕੁਦਰਤੀ ਬਦਲ ਖਤਮ ਹੋ ਗਏ। ਇਹ ਬਦਲ ਚਾਲੀ ਹਜ਼ਾਰ ਫੁੱਟ ਉਚਾ ਉਠ ਗਿਆ। ਸਟੀਲ ਟਾਵਰ ਜਿਸ ਉਤੇ ਬੰਬ ਰਖਿਆ ਗਿਆ ਸੀ ਉਹ ਬਿਲਕੁਲ ਤਬਾਹ ਹੋ ਗਿਆ ਧੂਏ ਵਾਂਗ ਉਡ ਗਿਆ। ਇਹ ਤਜਰਬਾ ਬਿਲਕੁਲ ਸਫਲ ਹੋਇਆ।

ਉਸ ਸਮੇਂ ਪੋਟਸਡਮ ਕਾਨਫਰੰਸ ਹੋ ਰਹੀ ਸੀ। ਪ੍ਰੇਜ਼ੀਡੈਂਟ ਟਰੂਅਮੈਨ ਕਾਨਫਰੰਸ ਵਿਚ ਸ਼ਾਮਲ ਸੀ। ਉਸ ਨੂੰ ਕੋਡ ਰਾਹੀਂ ਦਸਿਆ ਗਿਆ ਕਿ ਤਜਰਬਾ ਬਿਲਕੁਲ ਸਫਲ ਹੋਇਆ ਹੈ। ਉਸ ਨੇ ਇਹ ਖਬਰ ਕਾਮਰੇਡ ਸਟਾਲਨ ਨੂੰ ਦਸੀ।

6 ਅਗਸਤ 1945 ਨੂੰ ਤਿੰਨ ਬੀ-29 ਬੰਬਰ, ਅਮਰੀਕਨ ਏਅਰ ਫੋਰਸ ਦੇ ਨਿਸ਼ਾਨਾਂ ਸਮੇਤ ਹੀਰੋਸ਼ੀਮਾਂ(ਜਾਪਾਨ) ਉਤੇ ਉਡਾਰੀਆਂ ਲਾਉਂਦੇ ਵੇਖੇ ਗਏ। ਐਨ ਸਵਾ ਅੱਠ ਵਜੇ ਸਵੇਰੇ 580 ਮੀਟਰ ਦੀ ਉਚਾਈ ਤੋਂ ਪਹਿਲਾਂ ਐਟਾਮਕ ਬੰਬ ਛਡਿਆ ਗਿਆ। ਦੂਜੇ ਦਿਨ ਸਵੇਰੇ ਨੀਊਯਾਰਕ ਟਾਈਮਜ਼ ਨੇ ਲਿਖਿਆ :- ਜਾਪਾਨ ਉਤੇ ਐਟਾਮਕ ਬੰਬ ਸੁਟਿਆ ਗਿਆ। ਬੇ ਇਨਤਹਾਂ ਵਡੀ ਖੁੰਬ ਵਰਗਾ ਧੂੰਆਂ ਉਠਿਆ। ਕੁਝ ਮਿੰਟਾਂ ਵਿਚ ਸਾਰਾ ਸ਼ਹਿਰ ਉਜੜ ਕੇ ਢਹਿ ਢੇਰੀ ਹੋ ਗਿਆ। ਕੁਝ ਦਿਨਾਂ ਵਿਚ ਹੀ ਵੀਹ ਹਜ਼ਾਰ ਬੇਗੁਨਾਹ ਬੰਦੇ ਔਰਤਾਂ ਬੱਚੇ ਇਸ ਅਮਰੀਕਨ ਬੰਬ ਨਾਲ ਹਲਾਕ ਹੋ ਗਏ। ਧਮਾਕੇ ਨਾਲ ਸਭ ਇਮਾਰਤਾਂ ਢਹਿ ਢੇਰੀ ਹੋ ਗਈਆਂ ਸਨ। ਆਮ ਲੋਕ ਮਲਬੇ ਹੇਠਾਂ ਆ ਕੇ ਮਾਰੇ ਗਏ। ਐਟਮ ਬੰਬ ਦੀ ਅਗ ਨੇ ਸਾਰੇ ਸ਼ਹਿਰ ਨੂੰ ਅਗ ਲਾ ਦਿਤੀ। ਹਜ਼ਾਰਾਂ ਲੋਕ ਅਗ ਵਿਚ ਸੜ ਮਰੇ।

9 ਅਗਸਤ 1945 ਨੂੰ ਅਮਰੀਕਨਾਂ ਨੇ ਨਾਗਾਸਾਕੀ ਸ਼ਹਿਰ ਉਤੇ ਐਟਮ ਬੰਬ ਸੁਟਿਆ। ਅੱਸੀ ਹਜ਼ਾਰ ਬੇਗੁਨਾਹ ਲੋਕ ਮਾਰੇ ਗਏ।

ਐਟਮ ਬੰਬ ਦੀ ਮਾਰ ਦਾ ਅਸਰ ਦੂਰ ਦੂਰ ਤਕ ਹੋਇਆ। ਜਿਥੇ ਬੰਬ ਡਿਗਾ ਉਥੋਂ ਲੈ ਕੇ ਇਕ ਮੀਟਰ ਦੇ ਅੰਦਰ ਅੰਦਰ 88.4 ਪਰਸੈਂਟ ਲੋਕ ਮਾਰੇ ਗਏ। ਸਵਾ ਮੀਟਰ ਦੇ ਅੰਦਰ 51.5 ਪਰਸੈਂਟ ਲੋਕ ਖਤਮ ਹੋ ਗਏ।

ਐਟਮ ਬੰਬ ਅੱਗ ਦੀ ਹਨੇਰੀ ਵਾਂਗੂ ਸੀ। ਦੋ ਤਿੰਨ ਘੰਟੇ ਮਗਰੋਂ ਇਸ ਅਗ ਦੀ ਹਨੇਰੀ ਨੇ 50 ਤੋਂ 60 ਮੀਟਰ ਤਕ ਇਕ ਘੰਟੇ ਵਿਚ ਮਾਰ ਕੀਤੀ। ਛੇ ਘੰਟਿਆਂ ਮਗਰੋਂ ਇਹ ਅਗ -ਹਨੇਰੀ ਮੱਠੀ ਪਈ। ਇਸ ਅਗ-ਹਨੇਰੀ ਦੀ ਤਪਸ ਤਿੰਨ ਹਜ਼ਾਰ ਤੋਂ ਚਾਰ ਹਜ਼ਾਰ ਸੈਲਸੀਅਸ ਤਕ ਸੀ। ਜੋ ਲੋਕ ਇਸ ਅਗ-ਹਨੇਰੀ ਦੀ ਜਦ ਵਿਚ ਆਏ ਉਨਾਂ ਦੇ ਪਿੰਡ ਸਦਾ ਲਈ ਝੁਲਸੇ ਗਏ। ਬਹੁਤੇ ਲੋਕ ਤਪਸ ਨਾ ਸਹਾਰ ਕੇ ਥਾਂ ਹੀ ਖਤਮ ਹੋ ਗਏ। ਜਿਥੇ ਕਿਧਰੇ ਬੰਦੇ ਖਲੋਤੇ ਜਾਂ ਕੰਮ ਕਰਦੇ ਸਨ ਉਹ ਢਹਿ ਢੇਰੀ ਹੋ ਗਏ। ਉਥੇ ਹੀ ਉਨ੍ਹਾਂ ਦੀਆਂ ਹੱਡੀਆਂ ਵੀ ਰਾਖ ਬਣ ਗਈਆਂ। ਉਨ੍ਹਾਂ ਦਾ ਨਾਮ ਨਿਸ਼ਾਨ ਨਹੀਂ ਲੱਭਾ।

ਬਹੁਤ ਦੂਰ ਦੂਰ ਦੇ ਲੋਕਾਂ ਦੀ ਚਮੜੀ ਵਿਚ ਸੜ ਗਈ। ਕਿਸੇ ਦਾ ਸਾਰਾ ਸਰੀਰ, ਕਿਸੇ ਦਾ ਅਧਾ ਸਰੀਰ ਤੇ ਕਿਸੇ ਦਾ ਨੰਗਾ ਹਿਸਾ ਬਿਲਕੁਲ ਜਲ ਗਿਆ।

ਅਗ ਦਾ ਗੋਲਾ ਕੇਵਲ ਇਕ ਇਕ ਮਿੰਟ ਹੀ ਚਲਿਆ ਸੀ ਪਰ ਉਸ ਨੇ ਹੀਰੋਸ਼ੀਮਾਂ ਤੇ ਨਾਗਾਸਾਕੀ ਦੋਵੇਂ ਸ਼ਹਿਰ ਤੇ ਵਸੋਂ ਤਬਾਹ ਕਰਕੇ ਰਖ ਦਿਤੀ।

ਹੀਰੋਸ਼ੀਮਾਂ ਉਤੇ ਬੰਬ ਸੁਟੇ ਜਾਣ ਤੋਂ ਕੁਝ ਘੰਟੇ ਮਗਰੋਂ ਸਾਰੇ ਸ਼ਹਿਰ ਵਿਚ ਲਾਸ਼ਾਂ ਹੀ ਲਾਸ਼ਾਂ ਦਿਸ ਰਹੀਆਂ ਸਨ। ਜੀਉਂਦੇ ਲੋਕ ਤੜਫ ਤੜਫ ਕੇ ਮਰਨ ਲਈ ਕੁਰਲਾ ਰਹੇ ਸਨ। ਕਈ ਬੇਹੋਸ਼ ਪਏ ਸਨ। ਕਈ ਉਲਟੀਆਂ ਕਰ ਰਹੇ ਸਨ ਕਈਆਂ ਦੇ ਮੂੰਹਾਂ ਤੇ ਨਕਾਂ ਵਿਚੋਂ ਲਹੂ ਚਲ ਰਿਹਾ ਸੀ। ਦੂਰੋਂ ਪਹੁੰਚੇ ਵਾਲੰਟੀਅਰਾਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਕੇ ਚਿਖਾ ਬਣਾਈਆਂ ਤੇ ਸੈਂਕੜੇ ਲੋਕਾਂ ਨੂੰ ਬਿਨਾਂ ਪਛਾਣ ਕੀਤਿਆਂ ਸਾੜਨਾ ਆਰੰਭ ਦਿੱਤਾ।

ਹਸਪਤਾਲ ਤਬਾਹ ਹੋ ਚੁਕੇ ਸਨ। ਡਾਕਟਰ ਤੇ ਨਰਸਾਂ ਆਪ ਮੌਤ ਦੇ ਮੂੰਹ ਜਾ ਚੁਕੇ ਸਨ ਜਾਂ ਮਰਨ ਨੇੜੇ ਸਨ ਉਹ ਲੋਕਾਂ ਦੀ ਸੇਵਾ ਸੰਭਾਲ ਕਿਸ ਤਰ੍ਹਾਂ ਕਰਦੇ। ਅਮਰੀਕਨਾਂ ਨੇ ਆਪਣੀ ਤਾਕਤ ਦੇ ਨਸ਼ੇ ਵਿਚ ਪਹਿਲਾ ਨਰਕ ਹੀਰੋਸ਼ੀਮਾਂ ਵਿਚ ਤੇ ਦੂਜਾ ਨਾਗਾਸਾਕੀ ਵਿਚ ਬਣਾ ਦਿਤਾ ਸੀ।

ਬਿਜਲੀ ਬੰਦ ਹੋ ਗਈ ਸੀ। ਟੈਲੀਫੋਨ ਦੀਆਂ ਤਾਰਾਂ ਟੁਟ ਗਈਆਂ ਸਨ ਖੰਭੇ ਕੁਥੇ ਹੋ ਗਏ ਸਨ। ਟਰੈਮਾਂ ਤੇ ਰਿਲਾਂ ਤਬਾਹ ਹੋ ਚੁਕੀਆਂ ਸਨ। ਨਲਕਿਆਂ ਦਾ ਪਾਣੀ ਬੰਦ ਹੋ ਗਿਆ ਸੀ। ਸਾਰੇ ਪਾਸੇ ਹਾਹਾਕਾਰ ਮਚੀ ਹੋਈ ਸੀ। ਪਰ ਅਮਰੀਕਾ ਵਿਚ ਜਿਤ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ।

ਇਹਨਾਂ ਬੰਬਾਂ ਦਾ ਜਾਪਾਨ ਦੇ ਲੋਕਾਂ ਦੀ ਸਿਹਤ ਉਤੇ ਕੀ ਅਸਰ ਪਿਆ ਇਹ ਇਕ ਬਹੁਤ ਵੱਡਾ ਵਿਸ਼ਾ ਹੈ। ਅਜੇ ਵੀ ਲੋਕ ਘੁਲ ਘੁਲ ਕੇ ਮਰ ਰਹੇ ਸਨ ਕਈ ਕਿਸਮ ਦੀਆਂ ਬੀਮਾਰੀਆਂ ਵਿਚ ਘਿਰੇ ਹੋਏ ਹਨ। ਕਈ ਕਿਸਮ ਦੇ ਕੈਂਸਰਾਂ ਨਾਲ ਹੁਣ ਵੀ ਮਰ ਰਹੇ ਹਨ। ਅਣਜੰਮੇ ਬਚੇ ਵੀ ਇਸ ਜ਼ਾਲਮ ਐਟਮ ਬੰਬ ਦੇ ਅਸਰ ਤੋਂ ਨਹੀਂ ਬਚ ਸਕੇ। ਜਿਹੜੇ ਬੱਚੇ ਪੈਦਾ ਹੋਏ ਉਨਾਂ ਦੇ ਸਰੀਰਕ ਅੰਕ ਵਿਗੜੇ ਤਿਗੜੇ ਹੋਏ। ਕੁਝ ਘੰਟੇ ਜਾਂ ਕੁਝ ਦਿਨ ਰਹਿ ਕੇ ਚਲ ਵਸੇ।

ਜਿਹੜੇ ਬੱਚੇ ਐਟਮ ਬੰਬ ਚਲਣ ਤੋਂ ਕਈ ਸਾਲ ਮਗਰੋਂ ਪੈਦਾ ਹੋਏ ਉਹ ਵੀ ਰੈਡੀਏਸ਼ਨ ਦੇ ਅਸਰ ਤੋਂ ਨਹੀਂ ਬਚ ਸਕੇ।

ਪਰਵਾਰਾਂ ਦੇ ਪਰਵਾਰ ਤਬਾਹ ਹੋ ਗਏ। ਬਚਿਆਂ ਨੂੰ ਮਾਪੇ ਨਾ ਮਿਲੇ ਤੇ ਮਾਪਿਆਂ ਨੂੰ ਬੱਚੇ ਨਾ ਮਿਲ ਸਕੇ।

* * *

ਹੁਣ 38 ਸਾਲਾਂ ਮਗਰੋਂ ਵੀ ਅਜ ਦਾ ਅਮਰੀਕਨ ਪਰਧਾਨ ਜਿਤੀ ਜਾਣ ਵਾਲੀ ਅਟੈਮਕ ਜੰਗ ਦੀਆਂ ਗੱਲਾਂ ਕਰ ਰਿਹਾ ਹੈ। ਕਦੇ ਉਹ Limited atomic war ਤੇ ਕਦੇ Winnable Atomic War ਦੀ ਗੱਲ ਛੇੜ ਬਹਿੰਦਾ ਹੈ। ਸਾਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਜੇ ਕਿਸੇ ਪਾਗਲ ਨੇ ਅਟੈਮਕ ਬੰਬ ਮਾਰਨ ਦੀ ਪਹਿਲ ਕਰ ਦਿਤੀ ਤਾਂ ਇਹ ਗੱਲ ਸੀਮਤ ਨਹੀਂ ਰਹਿਣੀ। ਇਸ ਦੀ ਲਪੇਟ ਵਿਚ ਅਮਰੀਕਾ, ਰੂਸ, ਯੂਰਪ, ਕੈਨੇਡਾ ਤੇ ਹੋਰ ਸਾਰੇ ਦੇਸ਼ ਵੀ ਆਉਣਗੇ। ਜਿਸ ਅਟੈਮਕ ਐਨਰਜੀ ਨੂੰ ਅਮਨ ਵਾਸਤੇ ਵਰਤਿਆ ਜਾਣਾ ਸੀ ਉਸ ਨੂੰ ਤਾਕਤ ਦੇ ਨਸ਼ੇ ਵਿਚ ਆ ਕੇ ਅਮਰੀਕਨ ਸਰਕਾਰ ਨੇ ਦੁਨੀਆਂ ਵਿਚ ਸਭ ਤੋਂ ਵੱਡਾ ਜ਼ੁਲਮ ਕੀਤਾ। ਜੇ ਹੁਣ ਇਹ ਜੰਗ ਲਗੀ ਤਾਂ ਅਮਰੀਕਨ ਲੋਕਾਂ ਨੂੰ ਵੀ ਇਸ ਦਾ ਮਜ਼ਾ ਚੱਖਣਾ ਪਵੇਗਾ ਤੇ ਰੂਸੀ ਲੋਕ ਵੀ ਨਹੀਂ ਬਚ ਸਕਣਗੇ। ਸਾਰੀ ਦੁਨੀਆਂ ਦੀ ਤਬਾਹੀ ਹੋ ਜਾਏਗੀ।

ਜਿਹੜੇ ਲੋਕ ਅਟੈਮਕ ਬੰਬ ਤੋਂ ਡਰਦੇ ਵਡੇ ਵਡੇ ਭੋਰੇ ਬਣਾ ਰਹੇ ਹਨ ਉਨ੍ਹਾਂ ਦੇ ਭੋਰੇ ਧਰੇ ਧਰਾਏ ਰਹਿ ਜਾਣੇ ਹਨ। ਬੰਬਾਂ ਨੇ ਉਨ੍ਹਾਂ ਨੂੰ ਭੋਰਿਆਂ ਤਕ ਪਹੁੰਚਣ ਹੀ ਨਹੀਂ ਦੇਣਾ। ਜੇ ਭੋਰਿਆਂ ਵਿਚ ਜਾ ਵੀ ਵੜੇ ਤਾਂ ਕੀ ਉਹ ਭੋਰਿਆਂ ਵਿਚ ਸਾਰੀ ਉਮਰ ਬੈਠੇ ਰਹਿਣਗੇ। ਜਦ ਵੀ ਬਾਹਰ ਨਿਕਲਣਗੇ ਉਨ੍ਹਾਂ ਨੂੰ ਰੈਡੀਏਸ਼ਨ ਨੇ ਘੇਰ ਲੈਣਾ ਹੈ। ਕਈ ਕਿਸਮ ਦੇ ਕੈਂਸਰਾਂ ਦੇ ਸ਼ਿਕਾਰ ਹੋ ਜਾਣਗੇ।

ਜੇ ਹੀਰੋਸ਼ੀਮਾਂ ਵਾਲੇ ਸਾਈਜ਼ ਦਾ ਬੰਬ ਵੈਨਕੂਵਰ ਵਿਚ ਫਟੇ ਤਾਂ ਸੁਕੇਮਸ਼ ਤੋਂ ਲੈ ਕੇ ਐਬਟਸਫੋਰਡ ਤੇ ਵਾਈਟ ਰਾਕ ਤਕ ਲੋਕਾਂ ਦਾ ਖਾਤਮਾ ਹੀ ਸਮਝੋ।

ਅਸੀਂ ਪ੍ਰਾਗ ਪੀਸ ਕਾਨਫਰੰਸ ਵਿਚ ਸ਼ਾਮਲ ਹੋਏ ਸਾਂ। ਤਿੰਨ ਹਜ਼ਾਰ ਤੋਂ ਵਧ, ਸਾਰੇ ਦੇਸ਼ਾਂ ਤੋਂ ਡੈਲੀਗੇਟ ਜੁੜੇ ਸਨ। ਦੋ ਸੌ ਡੈਲੀਗੇਟ ਇੰਡੀਆਂ ਤੋਂ ਦੋ ਸੌ ਅਮਰੀਕਾ ਤੋਂ ਤੇ 73 ਕੈਨੇਡਾ ਤੋਂ ਗਏ ਸਨ। ਦੁਨੀਆਂ ਭਰ ਦੇ ਡੈਲੀਗੇਟਾਂ ਦੀ ਰਾਏ ਸੀ ਕਿ ਅਗਲਾ ਸਾਰਾ ਸਾਲ ਅਮਨ ਰਖਣ ਲਈ ਪਰਚਾਰ ਕਰਨ ਉਤੇ ਲਾਇਆ ਜਾਏ।

1984 ਦਾ ਨਵਾਂ ਸਾਲ ਚੜ੍ਹ ਰਿਹਾ ਹੈ। ਦੁਨੀਆਂ ਦੇ ਸਾਰੇ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਤੇ ਮਾਤਾਵਾਂ ਨੂੰ ਅਮਨ ਲਹਿਰ ਵਿਚ ਸ਼ਾਮਲ ਹੋ ਕੇ ਸੰਸਾਰ ਵਿਚ ਅਮਨ ਰਖਣ ਦਾ ਢੰਡੋਰਾ ਦੇਣਾ ਚਾਹੀਦਾ ਹੈ।

ਕਸੇਰ ਸਿੰਘ ਨਾਵਲਿਸਟ

# ਵਤਨ ਕੀ ਫਿਕਰ ਕਰ —

**ਸਤਪਾਲ ਡਾਂਗ**

ਅਲਾਮਾ ਇਕਬਾਲ ਹਿੰਦੋਸਤਾਨ ਦੇ ਇਕ ਅਜ਼ੀਮ ਸ਼ਾਇਰ ਸਨ — ਹਿੰਦੋਸਤਾਨ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਉਹ ਇਸੇ ਸੰਸਾਰ ਵਿਚ ਰਹਿੰਦੇ ਸਨ। ਹਿੰਦੋਸਤਾਨ ਦੇ ਸਬੰਧ ਵਿਚ ਉਨ੍ਹਾਂ ਕਾਫੀ ਕੁਝ ਲਿਖਿਆ ਸੀ। ਉਹ ਇਸਲਾਮ ਦੇ ਬਹੁਤ ਵੱਡੇ ਝੰਡੇ ਬਰਦਾਰ ਸਨ। ਉਨ੍ਹਾਂ ਉਰਦੂ ਵਿਚ ਇਕ ਤਰਾਨਾ ਵੀ ਲਿਖਿਆ ਸੀ।

"ਚੀਨੋ ਅਰਬ ਹਮਾਰਾ
ਹਿੰਦੋਸਤਾਂ ਹਮਾਰਾ —
ਮੁਸਲਮ ਹੈਂ ਹਮ ਵਤਨ ਹੈਂ
ਸਾਰਾ ਜਹਾਂ ਹਮਾਰਾ।"

ਇਹ ਵੀ ਕਿਹਾ ਜਾਂਦਾ ਹੈ ਕਿ ਉਹ ਆਪਣੇ ਜੀਵਨ ਦੇ ਆਖਰੀ ਦਿਨਾਂ ਅੰਦਰ ਪਾਕਿਸਤਾਨ ਦੀ ਸੋਚ ਦੇ ਹਾਮੀ ਬਣ ਗਏ ਸਨ। ਭਾਵੇਂ ਇਹ ਧਾਰਨਾ ਪੂਰੀ ਤਰਾਂ ਸਾਫ ਨਹੀਂ ਕਿ ਉਹ ਇਕ ਵਖਰੇ ਪਾਕਿਸਤਾਨ ਦੇ ਹਾਮੀ ਬਣ ਗਏ ਸਨ ਜਾਂ ਭਾਰਤ ਵਿਚ ਹੀ ਉਹ ਇਕ ਮੁਸਲਮ ਵੱਧ ਵਸੋਂ ਵਾਲਾ ਖੇਤਰ ਚਾਹੁੰਦੇ ਸਨ।

ਕੁਝ ਵੀ ਹੋਵੇ ਹੁਣ ਜਦ ਅਲਾਮਾ ਇਕਬਾਲ ਦੀ ਰੂਹ ਨੇ ਆਪਣੇ ਸਮੇਂ ਦੇ ਹਿੰਦੋਸਤਾਨ ਦਾ ਰੰਗ ਰੂਪ ਵੇਖਣ ਦਾ ਫੈਸਲਾ ਕੀਤਾ ਤਾਂ ਇਹ ਕੁਦਰਤੀ ਸੀ ਕਿ ਉਹ ਪਹਿਲਾਂ ਪਾਕਿਸਤਾਨ ਪੁਜਦੇ, ਇਸ ਲਈ ਇਕ ਹੋਰ ਵੀ ਕਾਰਨ ਸੀ ਕਿਉਂਕਿ ਅਲਾਮਾ ਇਕਬਾਲ ਦਾ ਜਨਮ ਪੰਜਾਬ ਦੇ ਸਿਆਲਕੋਟ ਜ਼ਿਲੇ ਵਿਚ ਹੋਇਆ ਸੀ ਜਿਹੜਾ ਇਸ ਸਮੇਂ ਪਾਕਿਸਤਾਨ ਵਿਚ ਹੈ।

ਆਪਣੇ ਜੀਵਨ ਕਾਲ ਵਿਚ ਅਲਾਮਾ ਇਕਬਾਲ ਨੇ ਇਹ ਗੀਤ ਵੀ ਗਾਇਆ ਸੀ।

"ਉਠੋ ਮੇਰੀ ਦੁਨੀਆਂ ਕੇ
ਗਰੀਬੋਂ ਕੋ ਜਗਾਦੋ
ਜਿਸ ਖੇਤ ਸੇ ਦਹਿਕਾਨ ਕੋ
ਮੁਅਸਰ ਨਾ ਹੋ ਰੋਜ਼ੀ
ਉਸ ਖੇਤ ਕੇ ਹਰ ਖੋ ਸ਼ਾਏ ਗੰਦਮ
ਕੋ ਜਲਾਦੋ

ਅਲਾਮਾ ਇਕਬਾਲ ਨੇ ਸਾਰੇ ਪਾਕਿਸਤਾਨ ਨੂੰ ਘੁਮ ਫਿਰ ਕੇ ਵੇਖਿਆ। ਉਹਨਾਂ ਨੂੰ ਆਪਣੇ ਜੀਵਨ ਸਮੇਂ ਦੀ ਹੀ ਗਰੀਬੀ ਵੇਖਣ ਨੂੰ ਮਿਲੀ।ਉਹਨਾਂ ਵੇਖਿਆ ਕਿ ਪਾਕਿਸਤਾਨ ਦੇ ਖੇਤਾਂ ਵਿਚੋਂ ਕਿਸਾਨਾਂ ਨੂੰ ਹਾਲੇ ਵੀ ਰੋਜ਼ੀ ਨਸੀਬ ਨਹੀਂ ਹੁੰਦੀ। ਹੁਣ ਵੀ ਉਹਨਾਂ ਦੀ ਮਿਹਨਤ ਦਾ ਫਲ ਜਾਗੀਰਦਾਰਾਂ ਦੇ ਘਰ ਪੁਜ ਜਾਂਦਾ ਹੈ। ਕੇਵਲ ਇਹੋ ਹੀ ਨਹੀਂ ਉਨ੍ਹਾਂ ਲੋਕਾਂ ਤੇ ਗੋਲੀਆਂ ਵੀ ਚਲਦੀਆ ਵੇਖੀਆਂ। ਉਹਨਾਂ ਸਿੰਧ ਦੇ ਨਿਹੱਥੇ ਲੋਕਾਂ ਤੇ ਹਵਾ ਵਿਚੋਂ ਹਮਲੇ ਹੁੰਦੇ ਵੀ ਵੇਖੇ। ਉਹਨਾਂ ਜਮਹੂਰੀਅਤ ਦੀ ਮੰਗ ਕਰਨ ਵਾਲੇ ਲੋਕਾਂ ਦੀ ਕੋੜਿਆਂ ਨਾਲ ਚਮੜੀ ਵੀ ਉਧੜਦੀ ਵੇਖੀ। ਉਨ੍ਹਾਂ ਔਰਤਾਂ ਨੂੰ ਕੋੜੇ ਵਰ੍ਹਦੇ ਦੇਖੇ। ਜੇਲਾਂ ਵਿਚ ਬੰਦ ਰਾਜਸੀ ਕੈਦੀਆਂ ਦੀ ਗਿਣਤੀ ਬਾਰੇ ਕਰਨ ਉਹਨਾਂ ਦੀਆਂ ਕੋਸ਼ਿਸਾਂ ਕਦੇ ਵੀ ਸਫਲ ਨਾ ਹੋਈਆਂ।

ਅਲਾਮਾ ਇਕਬਾਲ ਹੈਰਾਨ ਸਨਕਿ ਇਹ ਪਾਕਿਸਤਾਨ ਹੈ। ਕਿਸੇ ਨੇ ਉਨ੍ਹਾਂ ਨੂੰ ਦਸਿਆ ਕਿ ਕੁਝ ਸਮਾਂ ਪਹਿਲਾਂ ਪਾਕਿਸਤਾਨ ਦੇ ਸੁਨੀ ਮੁਸਲਮਾਨਾਂ ਨੇ ਸ਼ੀਆ ਮੁਸਲਮਾਨਾਂ ਦੀਆਂ ਅਤੇ ਸ਼ੀਆ ਮੁਸਲਮਾਨਾਂ ਨੇ ਸੁੰਨੀ ਮੁਸਲਮਾਨਾਂ ਦੀਆਂ ਮਸਜਿਦਾਂ ਸਾੜ ਦਿਤੀਆਂ ਸਨ। ਉਨਾਂ ਦੇ ਮਨ ਵਿਚ ਇਹ ਸਵਾਲ ਉਠਿਆ ਕਿ ਪਾਕਿਸਤਾਨ ਦੀ ਇਹ ਹਾਲਤ ਕਿਉਂ ਹੋਈ ?

ਉਹਨਾਂ ਇਸ ਸੁਆਲ ਦੀ ਭਾਲ ਕਰਨ ਦਾ ਕੰਮ ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਤੇ ਭਾਰਤ ਵੇਖਣ ਦਾ ਫੈਸਲਾ ਕੀਤਾ।

ਇਕਬਾਲ ਨੇ ਆਪਣੇ ਜੀਵਨ ਵਿਚ ਪੰਜਾਬ ਤੇ ਗੁਰੂ ਨਾਨਕ ਨੂੰ ਇਹਨਾਂ ਸ਼ਬਦਾਂ ਵਿਚ ਆਪਣੀ ਦਾਦ ਪੇਸ਼ ਕੀਤੀ ਸੀ।

"ਆਖਰ ਉਠੀ ਸਦਾ
ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਲ
ਨੇ ਜਗਾਇਆ ਖਵਾਬ ਸੇ"

ਅਲਾਮਾ ਇਕਬਾਲ ਪਾਕਿਸਤਾਨੀ ਪੰਜਾਬ ਤੋਂ ਨਿਰਾਸ਼ ਸਨ। ਉਹਨਾਂ ਭਾਰਤ ਵਿਚ ਸਭ ਤੋਂ ਪਹਿਲਾਂ ਪੰਜਾਬ ਦਾ ਦੌਰਾ ਕਰਨ ਦਾ ਫੈਸਲਾ ਕੀਤਾ। ਇਸੇ ਪੰਜਾਬ ਤੇ ਹਿੰਦੋਸਤਾਨ ਬਾਰੇ ਇਕਬਾਲ ਨੇ ਕਿਹਾ ਸੀ :-

"ਸਾਰੇ ਜਹਾਂ ਸੇ ਅੱਛਾ
ਹਿੰਦੋਸਤਾਂ ਹਮਾਰਾ,
ਹਮ ਬੁਲਬੁਲੇਂ ਹੈਂ ਇਸ ਕੀ
ਯੇਹ ਗੁਲਸਤਾਂ ਹਮਾਰਾ।"

ਇਕਬਾਲ ਪੰਜਾਬ ਵਿਚ ਘੁਮੇਂ। ਉਹਨਾਂ ਬੇਦੋਸ਼ੇ ਨਿਰੰਕਾਰੀਆਂ ਤੇ ਹਿੰਦੂਆਂ ਨੂੰ ਕਤਲ ਹੁੰਦੇ ਵੇਖਿਆ। ਪਹਿਲਾਂ ਢਿਲਵਾਂ ਦੇ ਕਰੀਬ ਤੇ ਮੁੜ ਨੌਸ਼ਹਿਰਾ ਪੰਨੂਆਂ ਦੇ ਕਰੀਬ ਬੱਸਾਂ ਵਿਚ ਸਫਰ ਕਰ ਰਹੇ ਮੁਸਾਫਿਰਾਂ ਨੂੰ ਮੌਤ ਦੇ ਘਾਟ ਉਤਾਰੇ ਜਾਂਦੇ ਦੇਖਿਆ। ਉਹਨਾਂ ਸੋਚਿਆ ਕੀ ਇਹ ਸੱਚੀ ਮੁੱਚੀਂ ਉਹੋ ਪੰਜਾਬ ਹੈ ਜਿਸ ਨੇ ਗੁਰੂ ਨਾਨਕ ਨੂੰ ਪੈਦਾ ਕੀਤਾ ਸੀ।

ਉਹ ਸੋਚ ਵੀ ਰਹੇ ਸਨ ਤੇ ਉਹਨਾਂ ਭਾਰਤ ਦੇ ਦੂਜੇ ਹਿਸਿਆਂ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਵੀ ਪੜਿਆ। ਜਦ ਉਨ੍ਹਾਂ ਨੂੰ ਪਤਾ ਲਗਾ ਕਿ ਯਮਨਾ ਨਗਰ ਵਿਚ ਢਿਲਵਾਂ ਦਾ ਬਦਲਾ ਲੈਣ ਲਈ ਕੁਝ ਸਿਖਾਂ ਦੀਆਂ ਦੁਕਾਨਾਂ ਸਾੜ ਦਿੱਤੀਆਂ ਗਈਆਂ, ਜਦ ਉਨ੍ਹਾਂ ਦੇ ਕੰਨਾਂ ਵਿਚ ਰਾਜਸਥਾਨ ਦੇ ਇਕ ਗੁਰਦੁਆਰੇ ਦੀ ਉਸਾਰੀ ਜਾ ਰਹੀ ਇਮਾਰਤ ਨੂੰ ਅੱਗ ਲਾਕੇ ਸਾੜ ਦੇਣ ਦੀਆਂ ਕੋਸ਼ਿਸ਼ਾਂ ਦੀ ਭਿਣਕ ਪਈ, ਜਦ ਰਾਮ ਤੀਰਥ ਦੇ ਮੰਦਰ ਦੀਆਂ ਤਿੰਨ ਮੂਰਤੀਆਂ ਨੂੰ ਅੱਗ ਲਾਕੇ ਸਾੜ ਦੇਣ ਦੀ ਖਬਰ ਦਾ ਪਤਾ ਲਗਾ ਤਾਂ ਇਲਾਮਾਂ ਇਕਬਾਲ ਦੀ ਰੂਹ ਇਕ ਪੁਰਾਣਾ ਗੀਤ ਯਾਦ ਕਰਕੇ ਚਿਲਾ ਉਠੀ:-

"ਵਤਨ ਕੀ ਫਿਕਰ ਕਰ ਨਾਦਾਂ
ਮੁਸੀਬਤ ਆਨੇ ਵਾਲੀ ਹੈ
ਤੇਰੀ ਬਰਬਾਦੀਓਂ ਕੇ ਮਸ਼ਵਰੇ
ਹੈਂ ਆਸਮਾਨੋਂ ਮੇਂ
ਨਾ ਸਮਝੋਗੇ ਤੋ ਮਿਟ ਜਾਓਗੇ
ਐ ਹਿੰਦੋਸਤਾਂ ਵਾਲੋ
ਤੁਮਹਾਰੀ ਦਾਸਤਾਂ ਤਕ ਭੀ
ਨਾ ਹੋਗੀ ਦਾਸਤਾਨੋਂ ਮੇਂ"

ਅਲਾਮਾ ਇਕਬਾਲ ਹਾਲੇ ਇਹ ਤਰਾਨਾ ਗੁਣਗੁਣਾ ਹੀ ਰਹੇ ਸਨ ਕਿ ਉਨ੍ਹਾਂ ਨੂੰ ਇਕ ਬਹੁਤ ਵੱਡਾ ਜਲੂਸ ਨਜ਼ਰ ਆਇਆ। ਹਜ਼ਾਰਾਂ ਲੋਕ ਇਸ ਵਿਚ ਸ਼ਾਮਲ ਸਨ। ਜਲੂਸ ਵਿਚ ਔਰਤਾਂ ਵੀ ਭਾਰੀ ਗਿਣਤੀ ਵਿਚ ਸ਼ਾਮਲ ਸਨ। ਜਿਸ ਵਿਚ ਲਗ ਭਗ ਅੱਧੇ ਸਿੱਖ ਤੇ ਅੱਧੇ ਹਿੰਦੂ ਸਨ ਤੇ ਸਭ ਜ਼ੋਰ ਜ਼ੋਰ ਨਾਲ ਇਹ ਨਾਅਰੇ ਲਾ ਰਹੇ ਸਨ।

ਨਾ ਹਿੰਦੂ ਰਾਜ ਨਾ ਖਾਲਿਸਤਾਨ
ਜੁਗ ਜੁਗ ਜੀਵੇ ਹਿੰਦੋਸਤਾਨ
ਨਾ ਹਿੰਦੂ ਰਾਜ ਨਾ ਖਾਲਿਸਤਾਨ
ਰਾਜ ਕਰੇ ਮਜ਼ਦੂਰ ਕਿਸਾਨ

ਹਿੰਦੂ ਸਿਖ ਨੂੰ ਜੋ ਲੜਾਵੇ
ਉਹ ਦੇਸ਼ ਦਾ ਵੈਰੀ ਹੈ

ਅਲਾਮਾ ਇਕਬਾਲ ਸੋਚ ਵਿਚ ਪੈ ਗਏ ਤੇ ਉਹਨਾਂ ਦੇ ਮੂੰਹ ਵਿਚੋਂ ਝਟ ਪਟ ਇਹ ਨਿਕਲਿਆ:-

"ਪੰਜਾਬ ਹੁਣ ਵੀ ਉਹੋ ਹੀ ਹੈ ਜਿਸ ਨੇ ਨਾਨਕ ਪੈਦਾ ਕੀਤਾ ਸੀ"

ਨਿਹੰਗ ਅਜੀਤ ਸਿੰਘਜਿਸ ਨੇ ਆਪਣੇ ਇਕ ਹਿੰਦੂ ਭਰਾ ਦੀ ਜਾਨ ਬਚਾਉਣ ਲਈ ਆਪਣੀ ਜਾਨ ਖਤਰੇ ਵਿਚ ਪਾ ਦਿੱਤੀ ਸੀ, ਇਸ ਗਲ ਦਾ ਸਬੂਤ ਹੈ ਤੇ ਇਹ ਜਲੂਸ ਵੀ ਇਸ ਗਲ ਦਾ ਸਬੂਤ ਹੈ ਕਿ ਨਿਹੰਗ ਅਜੀਤ ਸਿੰਘ ਇਕੱਲਾ ਨਹੀਂ ਰਵੇਗਾ--------"

ਉਹਨਾਂ ਨੂੰ ਆਪਣਾ ਇਕ ਗੀਤ ਯਾਦ ਆ ਗਿਆ

ਕੁਛ ਬਾਤ ਹੈ ਕਿ ਹਸਤੀ
ਮਿਟਤੀ ਨਹੀਂ ਹਮਾਰੀ
ਸਦੀਓਂ ਰਹਾ ਹੈ ਦੁਸ਼ਮਨ
ਦੌਰੇ ਜ਼ਮਾਂ ਹਮਾਰਾ

ਉਹਨਾਂ ਇਹ ਜਲੂਸ ਵੇਖਿਆ ਤੇ ਇਸ ਵਿਚ ਸ਼ਾਮਲ ਹਜ਼ਾਰਾਂ ਲੋਕਾਂ ਵੱਲ ਮੂੰਹ ਕਰਕੇ ਇਹ ਸ਼ਬਦ ਜ਼ੋਰ ਨਾਲ ਕਹੇ :

"ਮਜ਼ਹਬ ਨਹੀਂ ਸਿਖਾਤਾ
ਆਪਸ ਮੇਂ ਵੈਰ ਰਖਣਾ
ਹਿੰਦੀ ਹੈਂ ਹਮ ਵਤਨ ਹੈਂ
ਹਿੰਦੋਸਤਾਂ ਹਮਾਰਾ।
ਹਿੰਦੋਸਤਾਂ ਹਮਾਰਾ।"

# ਇਕ ਟੈਲੀਫੋਨ ਇੰਟਰਵੀਊ

(ਕਾਮਰੇਡ ਹਰਕਿਸ਼ਨ ਸਿੰਘ 'ਸੁਰਜੀਤ' ਮੈਂਬਰ ਸੀ.ਪੀ.ਆਈ(ਐਮ) ਦੀ ਪੋਲਿਟ ਵੀਊਰੋ ਅਤੇ ਮੈਂਬਰ ਰਾਜ ਸਭਾ ਨਾਲ ਇਹ ਇੰਟਰਵੀਊ 18 ਦਸੰਬਰ 1983 ਨੂੰ ਵਿਲੀਅਮਜ਼ ਲੇਕ ਤੋਂ ਸ੍ਰੀ ਰਾਜਿੰਦਰ "ਪਰਮਾਰ" ਦੇ ਪੰਜਾਬੀ ਪ੍ਰੋਗਰਾਮ ਤੋਂ ਸਿਧੀ ਨਵੀਂ ਦਿੱਲੀ ਤੋਂ ਕੀਤੀ ਗਈ ਸੀ। ਅਸੀਂ ਆਪਣੇ ਪਾਠਕਾਂ ਲਈ ਇਹ ਰੇਡੀਓ ਇੰਟਰਵੀਊ ਏਥੇ ਦੇ ਕੇ ਖੁਸ਼ੀ ਮਹਿਸੂਸ ਕਰਦੇ ਹਾਂ। ਅਸੀਂ ਸ੍ਰੀ ਰਣਜੀਤ ਸਿੰਘ ਸੰਧੂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਹ 'ਕੈਨੇਡਾ ਦਰਪਨ' ਲਈ ਸਾਨੂੰ ਇਹ ਪ੍ਰਾਪਤ ਕਰਕੇ ਦਿੱਤੀ ਹੈ ਅਤੇ ਇਸ ਲਈ ਅਸੀਂ ਸ੍ਰੀ ਰਾਜਿੰਦਰ ਪਰਮਾਰ ਦੇ ਵੀ ਧੰਨਵਾਦੀ ਹਾਂ। ਸੰਪਾਦਕ)

ਪ੍ਰਸ਼ਨ: ਹਰਕਿਸ਼ਨ ਸਿੰਘ ਜੀ ਤੁਸੀਂ ਦਸ ਸਕਦੇ ਹੋ ਕਿ ਪੰਜਾਬ ਦੇ ਮੌਜੂਦਾ ਹਾਲਾਤ ਕਿਸ ਤਰਾਂ ਦੇ ਹਨ ?

ਉਤਰ: ਪੰਜਾਬ ਦੇ ਮੌਜੂਦਾ ਹਾਲਾਤ ਬਹੁਤ ਹੀ ਚਿੰਤਾਜਨਕ ਹਨ। ਇਸ ਵੇਲੇ ਫਿਰਕਾਦਾਰਾਨਾ ਤੁਫਰਕਾ ਬਹੁਤ ਵਧ ਰਿਹਾ ਹੈ ਅਤੇ ਇਸ ਦੀ ਜ਼ੁਮੇਂਵਾਰੀ ਕੇਂਦਰੀ ਸਰਕਾਰ ਦੇ ਸਿਰ ਤੇ ਹੈ ਕਿਉਂਕਿ ਬਹੁਤ ਸਾਰੀਆਂ ਗੱਲਾਂ ਨੂੰ ਮੰਨ ਲਿਆ ਹੈ ਅਤੇ ਕਈ ਵਾਰ ਆਪੋਜ਼ੀਸ਼ਨ ਦੇ ਦਖਲ ਨਾਲ ਇਹ ਫੈਸਲੇ ਹੋ ਚੁੱਕੇ ਹਨ ਅਤੇ ਹੁਣ ਇਸ ਹਾਲਾਤ ਦਾ ਫਾਇਦਾ ਅਤਿਵਾਦੀ ਉਠਾ ਰਹੇ ਹਨ ਅਤੇ ਉਹ ਹਾਲਾਤ ਨੂੰ ਹੋਰ ਵੀ ਗੰਦਾ ਕਰ ਰਹੇ ਹਨ। ਗਵਰਨਰੀ ਰੂਲ ਹੋਣ ਤੋਂ ਪਿਛੋਂ ਵੀ ਹਾਲਾਤ ਵਿਚ ਕੋਈ ਸੁਧਾਰ ਨਹੀਂ ਆਇਆ। ਇਸ ਵੇਲੇ ਬਾਕੀ ਸਾਰੀਆਂ ਮੰਗਾਂ ਹੋ ਚੁਕੀਆਂ ਹਨ। ਸੁਪਰੀਮਕੋਰਟ ਨੇ ਪਾਣੀਆਂ ਦੇ ਸੁਆਲ ਨੂੰ ਆਪਣੇ ਹੱਥ ਵਿਚ ਲੈ ਲਿਆ ਹੈ ਅਤੇ ਸਿਰਫ ਇਕੋ ਗਲ ਰਹਿੰਦੀ ਹੈ ਕਿ ਚੰਡੀਗੜ੍ਹ ਅਤੇ ਪੰਜਾਬੀ ਇਲਾਕਿਆਂ ਦਾ ਸੁਆਲ ਜਿਹੜਾ ਨਿਜਠਨਾ ਕੋਈ ਔਖਾ ਨਹੀਂ ਹੈ ਜੇ ਕਰ ਕੇਂਦਰੀ ਸਰਕਾਰ ਇਸ ਨੂੰ ਨਜਿੱਠ ਦੇਵੇ ਤਾਂ ਪੰਜਾਬ ਦਾ ਵਾਤਾਵਰਨ ਠੀਕ ਹੋ ਸਕਦਾ ਹੈ। ਸੋ ਐਸ ਵੇਲੇ ਇਸ ਵਾਤਾਵਰਨ ਨੂੰ ਵਿਗਾੜਨ ਦੀ ਜੁਮੇਵਾਰੀ ਕੇਂਦਰੀ ਸਰਕਾਰ ਦੇ ਸਿਰ ਤੇ ਹੈ। ਅਸੀਂ ਅਤਿਵਾਦੀਆਂ ਦੀਆਂ ਸਰਗਰਮੀਆਂ ਦਾ ਖੰਡਨ ਕਰਦੇ ਹਾਂ ਲੇਕਿਨ ਉਹਨਾਂ ਨੂੰ ਆਈਸੋਲੇਟ ਕੀਤਾ ਜਾਸਕਦਾ ਹੈ, ਹੱਕੀ ਮੰਗਾਂ ਨੂੰ ਮੰਨ ਕੇ। ਜਿਹੜੇ ਅਕਾਲੀ ਦਲ ਦੇ ਠੀਕ ਲੀਡਰ ਹਨ ਉਨ੍ਹਾਂ ਨਾਲ ਗੱਲਬਾਤ ਨਿਬੇੜ ਲਈ ਜਾਵੇ।

ਪ੍ਰਸ਼ਨ: ਤੁਹਾਡੇ ਖਿਆਲ ਵਿਚ ਅਕਾਲੀ ਦਲ ਨਾਲ ਇਹ ਫੈਸਲਾ ਕਿਸ ਪੁਜ਼ੀਸ਼ਨ ਤੇ ਹੋ ਸਕਦਾ ਹੈ?

ਉਤੱਰ: ਹੁਣ ਤਾਂ ਗੱਲ ਇਕ ਰਹਿ ਗਈ, ਹਾਲੇ ਤਿੰਨ ਦਿਨ ਹੋਏ ਹਨ, ਹੋਮ ਮਿਨਸਟ੍ਰੀ ਦੀ ਇਕ ਮੀਟਿੰਗਵਿਚ ਜਦੋਂ ਮੈਂ ਸੁਆਲ ਉਠਾਇਆ ਅਤੇ ਹੋਮ ਮਿਨਸਟਰ ਨੇ ਗੱਲ ਮੰਨ ਲਈ ਕਿ ਧਾਰਮਿਕ ਮੰਗਾਂ ਤੇ ਫੈਸਲਾ ਨਿਬੜ ਚੁੱਕਾ ਹੈ ਅਤੇ ਪਾਣੀਆਂ ਦਾ ਸੁਆਲ ਵੀ ਸੁਪਰੀਮਕੋਰਟ ਨੇ ਆਪਣੇ ਹੱਥ ਵਿਚ ਲੈ ਲਿਆ ਹੈ ਹੁਣ ਤਾਂ ਇਕੋ ਗਲ ਰਹਿ ਗਈ ਚੰਡੀਗੜ੍ਹ ਦਾ ਅਤੇ ਪੰਜਾਬੀ ਇਲਾਕਿਆਂ ਦਾ ਸੁਆਲ। ਇਸ ਤੇ ਆਪੋਜ਼ੀਸ਼ਨ ਵਾਲਿਆਂ ਨੇ ਦੋ ਤਿੰਨ ਸੁਝਾਅ ਦਿੱਤੇ ਹਨ। ਇਕ ਸੁਝਾਅ ਉਨ੍ਹਾਂ ਵਿਚੋਂ ਇਹ ਹੈ ਕਿ ਕੁਝ ਪਿੰਡ ਹਰਿਆਣੇ ਨੂੰ ਦੇ ਦਿਓ ਅਤੇ ਨਾਲ 100 ਕਰੋੜ ਰੁਪਿਆ ਰਾਜਧਾਨੀ ਬਣਾਉਣ ਨੂੰ ਦੇ ਦਿਓ। ਅਤੇ ਚੰਡੀਗੜ੍ਹ ਪੰਜਾਬ ਨੂੰ ਦੇ ਦਿਓ ਅਤੇ ਇਕ ਕਮਿਸ਼ਨ ਨਿਯੁਕਤ ਕਰ ਦਿਓ ਜਿਹੜਾ ਬੋਲੀ ਦੇ ਆਧਾਰ ਤੇ ਫੈਸਲਾ ਕਰ ਦੇਵੇ ਕਿ ਕਿਹੜੇ ਪਿੰਡ ਪੰਜਾਬ ਦੇ ਹਨ ਅਤੇ ਕਿਹੜੇ ਹਰਿਆਣੇ ਦੇ ਹਨ ਅਤੇ ਇਹ ਅਕਾਲੀ ਦਲ ਮੰਨਣ ਵਾਸਤੇ ਤਿਆਰ ਹੈ।

ਪ੍ਰਸ਼ਨ: ਹਰਕਿਸ਼ਨ ਸਿੰਘ ਜੀ ਤੁਸੀਂ ਇਹ ਵੀ ਦਸ ਸਕਦੇ ਹੋ ਕਿ ਤੁਹਾਡੀ ਪਾਰਟੀ ਦਾ ਕੀ ਸਟੈਂਡ ਹੈ?

ਉਤੱਰ: ਸਾਡੀ ਪਾਰਟੀ ਲਗਾਤਾਰ ਇਹ ਕੋਸ਼ਿਸ਼ ਕਰਦੀ ਰਹੀ ਹੈ ਕਿ ਇਹਨਾਂ ਗੱਲਾਂ ਦੇ ਆਧਾਰ ਉਤੇ ਫੈਸਲਾ ਨਿਬੜ ਜਾਵੇ ਅਤੇ ਅਸੀਂ ਇਹਨਾਂ ਗੱਲਾਂ ਵਿਚ ਜਿਹੜਾ ਚੰਡੀਗੜ੍ਹ ਦਾ ਸਵਾਲ ਹੈ ਅਸੀਂ ਸਮਝਦੇ ਹਾਂ ਕਿ ਇਹ ਪੰਜਾਬ ਦਾ ਹਿਸਾ ਹੈ ਅਤੇ ਹਰਿਆਣੇ ਨੂੰ ਮੁਆਵਜ਼ਾ ਭਰਨ ਲਈ ਯੋਗ ਉਪਾਅ ਕਰਨਾ ਚਾਹੀਦਾ ਹੈ ਅਤੇ ਨਾਲ ਇਸ ਗੱਲ ਦੇ ਉਤੇ ਬਾਕੀ ਜਿਹੜੇ ਪੰਜਾਬੀ ਇਲਾਕੇ ਜਾਂ ਹਰਿਆਣੇ ਦੇ ਇਲਾਕੇ ਰਹਿ ਗਏ ਹਨ ਉਨ੍ਹਾਂ ਇਲਾਕਿਆ ਦਾ ਫੈਸਲਾ ਨਿਬੇੜ ਦੇਣਾ ਚਾਹਦਾ ਹੈ, ਕਮਿਸ਼ਨ ਦੇ ਰਾਹੀਂ। ਜ਼ਬਾਨ ਦੇ ਸੁਆਲ ਤੇ, ਹਿੰਦੂ ਸਿੱਖ ਦੇ ਸੁਆਲ ਤੇ ਨਹੀਂ।

ਪ੍ਰਸ਼ਨ: ਹਰਕਿਸ਼ਨ ਸਿੰਘ ਜੀ ਤੁਸੀਂ ਆਪਦੇ ਖਿਆਲ ਦਸ ਸਕਦੇ ਹੋ, ਚੰਡੀਗੜ੍ਹ ਦੇ ਸੁਆਲ ਤੇ ਕੇਂਦਰੀ ਸਰਕਾਰ ਢੀਠਤਾਈ ਨਾਲ ਕੰਮ ਕਿਉਂ ਲੈ ਰਹੀ ਹੈ ?

ਉਤੱਰ: ਗੱਲ ਸਿਰਫ ਇਹ ਹੈ ਕਿ ਉਹ ਸੌੜੀ ਰਾਜਨੀਤੀ ਤੋਂ ਕੰਮ ਲੈ ਰਹੀ ਹੈ ਕਿਉਂਕਿ ਉਨ੍ਹਾਂ ਨੇ ਪਿਛੇ ਹਰਿਆਣੇ ਦੇ ਲੋਕਾਂ ਨੂੰ ਇਸ ਕਾਰਨ ਤੇ ਚੁਕਿਆ ਸੀ। ਇਸ ਕਾਰਨ ਉਹ ਨਾਲ ਫਾਜ਼ਿਲਕਾ—ਅਬੋਹਰ ਦੀ ਗਲ ਨੂੰ ਬੰਨ੍ਹਦੀ ਹੈ। ਫਾਜ਼ਿਲਕਾ—ਅਬੋਹਰ ਦੀ ਗਲ ਨੂੰ ਅਸੀਂ ਹਿੰਦੂ ਸਿੱਖ ਦੀ ਗਲ ਤੇ ਮੰਨਣ ਨੂੰ ਤਿਆਰ ਨਹੀਂ। ਬੋਲੀ ਦੇ ਆਧਾਰ ਤੇ ਵਧੇਰੇ ਪਿੰਡ ਚਲੇ ਜਾਣ ਸਾਨੂੰ ਕੋਈ ਇਤਰਾਜ਼ ਨਹੀਂ। ਇਸ ਲਈ ਕੇਂਦਰੀ ਸਰਕਾਰ ਆਪਣੇ ਸੌੜੇ ਹਿੱਤਾਂ ਲਈ ਹੈ। ਲੋਕਾਂ ਦੀ ਰਾਏ ਹਾਸਲ ਕੀਤੀ ਜਾਵੇ। ਇਨ੍ਹਾਂ ਨੂੰ ਝਗੜਿਆਂ ਵਿਚ ਫਸਾਉਂਦੀ ਹੈ। ਨਿਕਾਲਦੀ ਨਹੀਂ।

ਪ੍ਰਸ਼ਨ: ਆਖੀਰ ਵਿਚ ਹਰਕਿਸ਼ਨ ਸਿੰਘ ਜੀ ਅਸੀਂ ਤੁਹਾਨੂੰ ਇਹ ਪੁੱਛਣਾ ਚਾਹਾਂਗੇਕਿ ਪਿਛਲੇ ਇਕ ਦੋ ਦਿਨਾਂ ਵਿਚ, ਪਿਛਲੇ ਹਫਤੇ ਵਿਚ ਕਈ ਖਤਰਨਾਕ ਘਟਨਾ ਹੋਈ ਹੈ?

ਉਤੱਰ: ਪੰਜਾਬ ਵਿਚ ਇਹ ਵਾਰਦਾਤਾਂ ਰੋਜ਼ ਹੀ ਹੋ ਰਹੀਆਂ ਹਨ। ਖਤਰਨਾਕ ਗਲ ਇਹ ਹੈ ਕਿ ਖੁਦ ਹੀ ਅਤਿਵਾਦੀਆਂ ਦੀ ਦਰਬਾਰ ਸਾਹਿਬ ਵਿਚ ਲੜਾਈ ਹੋਈ ਹੈ। ਅਤਿਵਾਦੀ ਵਾਤਾਵਰਨ ਨੂੰ ਖਰਾਬ ਕਰਦੇ ਹਨ ਅਤੇ ਲੋਕੀ ਅਤਿਵਾਦੀਆਂ ਤੋਂ ਤੰਗ ਵੀ ਆ ਰਹੇ ਹਨ ਅਤੇ ਨਾਲ ਹੀ ਲੋਕ ਇਹ ਸਮਝਦੇ ਹਨ ਕਿ ਸਰਕਾਰ ਠੀਕ ਗੱਲਾਂ ਵੀ ਨਾ ਮੰਨ ਕੇ ਪੰਜਾਬ ਨਾਲ ਜ਼ਿਆਦਤੀ ਕਰ ਰਹੀ ਹੈ।



ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ

## ਦਸਮੇਸ਼ ਦੇ ਚੰਨ

—ਬਲਵੰਤ ਸਿਘ 'ਬਲਵੰਤ' ਪ੍ਰਚਾਰਕ, ਜੁਆਲੀ ਹਿ:ਪ੍ਰ:

ਦਸਮੇਸ ਦੇ ਚੰਨ ਸੋਹਣੇ, ਪਾ ਸ਼ਹੀਦੀਆਂ ਉਹ ਗਏ ਨੇ।
ਲਹੂ ਨਾਲ ਗ਼ੁਲਾਮੀ ਦੇ, ਦਾਗ਼ਾਂ ਨੂੰ ਧੋ ਗਏ ਨੇ।
ਤੱਕਿਆ ਜਾਂ ਉਨ੍ਹਾਂ ਛਾਏ ਹੋਏ ਜ਼ੁਲਮ ਹਨੇਰੇ ਨੂੰ,
ਫਿਰ ਚਰਬੀ ਬਾਲ ਆਪਣੀ ਕਰ ਜਗ ਵਿਚ ਲੋਅ ਗਏ ਨੇ।
ਜਦ ਬਣਨਾ ਸਿੱਖੀ ਦਾ ਸੀ ਮਹਿਲ ਸੀ ਸ਼ੁਰੂ ਹੋਇਆ,
ਉਦੋਂ ਇੱਟਾਂ ਦੀ ਥਾਂ ਚੰਨ ਨੀਹਾਂ 'ਚ ਖਲੋ ਗਏ ਨੇ।
ਕੁਮਲਾਂਦੇ ਹੋਏ ਤੱਕ ਕੇ ਅੱਧ-ਖਿੜਿਆਂ ਫੁੱਲਾਂ ਨੂੰ,
ਪੱਥਰਾਂ ਦੇ ਦਿਲ ਵੀ ਅੱਥਰੂ ਖ਼ੂਨ ਦੇ ਚੋ ਗਏ ਨੇ।
ਅੱਜ ਯਾਦ ਉਹਨਾਂ ਦੀ ਹਰ ਦਿਲ ਵਿਚ ਵੱਸਦੀ ਏ,
ਭਾਵੇਂ ਜਗ ਦੀਆਂ ਅੱਖੀਆਂ ਤੋਂ ਓਹਲੇ ਹੋ ਗਏ ਨੇ।
ਕੌਮਾਂ 'ਬਲਵੰਤ' ਜਿਹਨੂੰ ਤੱਕ ਵਧਦੀਆਂ ਫੁਲਦੀਆਂ ਨੇ,
ਐਸਾ ਕੁਰਬਾਨੀ ਦਾ ਇਕ ਹਾਰ ਪਰੋ ਗਏ ਨੇ।

—o—

ਅੱਡੀ ਮਾਰੇ ਤਾਂ ਮਦਰੱਸਾ ਬੋਲੇ
ਵੀਰ ਮੇਰਾ ਪਤਲਾ ਜਿਹਾ।

ਮੇਰਾ ਵੀਰ ਪ੍ਰਾਹੁਣਾ ਆਇਆ
ਹੱਟੀਆਂ ਦੀ ਖੰਡ ਮੁੱਕ ਗਈ

ਸਰਦੀ ਕੇ ਮੌਸਮ ਮੇਂ ਬੇਸ਼ੱਕ ਹੋਤੀ ਹੈ ਇਕ ਹਰਫੋ ਦੂਆ
ਲੇਕਨ ਗਰਮੀ ਕੇ ਮੌਸਮ ਮੇਂ ਬਣ ਜਾਤੀ ਹੈ ਗਾਲੀਗੁਪ


# ਤੂਰ ਸਪਾਈਸਜ਼ ਐਂਡ ਫੂਡਜ਼

6684 Main Street. Vancouver, B.C. Ph. 327-4911
6669 Fraser Street, Vancouver, B.C. Ph. 324-3422

ਵੱਲੋਂ

ਸਾਰੇ ਗਾਹਕਾਂ ਅਤੇ ਸੁਨੇਹੀਆਂ ਨੂੰ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ

ਗਰੈਂਡ ਓਪਨਿੰਗ ਸੇਲ ਅਜੇ ਵੀ ਚਾਲੂ ਹੈ

| | | |
|---|---|---|
| ATTA 8.68 2x10 kg. | MILK DAIRYLAND 3.39 4 lit. | MANGO PICKLE 2.49 |
| HALDI 99¢ 400 grm. | SUGAR 6.69 | PISTA 5.89 400 grm. |
| MATAR ATTA 99¢ 400 grm. | MASSAR WHOLE 35¢ lb. | MASSAR WASH 35¢ lb. |

# ਪੰਜਾਬ ਦਰਪਣ

## ਪ੍ਰਾਇਮਰੀ ਟੀਚਰਾਂ ਨੂੰ ਸਲੈਕਸ਼ਨ ਗਰੇਡ ਮਿਲੇਗਾ — 5ਵੀਂ ਮਿਡਲ ਸਕੂਲ 'ਚ ਜਾਏਗੀ।

ਚੰਡੀਗੜ੍ਹ — ਪੰਜਾਬ ਸਰਕਾਰ ਨੇ 1500 ਸੈਂਟਰ ਪ੍ਰਾਇਮਰੀ ਸਕੂਲਾਂ ਨੂੰ ਸੇਵਾਦਾਰ ਦੇਣ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੇ ਗਰੇਡ ਵਧਾਉਣ ਅਤੇ ਵਾਧੂ ਸਟਾਫ ਦੀ ਰੈਸ਼ਨਲਾਈਜੇਸ਼ਨ ਰਾਹੀਂ ਜਮਾਤ ਵਾਰ ਅਧਿਆਪਕ ਦੇਣ ਦਾ ਫੈਸਲਾ ਕੀਤਾ ਹੈ। ਇਥੇ ਸਿਖਿਆ ਸਕੱਤਰ ਸ; ਹਰਦਿਆਲ ਸਿੰਘ ਨਾਲ ਪ੍ਰਾਇਮਰੀ ਟੀਚਰ ਐਸੋਸ਼ੀਏਸ਼ਨ ਦਾ ਪ੍ਰਤੀਨਿਧ ਮੰਡਲ ਸ੍ਰੀ ਬਲਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਮਿਲਿਆ।

ਸ੍ਰੀ ਖੇੜਾ ਨੇ ਦਸਿਆ ਕਿ ਬਲਾਕ ਪ੍ਰਾਇਮਰੀ ਸਿਖਿਆ ਅਧਿਕਾਰੀਆਂ ਦੇ ਗਰੇਡ ਗਰੈਜੂਏਟ ਅਧਿਆਪਕਾਂ ਦੇ ਬਰਾਬਰ ਕੀਤੇ ਜਾਣਗੇ। ਉਨਾਂ ਨੂੰ ਮੁਢਲਾ ਗਰੇਡ 660-1200 ਅਤੇ 20 ਫੀ ਸਦੀ ਨੂੰ 700 - 1300 ਦਾ ਸਲੈਕਸ਼ਨ ਗਰੇਡ ਮਿਲੇਗਾ। ਉਨਾਂ ਕਿਹਾ ਕਿ ਸਰਕਾਰ ਪ੍ਰਾਇਮਰੀ ਅਧਿਆਪਕਾਂ ਦਾ ਕੰਮ ਭਾਰ ਘਟਾਉਣ ਲਈ ਸਟਾਫ ਭੇਜੇ ਬਿਨਾਂ ਪੰਜਵੀਂ ਸ਼ਰੇਣੀ ਮਿਡਲ ਸਕੂਲਾਂ ਦੇ ਸਪੁਰਦ ਕਰਨ ਬਾਰੇ ਵਿਚਾਰ ਕਰ ਰਹੀ ਹੈ। ਉਨ੍ਹਾਂ ਦਸਿਆ ਕਿ ਸਿਖਿਆ ਸਕੱਤਰ ਨੇ ਅਨੁਸੂਚਿਤ ਜਾਤੀਆਂ ਦੇ ਹੈਡ ਟੀਚਰਾਂ ਦੀਆਂ ਖਾਲੀ ਥਾਵਾਂ ਸਟੇਟ ਕੇਡਰ ਵਿਚੋਂ ਭਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

## ਜਸਮੇਲ ਸਿੰਘ ਵਲੋਂ ਪੰਜ ਬੈਂਕ ਡਕੈਤੀਆਂ ਦਾ ਇਕਬਾਲ

ਲੁਧਿਆਣਾ — ਹਰਿਆਣਾ ਪੁਲਸ ਨੇ ਜਸਮੇਲ ਸਿੰਘ ਨਾਉਂ ਦੇ ਜਿਸ ਬੈਂਕ ਲੁਟੇਰੇ ਨੂੰ ਗੁੜਗਾਉਂ ਵਿਚ ਬੈਂਕ ਲੁਟਦੇ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ ਉਸਨੂੰ ਅਜੇ ਪੰਜਾਬ ਪੁਲਸ ਦੇ ਹਵਾਲੇ ਕਰਨ ਵਿਚ ਅਸਮਰਥਤਾ ਪ੍ਰਗਟ ਕੀਤੀ ਹੈ।

ਸਥਾਨਕ ਪੁਲਸ ਦੀ ਇਕ ਪਾਰਟੀ ਜੋ ਵਾਰੰਟ ਲੈਕੇ ਜਸਮੇਲ ਸਿੰਘ ਨੂੰ ਲੈਣ ਗੁੜਗਾਉਂ ਗਈ ਸੀ ਵਾਪਸ ਲੁਧਿਆਣੇ ਪਰਤ ਆਈ ਹੈ।

ਪੁਲਸ ਹਲਕਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜਸਮੇਲ ਸਿੰਘ ਜੋ ਜ਼ਿਲਾ ਲੁਧਿਆਣੇ ਦੇ ਪਿੰਡ ਭ੍ਰਿਖੀ ਦਾ ਰਹਿਣ ਵਾਲਾ ਹੈ ਨੇ ਜਾਂਚ ਦੌਰਾਨ ਹਰਿਆਣਾ ਪੁਲਸ ਨੂੰ ਦਸਿਆ ਕਿ ਅਜੇ ਤਕ ਉਸਨੇ 5 ਬੈਂਕ ਡਕੈਤੀਆਂ ਵਿਚ ਹਿਸਾ ਲਿਆ ਹੈ ਅਤੇ ਗੁੜਗਾਉਂ ਵਾਲੀ ਉਸਦੀ ਛੇਵੀਂ ਡਕੈਤੀ ਦੀ ਘਟਨਾ ਸੀ।

ਪੁਲਸ ਹਲਕਿਆਂ ਅਨੁਸਾਰ ਉਸ ਨੇ ਪੁੱਛ ਗਿਛ ਦੌਰਾਨ ਸਵੀਕਾਰ ਕੀਤਾ ਕਿ ਉਸਨੇ ਸਭ ਤੋਂ ਪਹਿਲਾਂ ਜੁਲਾਈ 1980 ਵਿਚ ਅੰਬਾਲਾ ਸ਼ਹਿਰ ਦੇ ਇਕ ਬੈਂਕ ਵਿਚ ਡਾਕਾ ਮਾਰਿਆ ਸੀ ਅਤੇ 35000 ਰੁਪੇ ਲੁਟੇ ਸਨ। ਇਸ ਤੋਂ ਮਗਰੋਂ 12 ਫਰਵਰੀ 1982 ਨੂੰ ਸਿਵਲ ਲਾਈਨਜ਼ ਅੰਮ੍ਰਿਤਸਰ ਵਿਚ ਇਕ ਕੌਮੀ ਬੈਂਕ ਤੋਂ 32 ਹਜ਼ਾਰ ਰੁਪੇ, 29 ਅਕਤੂਬਰ 1982 ਨੂੰ ਫਰੀਦਾਬਾਦ ਜ਼ਿਲੇ ਦੇ ਇਕ ਪਿੰਡ ਵਿਚ ਇਕ ਬੈਂਕ ਲੁਟਿਆ ਅਤੇ 3 ਜਨਵਰੀ 1983 ਨੂੰ ਬਹਾਦਰਗੜ੍ਹ ਬੈਂਕ ਤੋਂ 23 ਹਜ਼ਾਰ 893 ਰੁਪੇ ਅਤੇ 29 ਸਤੰਬਰ ਨੂੰ ਲੁਧਿਆਣੇ ਜਿਲਾ ਦੇ ਲਲਤੋਂ ਪਿੰਡ ਵਿਚ ਬੈਂਕ ਤੋਂ ਇਕ ਲਖ 7 ਹਜ਼ਾਰ ਰੁਪਏ ਦੀ ਰਕਮ ਲੁੱਟੀ ਸੀ।

ਜਾਂਚ ਦੌਰਾਨ ਜਸਮੇਲ ਸਿੰਘ ਨੇ ਇਹ ਵੀ ਸਵੀਕਾਰ ਕੀਤਾ ਕਿ ਉਸਦਾ ਦੂਜਾ ਸਾਥੀ ਕ੍ਰਿਪਾਲ ਸਿੰਘ ਵੀ ਜ਼ਿਲਾ ਲੁਧਿਆਣੇ ਦੇ ਹੀ ਬੁਆਨੀ ਪਿੰਡ ਦਾ ਰਹਿਣ ਵਾਲਾ ਹੈ। ਜਸਮੇਲ ਸਿੰਘ ਲੁਧਿਆਣੇ ਦੇ ਮਸ਼ਹੂਰ ਦਿਆਨੰਦ ਹਸਪਤਾਲ ਵਿਚ ਕੰਮ ਕਰਦਾ ਸੀ।

## ਲੌਂਗੋਵਾਲ ਤੇ ਜਰਨੈਲ ਸਿੰਘ ਭਿੰਡਰਾਂਵਾਲੇ ਵਿਚਕਾਰ ਮਤਭੇਦ ਹੋਰ ਡੂੰਘੇ ਹੋਗਏ

ਗੁਰਦਾਸਪੁਰ — ਕੁਝ ਵਿਸ਼ੇਸ਼ ਕਾਰਨਾਂ ਕਰਕੇ ਹੁਣ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਮਤਭੇਦ ਹੋਰ ਡੂੰਘੇ ਹੋ ਗਏ ਹਨ। ਇਸੇ ਕਾਰਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਮੌਜੂਦਾ ਨੀਤੀ ਅਤੇ ਬੀਤੇ ਦੋ ਮਹੀਨਿਆਂ ਦੌਰਾਨ ਅਕਾਲੀ ਹਾਈ ਕਮਾਨ ਦੇ ਕਈ ਲੀਡਰਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਦੀ ਚਿੱਟੇ ਦਿਨ ਵਿਰੋਧਤਾ ਕਰਦੇ ਹੋਏ ਇਕ ਲਕੀਰ ਖਿਚ ਦਿੱਤੀ ਹੈ।

ਸੰਤ ਭਿੰਡਰਾਂਵਾਲਾ ਇਨ੍ਹਾਂ ਦਿਨਾਂ ਵਿਚ ਉਹਨਾਂ ਨੂੰ ਮਿਲਣ ਵਾਲੇ ਅਕਾਲੀ ਵਰਕਰਾਂ ਅਤੇ ਸਿਖ ਸੰਗਤਾਂ ਨੂੰ ਗਲਬਾਤ ਦੌਰਾਨ ਆਮ ਕਰਕੇ ਇਹ ਕਹਿੰਦੇ ਹਨ ਕਿ ਅਕਾਲੀ ਭਰਾਵਾਂ ਨੂੰ ਤਾਂ ਧਰਮ ਯੁਧ ਮੋਰਚੇ ਨਾਲੋਂ ਪੰਜਾਬ ਵਿਚ ਆਪਣੀ ਸਰਕਾਰ ਸਥਾਪਤ ਕਰਨ ਦੀ ਵਧੇਰੇ ਚਿੰਤਾ ਹੈ। ਇਸ ਤਰ੍ਹਾਂ ਦੇ ਦੋਸ਼ ਤਲਵੰਡੀ ਅਕਾਲੀ ਦਲ ਵਲੋਂ ਵੀ ਲਾਏ ਜਾਂਦੇ ਹਨ।

ਸਾਡੇ ਪ੍ਰਤੀਨਿਧ ਨੂੰ ਅਕਾਲੀ ਦਲ ਦੇ ਗੁਪਤ ਸੂਤਰਾਂ ਤੋਂ ਜੋ ਪਤਾ ਲਗਾ ਹੈ ਉਸ ਅਨੁਸਾਰ ਸੰਤ ਭਿੰਡਰਾਂਵਾਲਾ ਅਤੇ ਤਲਵੰਡੀ ਅਕਾਲੀ ਦਲ ਨੂੰ ਸੰਤ ਲੌਂਗੋਵਾਲ ਤੇ ਇਹ ਰੋਸ ਹੈ ਕਿ ਜਿਸ ਨਾਟਕੀ ਢੰਗ ਨਾਲ ਨਿਰੰਕਾਰੀ ਮੁਖੀ ਕਤਲ ਕੇਸ ਦੇ ਕਥਿਤ ਦੋਸ਼ੀ ਰਣਜੀਤ ਸਿੰਘ ਦੀ ਗ੍ਰਿਫਤਾਰੀ ਕਰਾਈ ਗਈ ਹੈ ਉਸ ਦੀ ਮਹਤਵਪੂਰਨ ਯੋਜਨਾ ਪਹਿਲਾਂ ਹੀ ਤਿਆਰ ਕੀਤੀ ਗਈ ਸੀ। ਇਸ ਤੋਂ ਇਲਾਵਾ ਸ: ਜਗਦੇਵ ਸਿੰਘ ਤਲਵੰਡੀ ਦੀ ਨਜ਼ਰਬੰਦੀ ਪਿਛੋਂ ਜ:ਗੁਰਚਰਨ ਸਿੰਘ ਟੌਹੜਾ ਨੂੰ ਛੱਡ ਕੇ ਕਿਸੇ ਵੀ ਹੋਰ ਸੀਨੀਅਰ ਅਕਾਲੀ ਲੀਡਰ ਨੇ ਜ:ਤਲਵੰਡੀ ਦੀ ਰਿਹਾਈ ਦਿਲਚਸਪੀ ਨਹੀਂ ਦਿਖਾਈ ਸਗੋਂ ਇਸ ਦੇ ਉਲਟ ਮੋਰਚੇ ਨੂੰ ਸਮਾਪਤ ਕਰਕੇ ਅਕਾਲੀ ਸਰਕਾਰ ਸਥਾਪਤ ਕਰਨ ਲਈ ਕੇਂਦਰ ਨਾਲ ਸੌਦੇਬਾਜ਼ੀ ਕੀਤੀ ਜਾ ਰਹੀ ਹੈ।

ਇਸ ਦੇ ਨਾਲ ਇਹ ਵੀ ਆਮ ਚਰਚਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਅਤੇ ਦਰਬਾਰ ਸਾਹਿਬ ਦੇ ਹੈਡ ਗਰੰਥੀ ਗਿਆਨੀ ਸਾਹਿਬ ਸਿੰਘ ਦਾ ਝੁਕਾਓ ਵੀ ਸੰਤ ਲੌਂਗੋਵਾਲ ਵਲ ਹੀ ਹੈ ਕਿਉਂਕਿ ਇਹਨਾਂ ਦੋਨਾਂ ਧਾਰਮਿਕ ਸਖਸ਼ੀਅਤਾਂ ਦੀ ਨਿਯੁਕਤੀ ਵੀ ਸੰਤ ਲੌਂਗੋਵਾਲ ਦੀ ਇਛਾ ਅਨੁਸਾਰ ਹੀ ਹੋਈ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਇਹ ਮਹਿਸੂਸ ਕਰਦੇ ਹਨ ਕਿ ਸੰਤ ਲੌਂਗੋਵਾਲ ਦੇ ਤੁਲ ਜ: ਤਲਵੰਡੀ ਉਨਾਂ ਦੇ ਅਨਕੂਲ ਹਨ ਅਤੇ ਉਹ ਹੀ ਸਿਖ ਪੰਥ ਦੀ ਠੀਕ ਅਗਵਾਈ ਕਰ ਸਕਦੇ ਹਨ ਕਿਉਂਕਿ ਜਥੇਦਾਰ ਤਲਵੰਡੀ ਦਾ ਸਪਸ਼ਟ ਨਿਸ਼ਾਨਾ ਆਨੰਦਪੁਰ ਮਤੇ ਦੀ ਪ੍ਰਾਪਤੀ ਅਤੇ ਇਕ ਵਖਰੀ ਕੌਮ ਦੀ ਮੰਗ ਹੈ ਜਿਸ ਨੂੰ ਉਹ ਮੰਜੀ ਸਾਹਿਬ ਦੀ ਸਟੇਜ ਤੇ ਕਈ ਵਾਰ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਤਾਈਦ ਵਜੋਂ ਕਹਿ ਚੁਕੇ ਹਨ।

## ਚੰਗਾ ਹੋਇਆ ਜਾਨ ਬਚੀ

ਗੋਰਾਇਆ — ਥਾਣਾ ਗੋਰਾਇਆ ਦੇ ਪਿੰਡ ਦੁਸਾਂਝ ਕਲਾਂ ਦੇ ਨੇੜੇ ਪੁਲੀਸ ਦੀ ਇਕ ਗਸ਼ਤੀ ਪਾਰਟੀ ਦੀ ਇਕ ਵਿਅਕਤੀ ਨਾਲ ਟੱਕਰ ਹੋ ਗਈ ਜਿਹੜਾ ਪੈਦਲ ਸੀ ਤੇ ਉਸ ਦੇ ਹੱਥ ਵਿਚ ਇਕ ਥੈਲਾ ਸੀ ਜਦੋਂ ਉਕਤ ਵਿਅਕਤੀ ਪਿੰਡ ਇੰਦਣਾਂ ਵਲੋਂ ਦੁਸਾਂਝ ਕਲਾਂ ਵਲ ਨੂੰ ਜਾ ਰਿਹਾ ਸੀ ਤਾਂ ਉਸ ਦੇ ਮਗਰ ਇਕ ਏ.ਐਸ.ਆਈ. ਤੇ ਦੋ ਸਿਪਾਹੀ ਲਗ ਗਏ। ਪਿੰਡ ਦੁਸਾਂਝ ਕਲਾਂ ਨੇੜੇ ਜਾਕੇ ਪੁਲੀਸ ਨੇ ਉਸਨੂੰ ਥੈਲਾ ਦਿਖਾਉਣ ਲਈ ਆਖਿਆ ਪਰ ਉਹ ਇਕ ਹੱਥ ਥੈਲੇ ਵਿਚ ਪਾਕੇ ਭੱਜ ਤੁਰਿਆ ਤਾਂ ਉਹਨਾ ਪੁਲੀਸ ਵਾਲਿਆਂ ਨੇ ਤਕਰੀਬਨ ਛੇ ਗੋਲੀਆਂ ਚਲਾਈਆਂ ਪਰ ਉਸਦੇ ਇਕ ਵੀ ਨਾ ਲਗੀ ਤੇ ਉਹ ਭੱਜ ਜਾਣ ਵਿਚ ਸਫਲ ਹੋਗਿਆ। ਉਹ ਕੌਣ ਸੀ ਇਸ ਬਾਰੇ ਪੁਲਿਸ ਪਿੰਡ ਵਾਲਿਆਂ ਨੂੰ ਕੁਝ ਨਹੀਂ ਦੱਸ ਸਕੀ। ਸਿਰਫ ਇਹ ਆਖਿਆ ਕਿ ਥੈਲੇ ਵਿਚ ਸ਼ਾਇਦ ਗਰਨੇਡ ਸਨ। ਚੰਗਾ ਹੋਇਆ ਜਾਨ ਬਚ ਗਈ।

ਦਿਲ ਸੇ ਮਹਿਸੂਸ ਕਰੋ ਆਂਖ ਸੇ ਦੇਖਾ ਨ ਕਰੋ
ਵੋਹ ਹੈ ਖੁਸ਼ਬੂ ਉਸੇ ਛੂਣੇ ਕੀ ਤਮੰਨਾ ਨ ਕਰੋ

## 6 ਜਨਵਰੀ ਨੂੰ ਜਲੰਧਰ 'ਚ ਪੰਜ ਪਾਰਟੀ ਰੈਲੀ ਹੋਵੇਗੀ। 10ਜਲੰਧਰ — ਇਥੇ ਪੰਜ

ਜਲੰਧਰ — ਇਥੇ ਪੰਜ ਪਾਰਟੀਆਂ ਭਾਰਤੀ ਕਮਿਊਨਿਸਟ ਪਾਰਟੀ,ਮਾਰਕਸੀ ਪਾਰਟੀ, ਕਾਂਗਰਸ (ਐਸ) ਜਨਤਾ ਪਾਰਟੀ ਤੇ ਰੀਪਬਲਿਕਨ ਪਾਰਟੀ ਦੇ ਪ੍ਰਤੀਨਿਧਾਂ ਦੀ ਜ਼ਿਲ੍ਹਾ ਪੱਧਰ ਦੀ ਮੀਟੰਗ ਹੋਈ।

ਮੀਟਿੰਗ ਨੇ ਪੰਜਾਂ ਪਾਰਟੀਆਂ ਦੀ ਸੂਬਾ ਪੱਧਰ ਦੀ ਮੀਟਿੰਗ ਦੇ ਫੈਸਲਿਆਂ ਦੀ ਪ੍ਰੋੜਤਾ ਕੀਤੀ। ਸੂਬਾ ਮੀਟਿੰਗ ਦੇ ਸੱਦੇ ਅਨੁਸਾਰ ਫਿਰਕੂ ਸਦਭਾਵਨਾ ਲਈ 6 ਜਨਵਰੀ ਨੂੰ ਜਲੰਧਰ ਵਿਖੇ ਜ਼ਿਲਾ ਪੱਧਰ ਦੀ ਵਿਸ਼ਾਲ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਵਿਚ 10 ਹਜ਼ਾਰ ਵਿਅਕਤੀ ਸ਼ਾਮਲ ਹੋਣਗੇ।

ਮੀਟਿੰਗ ਵਿਚ ਪੰਜਾਬ ਦੇ ਵਿਗੜ ਰਹੇ ਫਿਰਕੂ ਮਾਹੌਲ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਕੇਂਦਰ ਸਰਕਾਰ ਤੇ ਜ਼ੋਰ ਦਿੱਤਾ ਗਿਆ ਕਿ ਉਹ ਪਹਿਲ ਕਦਮੀ ਕਰਕੇ ਪੰਜਾਬ ਦੇ ਮਸਲੇ ਨੂੰ ਹਲ ਕਰੇ।

## ਨਿੰਦੀ ਫਰਾਰ ਹੋਣ ਤੇ ਚਾਰ ਪੁਲਸਮੈਨ ਮੁਅਤਲ

ਚੰਡੀਗੜ੍ਹ — ਅੰਮ੍ਰਿਤਸਰ ਵਿਚ ਕਥਿਤ ਅੱਤਵਾਦੀ ਅਤੇ ਕੌਮੀ ਸੁਰਖਿਆ ਐਕਟ ਹੇਠ ਨਜ਼ਰਬੰਦ ਨਰਿੰਦਰ ਸਿੰਘ ਨਿੰਦੀ ਦੇ ਫਰਾਰ ਹੋਜਾਣ ਤੇ ਚਾਰ ਪੁਲਸ ਮੁਲਾਜ਼ਮਾਂ ਨੂੰ ਮੁਅਤਲ ਕਰ ਦਿੱਤਾ ਗਿਆ ਹੈ।

ਪੁਲਸ ਸੂਤਰਾਂ ਨਾਲ ਮੁਅਤਲ ਹੋਣ ਵਾਲੇ ਅਜੈਬ ਸਿੰਘ (ਰਿਜ਼ਰਵ ਇੰਨਸਪੈਕਟਰ ਪੁਲਸ ਲਾਈਨ ਪਟਿਆਲਾ), ਸਲਿੰਦਰ ਸਿੰਘ,(ਹੌਲਦਾਰ),ਹਰਨੇਕ ਸਿੰਘ ਤੇ ਅਮਰ ਸਿੰਘ(ਦੋਵੇਂ ਸਿਪਾਹੀ) ਹਨ। ਹੌਲਦਾਰ ਤੇ ਦੋ ਸਿਪਾਹੀ ਨਿੰਦੀ ਤੇ ਇਕ ਹੋਰ ਦੋਸ਼ੀ ਬੂਟਾ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲੈ ਕੇ ਗਏ ਸਨ, ਇੰਨਸਪੈਕਟਰ ਜਿਸ ਨੇ ਪੁਲਸ ਪਾਰਟੀ ਨੂੰ ਭੇਜਿਆ ਸੀ, ਨੂੰ ਅਣਗਹਿਲੀ ਦੇ ਦੋਸ਼ ਵਿਚ ਮੁਅਤਲ ਕੀਤਾ ਗਿਆ ਹੈ।

ਜਦੋਂ ਉਹ ਪਟਿਆਲੇ ਮੁੜਨ ਲਈ ਬੱਸ ਸਟੈਂਡ ਤੇ ਪਹੁੰਚੇ ਤਾਂ ਨਿੰਦੀ ਜਿਸ ਦੇ ਹਥਕੜੀ ਨਹੀਂ ਸੀ ਲੱਗੀ, ਪਿਸ਼ਾਬ ਕਰਨ ਦੇ ਬਹਾਨੇ ਫਰਾਰ ਹੋ ਗਿਆ।

## ਨਿਰੰਕਾਰੀਆਂ ਨਾਲ ਸਮਝੌਤਾ ਨਹੀਂ

ਅੰਮ੍ਰਿਤਸਰ — ਅਕਾਲ ਫੈਡਰੇਸ਼ਨ ਦੇ ਕਨਵੀਨਰ ਸ:ਕੰਵਰ ਸਿੰਘ ਜਨਰਲ ਸੈਕਟਰੀ ਸ.ਮੁਹਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ "ਨਿਰੰਕਾਰੀਆਂ ਨਾਲ ਸਮਝੌਤਾ ਕਿਸੇ ਕੀਮਤ ਤੇ ਨਹੀਂ ਹੋ ਸਕਦਾ। ਕਿਉਂਕਿ ਸਮਝੌਤਾ ਬਰਾਬਰ ਦੀ ਧਿਰ ਨਾਲ ਹੋ ਸਕਦਾ ਹੈ। ਇਹਨਾਂ (ਨਿਰੰਕਾਰੀਆਂ) ਨੂੰ ਕਿਸੇ ਕਿਸਮ ਦੀ ਧਿਰ ਨਹੀਂ ਮੰਨਿਆ ਜਾ ਸਕਦਾ।

ਭਰੋਸੇਯੋਗ ਸੂਤਰਾਂ ਤੋਂ ਪਤਾ ਲਗਿਆ ਹੈ ਕਿ ਉਕਤ ਆਗੂਆਂ ਨੇ 'ਨਿਰੰਕਾਰੀ-ਅਕਾਲੀ' ਝਗੜੇ ਦਾ ਹਲ ਇਕ ਹੀ ਦਸਿਆ ਹੈ ਕਿ ਉਹ (ਨਿਰੰਕਾਰੀ) ਸ੍ਰੀ ਅਕਾਲ ਤਖਤ ਤੇ ਹਾਜ਼ਰ ਹੋ ਕੇ ਭੁਲ ਬਖਸ਼ਾਉਣਅਤੇ ਤਨਖਾਹ ਲਵਾ ਕੇ ਅੰਮ੍ਰਿਤ ਛਕਣ। ਸੂਤਰਾਂ ਅਨੁਸਾਰ ਉਕਤ ਆਗੂਆਂ ਨੇ ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਵਲੋਂ 'ਅਕਾਲੀ-ਨਿਰੰਕਾਰੀ' ਝਗੜੇ ਨੂੰ ਹਲ ਕਰਨ ਲਈ ਬਣਾਈ ਕਮੇਟੀ ਤੇ ਟਿਪਣੀ ਕਰਦਿਆਂ ਕਿਹਾ ਕਿ ਇਹ ਮਾਮਲਾ ਖਾਲਸਾ ਪੰਥ ਦਾ ਹੈ ਕਿਸੇ ਪਾਰਟੀ ਜਾਂ ਵਿਅਕਤੀ ਦਾ ਮਸਲਾ ਨਹੀਂ।

ਏਥੇ ਇਹ ਵਰਨਣਯੋਗ ਹੋਵੇਗਾ ਕਿ 10 ਜੂਨ 1978 ਨੂੰ ਸ੍ਰੀ ਅਕਾਲ ਤਖਤ ਤੋਂ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਜਿਸ ਅਨੁਸਾਰ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰਨਾ ਸੀ।

## "ਤਲਵੰਡੀ ਦਲ ਵੱਖਰੀ ਹੋਂਦ ਕਾਇਮ ਰੱਖੇਗਾ"

ਅੰਮ੍ਰਿਤਸਰ — ਤਲਵੰਡੀ ਅਕਾਲੀ ਦਲ ਦੇ ਚਾਰ ਨੇਤਾਵਾਂ — ਸ੍ਰੀ ਦਰਸ਼ਨ ਸਿੰਘ ਈਸਾਪੁਰ, ਸ੍ਰੀ ਦਿਆਲ ਸਿੰਘ, ਸ੍ਰੀ ਅਰਜਣ ਸਿੰਘ ਬੁਧੀਰਾਜਾ ਅਤੇ ਸ੍ਰੀ ਤਰਲੋਚਨ ਸਿੰਘ ਵਲੋਂ ਜਾਰੀ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਹਨਾਂ ਦਾ ਦਲ ਆਪਣੀ ਵਖਰੀ ਹੋਂਦ ਬਣਾਈ ਰੱਖੇਗਾ ਅਤੇ ਉਹ ਕਿਸੇ ਪਾਰਟੀ ਜਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠਲੇ ਦਲ ਵਿਚ ਸ਼ਾਮਲ ਨਹੀਂ ਹੋਵੇਗਾ।

ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦੇ ਦਲ ਨੇ ਪੰਥਕ ਮੰਗਾਂ ਲਈ ਲੜਨ ਖਾਤਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਚਲਾਏ ਗਏ ਮੋਰਚੇ ਨੂੰ ਸਮਰਥਨ ਦਿੱਤਾ ਹੈ। ਪਰ ਉਸ ਦਲ ਵਿਚ ਸ਼ਾਮਲ ਹੋਣ ਦਾ ਕਦੇ ਵੀ ਫੈਸਲਾ ਨਹੀਂ ਕੀਤਾ।

ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਮੋਰਚੇ ਦੀ ਹਮਾਇਤ ਜਾਰੀ ਰੱਖੇ ਗੀ ਅਤੇ ਸੰਤ ਲੌਂਗੋਵਾਲ ਦੇ ਹਥ ਮਜ਼ਬੂਤ ਕਰਨ ਲਈ ਕੰਮ ਕਰਦੀ ਰਹੇ ਗੀ।

ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਾ ਨੂੰ ਗ੍ਰਿਫਤਾਰੀ ਦੇਣ ਲਈ ਕਹਿਣ ਬਦਲੇ ਸ੍ਰੀ ਸੇਖੀ ਨੂੰ ਪਾਰਟੀ ਵਿਚੋਂ ਹੀ ਕੱਢ ਦੇਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦਾ ਬਿਆਨ ਪੁਲੀਸ ਨੂੰ ਦਰਬਾਰ ਸਾਹਿਬ ਵਿਚ ਸੱਦਾ ਦੇਣ ਦੇ ਤੁੱਲ ਹੈ।

ਤਲਵੰਡੀ ਦਲ ਦੇ ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਪੰਥ ਵਿਚ ਫੁੱਟ ਪਾਉਣ ਦੀ ਇਜਾਜਤ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਹੋਰਨਾਂ ਵਲੋਂ ਪਾਲਸੀ ਬਿਆਨ ਦਿਤੇ ਜਾਣ ਉਤੇ ਰੋਕ ਲਾ ਦੇਣੀ ਚਾਹੀਦੀ ਹੈ।

## ਢਿਲਵਾਂ ਕਾਂਡ ਮੇਰੇ ਲਈ ਅਸਹਿ ਗੱਲ ਸੀ — ਦਰਬਾਰਾ ਸਿੰਘ

ਡੇਰਾ ਬਸੀ — ਪੰਜਾਬ ਦੇ ਸਾਬਕਾ ਮੁੱਖ ਮੰਤ੍ਰੀ ਦਰਬਾਰਾ ਸਿੰਘ ਨੇ ਆਸ ਪ੍ਰਗਟਾਈ ਕਿ ਰਾਸ਼ਟਰਪਤੀ ਰਾਜ ਹੇਠ ਪੰਜਾਬ ਦੇ ਮਸਲੇ ਦਾ ਹੱਲ ਹੋ ਸਕੇਗਾ।

ਉਹ ਸੰਜੇ ਗਾਂਧੀ ਦੇ 37ਵੇਂ ਜਨਮ ਦਿਨ ਦੇ ਸਬੰਧ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਵਲੋਂ ਕਰਵਾਈ ਗਈ 'ਏਕਤਾ ਦਿਵਸ' ਕਾਨਫਰੰਸ ਵਿਚ ਬੋਲ ਰਹੇ ਸਨ ਉਨ੍ਹਾਂ ਕਿਹਾ ਕਿ ਅਕਤੂਬਰ ਵਿਚ ਢਿਲਵਾਂ ਲਾਗੇ ਛੇ ਬੇਗੁਨਾਹ ਮੁਸਾਫਰਾਂ ਦਾ ਕਤਲੇਆਮ ਉਨ੍ਹਾਂ ਲਈ ਸਹਿ ਸਕਣ ਤੋਂ ਬਾਹਰੀ ਗਲ ਸੀ ਜਿਸ ਦੇ ਕਾਰਨ ਉਨ੍ਹਾਂ ਅਸਤੀਫਾ ਦੇ ਦਿੱਤਾ।

ਅਸਤੀਫਾ ਦੇਣ ਮਗਰੋਂ ਆਪਣੀ ਪਹਿਲੀ ਜਨਤਕ ਤਕਰੀਰ ਵਿਚ ਉਨ੍ਹਾਂ ਕਿਹਾ "ਉਸ ਵੇਲੇ ਮੇਰੇ ਸਾਹਮਣੇ ਸਭ ਤੋਂ ਜਰੂਰੀ ਗਲ ਹਿੰਦੂ-ਸਿਖ ਏਕਤਾ ਸੀ ਨਾ ਕਿ ਮੁੱਖ ਮੰਤ੍ਰੀ ਦੇ ਅਹੁਦੇ ਤੇ ਜੰਮੇ ਰਹਿਣ ਦੀ। ਉਨ੍ਹਾਂ ਅਕਾਲੀ ਦਲ ਦੇ ਇਸ ਦੋਸ਼ ਨੂੰ ਗਲਤ ਕਰਾਰ ਦਿੱਤਾ ਕਿ ਪ੍ਰਧਾਨ ਮੰਤ੍ਰੀ ਸ਼੍ਰੀਮਤੀ ਇੰਦਰਾ ਗਾਂਧੀ ਪੰਜਾਬ ਦੇ ਮਸਲੇ ਨੂੰ ਹੱਲ ਨਹੀਂ ਕਰਨਾ ਚਾਹੁੰਦੀ।

## ਪਾਇਲ ਕਤਲ ਕਾਂਡ ਦੀ ਜਾਂਚ ਸੀ.ਆਈ.ਡੀ.ਦੇ ਹਵਾਲੇ ਹੀ ਕੀਤੀ ਜਾਵੇਗੀ

ਲੁਧਿਆਨਾ — ਪਤਾ ਲਗਾ ਹੈ ਕਿ ਪੰਜਾਬ ਦੇ ਬੂਹ ਚਰਚਿਤ "ਪਾਇਲ ਕਤਲ ਕੇਸ' ਦੀ ਜਾਂਚ ਦਾ ਕੰਮ ਹੁਣ ਰਾਜ ਦੇ ਖੁਫੀਆ ਵਿਭਾਗ ਦੇ ਹਵਾਲੇ ਕੀਤਾ ਜਾ ਰਿਹਾ ਹੈ ਕਿਉਂਕਿ ਕੇਂਦਰ ਸਰਕਾਰ ਨੇ ਇਸ ਕਤਲ ਕੇਸ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਰੱਦ ਕਰ ਦਿੱਤੀ ਹੈ।

ਯਾਦ ਰਹੇ ਕਿ ਬੀਤੀ 13-14 ਅਗਸਤ ਦੀ ਰਾਤ ਨੂੰ ਥਾਣਾ ਪਾਇਲ ਦੇ ਪਿੰਡ ਘਲੋਟੀ ਨੇੜੇ ਇਕ ਅਖੌਤੀ ਪੁਲੀਸ ਮੁਕਾਬਲੇ ਵਿਚ ਚਾਰ ਵਿਅਕਤੀ ਮਾਰੇ ਗਏ ਸੀ। ਪੁਲੀਸ ਅਨੁਸਾਰ ਮਿਰਤਕਾਂ ਦਾ ਸਬੰਧ ਕਟਾਨੀ ਕਲਾਂ ਬੈਂਕ ਡਕੈਤੀ ਨਾਲ ਸੀ ਪੁਲੀਸ ਦਾ ਇਹ ਵੀ ਕਹਿਣਾ ਹੈ ਕਿ ਮ੍ਰਿਤਕਾਂ ਦੀ ਕਾਰ ਵਿਚੋਂ ਕੈਂਕ ਦੀਆਂ ਸਲਿਪਾਂ ਵਾਲੇ ਨੋਟਾਂ ਦੇ ਕੁਝ ਬੰਡਲ ਵੀ ਬਰਾਮਦ ਹੋਏ ਸਨ।

ਇਸ ਦੇ ਉਲਟ ਮ੍ਰਿਤਕਾਂ ਦੇ ਸੰਬੰਧੀਆਂ ਨੇ ਇਲਜ਼ਾਮ ਲਾਇਆ ਸੀ ਕਿ ਪੁਲੀਸ ਨੇ ਰਾਜਸੀ ਦਬਾਓ ਹੇਠ ਆਕੇ ਇਕ ਸੋਚੀ ਸਮਝੀ ਯੋਜਨਾ ਹੇਠ ਇਹਨਾ ਨੌਜਵਾਨਾਂ ਨੂੰ ਕਤਲ ਕੀਤਾ। ਇਹਨਾਂ ਵਿਚੋਂ ਇਕ ਦਲੀਪ ਸਿੰਘ ਜੋ ਕਿ ਕਿਸੇ ਇਲਜ਼ਾਮ ਹੇਠ ਸਜ਼ਾ ਭੁਗਤ ਰਿਹਾ ਸੀ ਤੇ ਉਸ ਵੇਲੇ ਪੈਰੋਲ ਤੇ ਆਇਆ ਹੋਇਆ ਸੀ ਤੋਂ ਇਲਾਵਾ ਬਾਕੀ ਦੇ ਤਿੰਨ ਨੌਜਵਾਨ ਰਾਜ ਮਾਨਮੇਲ ਸਿੰਘ ਨਿਰਮਲ ਸਿੰਘ ਤੇ ਗੁਰਜੀਤ ਸਿੰਘ ਖਾਂਦੇ ਪੀਂਦੇ ਘਰਾਂ ਨਾਲ ਸਬੰਧਤ ਸਨ।

ਮ੍ਰਿਤਕ ਰਾਜ ਅਨਮੋਲ ਸਿੰਘ ਦੀ ਮਾਂ ਰਣਜੀਤ ਕੌਰ ਦੀ ਸ਼ਕਾਇਤ ਤੇ ਖੁਫੀਆ ਵਿਭਾਗ ਦੀ ਮੁਢਲੀ ਜਾਂਚ ਦੇ ਆਧਾਰ ਤੇ ਇਸ ਸਬੰਧ ਵਿਚ ਥਾਣਾ ਪਾਇਲ ਦੇ ਸਟਾਫ ਅਤੇ ਕੁਝ ਹੋਰ ਅਧਿਕਾਰੀਆਂ ਵਿਰੁਧ ਮੁਕਦਮਾਂ ਦਰਜ ਹੋਇਆ। ਇਸ ਰਿਪੋਰਟ ਵਿਚ ਪੰਜਾਬ ਦੇ ਉਸ ਵੇਲੇ ਦੇ ਲੋਕ ਉਸਾਰੀ ਮੰਤਰੀ ਬੇਅੰਤ ਸਿੰਘ ਦਾ ਨਾਂ ਵੀ ਸ਼ਾਮਲ ਸੀ ਜਹਿੜੇ ਕਿ ਇਸ ਹਲਕੇ ਦੀ ਰਹਿਨਮਾਈ ਕਰਦੇ ਹਨ ਪਰ ਬਾਅਦ ਵਿਚ ਕਰਵਾਈ ਗਈ ਜਾਂਚ ਦੇ ਆਧਾਰ ਤੇ ਉਨ੍ਹਾਂ ਨੂੰ ਪੰਜਾਬ ਦਾ ਸਾਬਕਾ ਮੁੱਖਮੰਤਰੀ ਦਰਬਾਰਾ ਸਿੰਘ ਨੇ ਬੇਕਸੂਰ ਕਰਾਰ ਦਿੱਤਾ ਸੀ ਇਸ ਦੇ ਵਿਰੁਧ ਰੋਸ ਪ੍ਰਗਟ ਕਰਦੇ ਹੋਏ ਮ੍ਰਿਤਕਾਂ ਦੇ ਸੰਬਧੀਆਂ ਨੇ ਦਿੱਲੀ ਵਿਖੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨਾਲ ਮੁਲਾਕਾਤ ਕਰਕੇ ਇਸ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ ਉਸ ਵੇਲੇ ਕੁਝ ਅਜੇਹੇ ਸੰਕੇਤ ਮਿਲੇ ਸਨ ਕਿ ਇਸ ਕੇਸ ਦੀ ਜਾਂਚ ਦਾ ਕੰਮ ਛੇਤੀ ਹੀ ਸੀ.ਬੀ.ਆਈ. ਹਵਾਲੇ ਕਰ ਦਿੱਤਾ ਜਾਏਗਾ। ਹੁਣ ਪਤਾ ਲੱਗਾ ਹੈ ਕੇਂਦਰ ਸਰਕਾਰ ਨੇ ਇਸ ਮੰਗ ਨੂੰ ਨਾ ਮਨਜੂਰ ਕਰਦੇ ਹੋਏ ਇਸ ਕਤਲ ਕੇਸ ਦੀ ਜਾਂਚ ਦਾ ਕੰਮ ਰਾਜ ਦੇ ਖੁਫੀਆ ਵਿਭਾਗ ਹਵਾਲੇ ਕਰਨ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤਵਾਦੀਆਂ ਨੂੰ ਮਾਲੀ ਅਤੇ ਹਥਿਆਰਾਂ ਦੀ ਮਦਦ ਦੇ ਰਿਹਾ ਹੈਅਤੇ ਚੀਨ ਅਤੇ ਅਮਰੀਕਾ ਭਾਰਤ ਦੀਆਂ ਵੰਡੀਆਂ ਪਾਉਣ ਤੇ ਤੁਲੇ ਹੋਏ ਹਨ।

# ਭਾਰਤ ਦਰਪਣ

## ਜਾਸੂਸੀ ਜਾਲ ਦਾ ਇਕ ਆਦਮੀ ਸਵਰਾਜ ਦਾ ਏਜੰਟ

ਨਵੀਂ ਦਿੱਲੀ — ਜਸਪਾਲ ਸਿੰਘ ਗਿਲ, ਜੋ ਕਿ ਸੁੰਦਰ ਨਗਰ ਦਾ ਇਕ ਵਪਾਰੀ ਹੈ ਅਤੇ ਸੀ.ਆਈ.ਏ. ਨੂੰ ਭਾਰਤ ਦੇ ਗੁਪਤ ਰਖਿਆ ਭੇਤ ਦੇਣ ਦੇ ਦੋਸ਼ ਹੇਠ ਤਿੰਨ ਹੋਰ ਸੀਨੀਅਰ ਰੀਟਾਇਰਡ ਮਿਲਟਰੀ ਅਫਸਰਾਂ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ ਉਹ 1976 ਵਿਚ ਸਵਿਟਜ਼ਰਲੈਂਡ ਦੀ ਇਕ ਫਰਮ ਨਾਲ ਕਰੋੜਾ ਰੁਪੈ ਦੇ ਖੰਡ ਦੇ ਸੌਦੇ ਵਿਚ ਸ਼ਾਮਲ ਸੀ।

ਸਵਿਟਜ਼ਰ ਲੈਂਡ ਦੀ ਇਸ ਫਰਮ ਨੇ ਭਾਰਤੀ ਖੰਡ ਮੰਗਵਾਉਣ ਲਈ ਸਟੇਟ ਟਰੇਡਿੰਗ ਕਾਰਪੋਰੇਸ਼ਨ ਨਾਲ ਇਕ ਸੌਦਾ ਕੀਤਾ ਸੀ। ਸਵਿਟਜ਼ਰਲੈਂਡ ਦੀ ਇਹ ਫਰਮ (ਨੌਗਾ) ਨੇ ਕੋਮਾਂਤਰੀ ਮੰਡੀ ਵਿਚ ਖੰਡ ਦੀ ਕੀਮਤ ਡਿਗ ਜਾਣ ਨਾਲ ਇਹ ਸੌਦਾ ਪੂਰਾ ਨਹੀਂ ਕੀਤਾ ਸੀ।

ਇਸ ਲਈ ਸਟੇਟ ਟਰੇਡਿੰਗ ਕਾਰਪੋਰੇਸ਼ਨ (ਐਸ.ਟੀ.ਸੀ.) ਨੇ ਨੌਗਾ ਦੇ ਖਿਲਾਫ ਮੁਆਵਜ਼ੇ ਦਾ ਦਾਅਵਾ ਕੀਤਾ ਸੀ। ਇੰਗਲੈਂਡ ਵਿਚ ਰਹਿ ਰਿਹਾ ਵਾਦ ਵਿਵਾਦ ਵਾਲਾ ਭਾਰਤੀ ਵਪਾਰੀ ਸਵਰਾਜ ਪਾਲ ਵੀ ਇਸ ਸੌਦੇ ਵਿਚ ਸ਼ਾਮਲ ਦਸਿਆ ਜਾਂਦਾ ਹੈ। ਇਸ ਸੌਦੇ ਵਿਚ ਜਸਪਾਲ ਸਿੰਘ ਇਕ ਏਜੰਟ ਸੀ ਪਰ ਇਹ ਦਾਅਵੇ ਦਾ ਕੇਸ ਕੇਂਦਰ ਵਿਚ ਜਨਤਾ ਸਰਕਾਰ ਦੇ ਡਿਗਣ ਤੋਂ ਬਾਅਦ ਵਾਪਸ ਲੈ ਲਿਆ ਗਿਆ।

ਇੰਟੈਲੀਜੈਂਸ ਬਿਊਰੋ (ਆਈ.ਬੀ.) ਸ੍ਰੀ ਗਿਲ ਦੀ ਫਰਮ ਐਮ ਜੀ ਇੰਟਰਨੈਸ਼ਨਲ ਦੀਆਂ ਸਰਗਰਮੀਆਂ ਦੀ ਪੜਤਾਲ ਕਰ ਰਹੀ ਹੈ ਜੋ ਕਿ ਪੱਛਮੀ ਦੇਸ਼ਾਂ ਦੀਆਂ ਹਥਿਆਰ ਸਪਲਾਈ ਕਰਨ ਵਾਲੀਆਂ ਮੁਖ ਕੰਪਨੀਆਂ ਨਾਲ ਸਬੰਧਤ ਦੱਸੀ ਜਾਂਦੀ ਹੈ।

ਇਸ ਸਮੇਂ ਇਹ ਵੀ ਪਤਾ ਲਗਾ ਹੈ ਕਿ ਅਗਲੇ ਕੁਝ ਦਿਨਾਂ ਵਿਚ ਕੁਝ ਹੋਰ ਉਚੇ ਅਹੁਦੇ ਵਾਲੇ ਫੌਜੀ ਅਫਸਰਾਂ ਦੀ ਗ੍ਰਿਫਤਾਰੀ ਕੀਤੀ ਜਾ ਰਹੀ ਹੈ। ਇਕ ਸੀਨੀਅਰ ਸਰਵਿੰਗ ਆਰਮੀ ਬਰਗੇਡੀਅਰ ਰੀਟਾਇਰਡ ਫੌਜੀ ਅਫਸਰ ਮੇਜਰ ਜਨਰਲ ਫਰੈਂਕ ਡੀ.ਲਾਰਕਿੰਨਜ਼ ਨਾਲ ਸਬੰਧਤ ਹੋਣ ਕਰਕੇ ਉਸ ਤੋਂ ਵੀ ਪੁਛ ਪੜਤਾਲ ਕੀਤੀ ਜਾ ਰਹੀ ਹੈ। ਸਭ ਤੋਂ ਪਹਿਲਾਂ ਸੀ.ਆਈ.ਏ. ਨੇ ਡੀ.ਲਾਰਕਿੰਨਜ਼ ਨੂੰ ਜਾਸੂਸੀ ਕੰਮ ਲਈ ਆਪਣੇ ਹੱਥਾਂ ਵਿਚ ਲਿਆ ਸੀ।

ਇਸ ਗਲ ਦੀ ਖੋਜ ਕੀਤੀ ਜਾ ਰਹੀ ਹੈ ਕਿ ਮੇਜਰ ਜਨਰਲ ਡੀ.ਲਾਰਕਿੰਨਜ਼ ਨੇ ਉਹਨਾਂ ਅਹਿਮ ਖੇਤਰਾਂ ਬਾਰੇ ਜਾਇਜੇ ਕਿਥੋਂ ਤੇ ਕਿਵੇਂ ਲਏ ਜੋ ਕਿ ਬਾਹਰੋਂ ਆਉਣ ਵਾਲਿਆਂ ਲਈ ਦੇਖੇ ਜਾਣੇ ਮਨ੍ਹਾਂ ਹਨ। ਜਾਂਚ ਪੜਤਾਲ ਕਰਨ ਵਾਲੇ ਅਧਿਕਾਰੀ ਇਕ ਲੇਡੀ ਮੁਲਾਜ਼ਮ ਤੋਂ ਵੀ ਪੁਛ ਗਿੱਛ ਕਰ ਰਹੇ ਹਨ।

ਆਈ.ਬੀ. ਦੇ ਭਰੋਸੇਯੋਗ ਸੂਤਰਾਂ ਦਾ ਕਿਹਣਾ ਹੈ ਕਿ ਉਕਤ ਬਰੀਗੇਡੀਅਰ ਨੂੰ ਆਪਣੇ ਸਟੇਸ਼ਨ ਤੋਂ ਬਾਹਰ ਨਾ ਜਾਣ ਲਈ ਕਿਹਾ ਗਿਆ ਹੈ ਅਤੇ ਉਸ ਉਤੇ 24 ਘੰਟੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।

ਰੀਟਾਇਰ ਹੋਣ ਤੋਂ ਦੋ ਸਾਲ ਪਹਿਲਾਂ ਏਅਰ ਵਾਈਸ ਮਾਰਸ਼ਲ ਕੈਨੇਥ ਐਚ. ਲਾਰਕਿੰਨਜ਼ ਦੁਆਰਾ ਜਿਨ੍ਹਾਂ ਅਹੁਦਿਆਂ ਉਤੇ ਕੰਮ ਕੀਤਾ ਗਿਆ ਸੀ ਉਨ੍ਹਾਂ ਬਾਰੇ ਇਕ ਜਾਇਜ਼ਾ ਤਿਆਰ ਕੀਤਾ ਗਿਆ ਹੈ। ਸਭ ਤੋਂ ਅੰਤਮ ਅਹੁਦਾ ਉਹਨਾਂ ਜੰਮੂ ਕਸ਼ਮੀਰ ਵਿਚ ਇਕ ਹਵਾਈ ਅੱਡੇ ਉਤੇ ਅਫਸਰ ਕਮਾਂਡਿੰਗ ਦਾ ਸਾਂਭਿਆ ਸੀ।

ਇਸੇ ਤਰ੍ਹਾਂ ਲੈਫਟੀਨੈਂਟ ਕਰਨਲ ਜਸਵੀਰ ਸਿੰਘ (ਰੀਟਾਇਰਡ) ਬਾਰੇ ਵੀ ਵਿਸਥਾਰ ਵਿਚ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਜੋ ਕਿ ਜਾਸੂਸੀ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ।

f ਇਸ ਜਾਸੂਸੀ ਜਾਲ ਨੇ ਬਹੁਤੀ ਜਾਣਕਾਰੀ ਗੁਪਤ ਹਵਾਈ ਅਭਿਆਸਾਂ ਬਾਰੇ ਲਈ ਜਿਸ ਵਿਚ ਲੜਾਕੇ ਹਵਾਈ ਜਹਾਜ਼ ਅਤੇ ਮਿਜ਼ਾਈਲਾਂ ਵਾਲੇ ਹੈਲੀਕੌਪਟਰ ਭਾਗ ਲੈਂਦੇ ਸਨ।

ਜਾਂਚ ਪੜਤਾਲ ਕਰਨ ਵਾਲੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਲਾਰਕਿੰਨਜ਼ ਭਾਈਆਂ ਨੇ ਆਸਟਰੇਲੀਆ ਵਿਚ ਜਾ ਵਸਣ ਲਈ ਸਭ ਪ੍ਰਬੰਧ ਮੁਕਮਲ ਕਰ ਲਏ ਸਨ। ਜਦ ਕਿ ਉਹ ਨਵੀਂ ਦਿੱਲੀ ਅਤੇ ਲੱਖਨਊ ਵਿਚ ਇਕੋ ਸਮੇਂ ਮਾਰੇ ਛਾਪਿਆਂ ਵਿਚ ਗ੍ਰਿਫਤਾਰ ਕਰ ਲਏ ਗਏ।

ਸੀ.ਐਨ.ਐਸ. ਦੀ ਇਕ ਰੀਪੋਰਟ ਮੁਤਾਬਕ ਇਹ ਜਾਸੂਸੀ ਜਾਲ ਬੜੇ ਲੰਮੇ ਸਮੇਂ ਤੋਂ ਕੰਮ ਕਰ ਰਿਹਾ ਹੈ। ਗ੍ਰਿਫਤਾਰ ਕੀਤੇ ਗਏ ਅਫਸਰਾਂ ਤੋਂ ਇਲਾਵਾ ਤਿੰਨ ਸੈਨਾਵਾਂ ਵਿਚ ਲਗਭਗ ਛੇ ਅਧਿਕਾਰੀ ਇਸ ਕੰਮ ਵਿਚ ਸ਼ਾਮਲ ਹਨ ਜਿਨਾਂ ਦੇ ਨਾਵਾਂ ਦਾ ਸਰਕਾਰ ਨੇ ਹਾਲਾਂ ਤਾਈਂ ਪਰਦਾ ਫਾਸ਼ ਨਹੀਂ ਕੀਤਾ।

## ਰਾਜ ਸਭਾ ਵਲੋਂ ਭਿੰਡਰਾਂਵਾਲੇ ਵਿਰੁਧ ਸਖਤੀ ਦੀ ਫੇਰ ਮੰਗ

ਨਵੀਂ ਦਿੱਲੀ — ਵਿੱਤ ਮੰਤਰੀ ਪ੍ਰਣਾਬ ਮੁਕਰਜੀ ਨੇ ਅੱਜ ਰਾਜ ਸਭਾ ਨੂੰ ਯਕੀਨ ਦਵਾਇਆ ਕਿ ਸਰਕਾਰ ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਨੂੰ ਸਿੱਖ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਮਿਲੀਆਂ ਧਮਕੀਆਂ ਨੂੰ ਧਿਆਨ ਵਿਚ ਰਖਦੇ ਹੋਏ ਉਹਨਾਂ ਦੇ ਪੂਰਨ ਬਚਾਓ ਅਤੇ ਸੁਰਖਿਆ ਲਈ ਹਰ ਸੰਭਵ ਕਦਮ ਚੁਕੇ ਗੀ।

ਜਦੋਂ ਸਭਾ ਵਿਚ ਸਾਰੀਆਂ ਧਿਰਾਂ ਵਲੋਂ ਸੰਤ ਭਿੰਡਰਾਂਵਾਲੇ ਦੀਆਂ ਕਤਲੋਗਾਰਤ ਦੀਆਂ ਵਹਿਸ਼ੀਆਨਾ ਕਾਰਵਾਈਆਂ ਵਿਰੁਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਤਾਂ ਵਿੱਤ ਮੰਤਰੀ ਨੇ ਜਿਹੜੇ ਕਿ ਹਾਊਸ ਦੇ ਆਗੂ ਵੀ ਹਨ ਨੇ ਕਿਹਾ "ਅਸੀਂ ਪੰਜਾਬ ਦਾ ਮਸਲਾ ਹਲ ਕਰਨ ਦੇ ਯਤਨ ਕਰ ਰਹੇ ਹਾਂ, ਅਤੇ ਸਰਕਾਰ ਸਪੀਕਰ ਦੀ ਪੱਧਰ ਦੇ ਮਤੇ ਹੋਰ ਵਿਅਕਤੀਆਂ ਦੀ ਜਾਨ ਨੂੰ ਖਤਰੇ ਵਿਰੁਧ ਸੁਰਖਿਆ ਕਦਮ ਚੁਕਣ ਵਿਚ ਕੋਈ ਹਿਚਕਚਾਹਟ ਨਹੀਂ ਵਿਖਾਏਗੀ।

ਇਸ ਤੋਂ ਪਹਿਲਾਂ ਹਾਊਸ ਵਿਚ ਲਗਪਗ ਸਾਰੇ ਮੈਂਬਰਾਂ ਨੇ ਅਖਬਾਰਾਂ ਵਿਚ ਛਪੀਆਂ ਉਹਨਾਂ ਰੀਪੋਰਟਾਂ ਉਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਜਿਨਾਂ ਵਿਚ ਅਤਵਾਦੀਆਂ ਦੀ ਤਾਜ਼ਾ ਕਤਲ ਸੂਚੀ ਉਤੇ ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਦਾ ਨਾਂਅ ਵੀ ਸ਼ਾਮਲ ਸੀ, ਮੈਂਬਰ ਸੰਤ ਭਿੰਡਰਾਂਵਾਲੇ ਵਿਰੁਧ ਸਖਤ ਅਤੇ ਫੌਰੀ ਕਾਰਵਾਈ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਇਹ ਮਾਮਲਾ ਬਹੁਤ ਗੰਭੀਰ ਹੈ ਅਤੇ ਇਸ ਵਿਚ ਕੋਈ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ। ਮੈਂਬਰਾਂ ਨੇ ਪੁਛਿਆ ਕਿ ਜੇਕਰ ਸਪੀਕਰ ਦੀ ਜਾਨ ਹੀ ਸੁਰਖਿਅਤ ਨਹੀਂ ਹੈ ਤਾਂ ਆਮ ਆਦਮੀ ਦਾ ਕੀ ਬਣੇਗਾ?

ਸੁਆਲਾਂ ਦੇ ਸਮੇਂ ਤੋਂ ਤੁਰੰਤ ਬਾਅਦ ਕਾਂਗਰਸ(ਸ) ਦੇ ਸ੍ਰੀ ਏ ਜੀ ਕੁਲਕਰਨੀ ਨੇ ਮਾਮਲਾ ਉਠਾਇਆ ਅਤੇ ਕਿਹਾ ਕਿ "ਤੁਸੀਂ ਬਲਦ ਨੂੰ ਉਹਦੇ ਸਿੰਗਾਂ ਤੋਂ ਕਿਉਂ ਨਹੀਂ ਫੜਦੇ", ਬਹੁਤ ਸਾਰੇ ਹੋਰ ਮੈਂਬਰਾਂ ਨੇ ਜਿਨਾਂ ਵਿਚ ਭਾਜਪਾ ਦੇ ਲਾਲ ਕ੍ਰਿਸ਼ਨ ਅਡਵਾਨੀ, ਲੋਕ ਦਲ ਦੇ ਸਤਪਾਲ ਮਲਿਕ, ਆਰ.ਐਸ.ਪੀ. ਦੇ ਪ੍ਰੋ: ਐਸ.ਭੱਟਾਚਾਰਜੀ, ਮਾਰਕਸੀ ਪਾਰਟੀ ਦੇ ਕੇ.ਮੋਹਨਨ ਅਤੇ ਜਨਤਾ ਪਾਰਟੀ ਤੇ ਲਾਡਲੀ ਮੋਹਨ ਨਿਗਮ ਸ਼ਾਮਲ ਹਨ ਨੇ ਮੰਗ ਕੀਤੀ ਕਿ ਸਰਕਾਰ ਇਸ ਗਲ ਦਾ ਸਪੱਸ਼ਟ ਐਲਾਨ ਕਰੇ ਕਿ ਉਹ ਸੰਤ ਭਿੰਡਰਾਂਵਾਲੇ ਵਿਰੁਧ ਕੀ ਕਾਰਵਾਈ ਕਰ ਰਹੀ ਹੈਅਤੇ ਇਸ ਕਾਰਵਾਈ ਬਾਰੇ ਐਲਾਨ ਕਰਨ ਤੋਂ ਹਿਚਕਚਾ ਕਿਉਂ ਰਹੀ ਹੈ। ਉਨ੍ਹਾਂ ਕਿਹਾ ਸਰਕਾਰ ਨੂੰ ਭਿੰਡਰਾਂਵਾਲੇ ਪ੍ਰਤੀ ਕਿਸੇ ਕਿਸਮ ਦੀ ਨਰਮੀ ਨਹੀਂ ਵਿਖਾਲਣੀ ਚਾਹੀਦੀ।

ਡਿਪਟੀ ਚੇਅਰਮੈਨ ਸ਼ਾਮ ਲਾਲ ਯਾਦਵ ਨੇ ਕਿਹਾ ਕਿ ਉਹ ਹਾਊਸ ਦੇ ਮੈਂਬਰਾਂ ਵਲੋਂ ਪ੍ਰਗਟਾਈ ਡੂੰਘੀ ਚਿੰਤਾ ਵਿਚ ਸ਼ਰੀਕ ਹਨ ਅਤੇ ਸਰਕਾਰ ਨੂੰ ਸ੍ਰੀ ਜਾਖੜ ਦੀ ਸੁਰਖਿਆ ਲਈ ਹਰ ਸੰਭਵ ਕਦਮ ਚੁਕਣ ਲਈ ਕਹਿ ਰਹੇ ਹਨ। ਉਨ੍ਹਾਂ ਕਿਹਾ ਕਿ ਸਿਰਫ ਸ੍ਰੀ ਜਾਖੜ ਦੀ ਸੁਰਖਿਆ ਦਾ ਸੁਆਲ ਨਹੀਂ ਹੈ ਇਹ ਤਾਂ ਇਸ ਸੰਸਥਾ ਨੂੰ ਧਮਕੀ ਹੈ ਜਿਸਦੇ ਕਿ ਉਹ ਸਪੀਕਰ ਹਨ।

ਵਿਤ ਮੰਤਰੀ ਨੇ ਆਪਣਾ ਭਾਸ਼ਨ ਜਾਰੀ ਰਖਦਿਆਂ ਅੱਗੇ ਕਿਹਾ ਕਿ ਇਹ ਬਹੁਤ ਮੰਦ ਭਾਗੀ ਗਲ ਹੈ ਕਿ ਪੰਜਾਬ ਵਿਚ ਕੁਝ ਲੋਕ 'ਹਿੰਸਾਤਮਕ ਸਭਿਆਚਾਰ' ਨੂੰ ਹੀ ਅਪਨਾਈ ਜਾ ਰਹੇ ਹਨ, ਫਿਰਕੂ ਅੰਸ਼ਹਿੰਸਾ ਵਖਵਾਦੀ ਝੁਕਾਵਾਂ ਅਤੇ ਦੇਸ਼ ਦੀ ਸੁਰਖਿਆ ਨੂੰ ਖਤਰੇ ਵਿਚ ਵਾਧਾ ਕਰ ਰਹੇ ਹਨ। ਉਹਨਾ ਕਿਹਾ ਸਰਕਾਰ ਇਸ ਸਭ ਕੁਝ ਬਾਰੇ ਚੌਕਸ ਹੈ ਅਤੇ ਇਸ ਨੂੰ ਠੱਲਣ ਲਈ ਹਰ ਸੰਭਵ ਯਤਨ ਕਰੇਗੀ।

ਸ੍ਰੀ ਅਡਵਾਨੀ ਨੇ ਪੁਲਸ ਹਿਰਾਸਤ ਵਿਚੋਂ ਭੱਜੇ ਇਕ ਅੱਤਵਾਦੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿ ਅੱਤਵਾਦੀਆਂ ਨੂੰ ਕਾਬੂ ਕਰਨਾ ਔਖਾ ਜਾਪਦਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿਚ ਤਾਇਨਾਤ ਕੀਤੀ ਗਈ ਸਾਰੀ ਪੁਲੀਸ ਓਵਰਹਾਲ ਹੋਣੀ ਚਾਹੀਦੀ ਹੈ।

---

ਰਾਤ ਕੋ ਵਕਤ ਬਲਾਏਂ ਭੀ ਫਿਰਾ ਕਰਤੀ ਹੈਂ
ਘਰ ਕਾ ਦਰਵਾਜ਼ਾ ਹਰ ਆਵਾਜ਼ ਪੇ ਖੋਲਾ ਨ ਕਰੋ

ਕੀਜੀਏ ਖੁਦ ਹੀ ਤਬਸਰਾ ਖੁਦ ਪਰ
ਆਈਨਾ ਆਪ ਕੇ ਮੁਕਾਬਲ ਹੈ

---

## ਏਅਰ ਇੰਡੀਆ ਨੇ 152 ਤੋਂ ਵਧ ਕਰੋੜਾਂ ਦੀ ਮੁਦਰਾ ਕਮਾਈ

ਨਵੀਂ ਦਿੱਲੀ — ਸੈਰ ਸਪਾਟਾ ਅਤੇ ਸ਼ਹਿਰੀ ਹਵਾਬਾਜ਼ੀ ਬਾਰੇ ਰਾਜ ਮੰਤਰੀ ਸ੍ਰੀ ਖੁਰਸ਼ੀਦ ਆਲਮ ਖਾਨ ਨੇ ਰਾਜ ਸਭਾ ਵਿਚ ਸ੍ਰੀਕਾਂਤ ਵਲੋਂ ਉਠਾਏ ਗਏ ਇਕ ਸੁਆਲ ਦੇ ਜਵਾਬ ਵਿਚ ਦੱਸਿਆ ਕਿ ਏਅਰ ਇੰਡੀਆ ਵਲੋਂ ਸਾਲ 1982-83 ਦੌਰਾਨ 152.75 ਕਰੋੜ ਰੁਪੈ ਦੀ ਵਿਦੇਸ਼ੀ ਮੁਦਰਾ ਕਮਾਈ ਗਈ। ਮੰਤਰੀ ਨੇ ਦੱਸਿਆ ਕਿ ਅਨੁਮਾਨ ਮੁਤਾਬਕ ਚਾਲੂ ਮਾਲੀ ਵਰ੍ਹੇ ਦੌਰਾਨ ਏਅਰ ਇੰਡੀਆ 190 ਕਰੋੜ ਰੁਪੈ ਦੀ ਵਿਦੇਸ਼ੀ ਮੁਦਰਾ ਕਮਾਏਗੀ। ਸ੍ਰੀ ਰਾਮ ਨਰਾਇਣ ਯਾਦਵ ਵਲੋਂ ਉਠਾਏ ਇਕ ਹੋਰ ਸੁਆਲ ਦੇ ਜਵਾਬ ਵਿਚ ਸ੍ਰੀ ਖੁਰਸ਼ੀਦ ਆਲਮ ਖਾਨ ਨੇ ਦਸਿਆਕਿ 30 ਨਵੰਬਰ 1983 ਤਕ ਭਾਰਤ ਸਰਕਾਰ ਏਅਰ ਇੰਡੀਆ ਵਿਚ 148.73 ਕਰੋੜ ਰੁਪੈ ਅਤੇ ਇੰਡੀਅਨ ਏਅਰ ਲਾਈਨਜ਼ ਵਿਚ 100.08 ਕਰੋੜ ਰੁਪੈ ਦਾ ਸਰਮਾਇਆ ਲਗਾ ਚੁਕੀ ਹੈ। ਮੰਤਰੀ ਨੇ ਹੋਰ ਦਸਿਆ ਕਿ ਏਅਰ ਇੰਡੀਆ ਨੇ 1982-83 ਤਕ ਕੁਲ ਮਿਲਾ ਕੇ 11.3 ਕਰੋੜ ਰੁਪੈ ਦਾ ਅਤੇ ਇੰਡੀਅਨ ਏਅਰ ਲਾਈਨਜ਼ ਨੇ 81.65 ਕਰੋੜ ਰੁਪੈ ਦਾ ਲਾਭ ਕਮਾਇਆ ਹੈ।

## ਫਰਵਰੀ 84 ਤੋਂ ਮਾਰੂਤੀ ਕਾਰਾਂ ਦੀ ਬੁਕਿੰਗ — ਤਿਵਾੜੀ

ਨਵੀਂ ਦਿੱਲੀ — ਸਨਅਤ ਮੰਤਰੀ ਸ੍ਰੀ ਐਨ.ਡੀ.ਤਿਵਾੜੀ ਨੇ ਲੋਕ ਸਭਾ ਵਿਚ ਦਸਿਆ ਕਿ ਮਾਰੂਤੀ ਕਾਰਾਂ ਦੀ ਬੁਕਿੰਗ ਫਰਵਰੀ 1984 ਵਿਚ ਸ਼ੁਰੂ ਹੋਵੇਗੀ।

ਸ੍ਰੀ ਓਮਨਾਥ ਚੈਟਰਜੀ ਦੇ ਇਕ ਸਵਾਲ ਦੇ ਜਵਾਬ ਵਿਚ ਕਿ ਮਾਰੂਤੀ ਵਲੋਂ ਸ਼ਾਹਾਨਾ ਕਾਰਾਂ ਦਾ ਨਿਰਮਾਣ ਮਾਰਚ 1986 ਤੋਂ ਕੀਤਾ ਜਾਏਗਾ ਅਤੇ ਇਸ ਕਾਰ ਦੀ ਕੀਮਤ 70 ਹਜ਼ਾਰ ਤੋਂ 75 ਹਜ਼ਾਰ ਦੇ ਦਰਮਿਆਨ ਰਖੀ ਗਈ ਹੈ। ਇਹ ਸ਼ਾਹਾਨਾ ਕਾਰ ਏਅਰ ਕੰਡੀਸ਼ੰਡ ਹੋਵੇਗੀ ਅਤੇ ਇਸ ਵਿਚ ਕੈਸਟ ਰਿਕਾਰਡਿੰਗ ਸਿਸਟਮ ਵੀ ਹੋਵੇਗਾ।

## ਭਾਰਤੀ ਵਿਗਆਨੀਆਂ ਦਾ ਸਵਾਗਤ ਕੀਤਾ ਜਾਵੇਗਾ —ਇੰਦਰਾ ਗਾਂਧੀ

ਨਵੀਂ ਦਿੱਲੀ — ਲੋਕ ਸਭਾ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਵਿਗਿਆਨੀ ਤੇ ਟੈਕਨਾਲੋਜਿਸਟ ਜੇ ਕਰ ਦੇਸ਼ ਵਿਚ ਵਾਪਸ ਆਉਣਾ ਚਾਹੁਣ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ ਪਰ ਇਹ ਯਕੀਨੀ ਬਣਾਇਆ ਜਾਵੇ ਕਿ ਜੋ ਭਾਰਤ ਵਿਚ ਹੀ ਰਹਿ ਗਏ ਹਨ ਉਹ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਨਾ ਬਣਨ। ਪ੍ਰਧਾਨ ਮੰਤ੍ਰੀ ਨੇ ਕਿਹਾ ਕਿ ਵਾਪਸ ਆਉਣ ਵਾਲੇ ਭਾਰਤੀ ਵਿਗਿਆਨੀ ਇਸ ਢੰਗ ਨਾਲ ਕੰਮ ਕਰਨ ਕਿ ਭਾਰਤ ਵਿਚ ਰਹਿ ਗਏ ਵਿਗਿਆਨੀਆਂ ਦੀਆਂ ਭਾਵਨਾਵਾਂ ਤੇ ਸੱਟ ਨ ਵਜੇ। ਭਾਰਤ ਨੂੰ ਨਵੀਨ ਟੈਕਨਾਲੋਜੀ ਦੀ ਲੋੜ ਹੈ ਕਈ ਵੇਰ ਸਾਨੂੰ ਇਸ ਮੰਤਵ ਲਈ ਇਹ ਵਿਦੇਸ਼ਾਂ ਤੋਂ ਪ੍ਰਾਪਤ ਕਰਨੀ ਪੈਂਦੀ ਹੈ। ਪ੍ਰੰਤੂ ਜੇ ਕਰ ਭਾਰਤੀ ਵਿਗਿਆਨੀਆਂ ਤੋਂ ਇਹੋ ਕੁਝ ਪ੍ਰਾਪਤ ਹੋ ਜਾਵੇ ਤਾਂ ਸਾਨੂੰ ਕੋਈ ਮੁਸ਼ਕਲ ਨਹੀਂ ਆਏਗੀ।

## ਪੰਜਾਬੀ ਮਤਭੇਦ ਭੁਲਾਕੇ ਪੰਜਾਬੀਅਤ ਦੇ ਵਿਕਾਸ ਲਈ ਕੰਮ ਕਰਨ — ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ

ਨਵੀਂ ਦਿੱਲੀ — ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਸਾਰੇ ਪੰਜਾਬੀਆਂ ਨੂੰ ਧਰਮ ਅਤੇ ਭਾਸ਼ਾ ਦੇ ਨਾਂਅ ਤੇ ਆਪਣੇ ਮਤਭੇਦ ਭੁਲਾ ਕੇ ਪੰਜਾਬੀਅਤ ਦੇ ਵਿਕਾਸ ਅਤੇ ਸਤਿਕਾਰ ਲਈ ਇਕ ਪਲੈਟ ਫਾਰਮ ਤੇ ਕੰਮ ਕਰਨ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਸਾਰੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਇਕਠਿਆਂ ਕੰਮ ਕਰਨਾ ਚਾਹੀਦਾ ਹੈ

## ਸਾਬਕ ਫੌਜੀਆਂ ਦੇ ਮਸਲੇ ਵਿਚਾਰਨ ਲਈ ਕਮੇਟੀ

ਕਲਕੱਤਾ — ਕੇਂਦਰ ਨੇ ਸਾਬਕ ਫੌਜੀਆਂ ਨੂੰ ਮੁੜ ਵਸਾਉਣ ਅਤੇ ਨੌਕਰੀਆਂ ਦਿਵਾਉਣ ਸਬੰਧੀ ਸਾਰੇ ਮਾਮਲਿਆਂ ਉਤੇ ਵਿਚਾਰ ਕਰਨ ਲਈ ਇਕ ਉਚ ਪੱਧਰੀ ਕਮੇਟੀ ਬਨਾਉਣ ਦਾ ਫੈਸਲਾ ਕੀਤਾ ਹੈ।

ਰਖਿਆ ਰਾਜ ਮੰਤਰੀ ਸ੍ਰੀ ਕੇ.ਪੀ.ਸਿੰਘ ਦਿਓ ਨੇ ਕਿਹਾ ਕਿ ਕਮੇਟੀ ਕੌਮੀ ਉਸਾਰੀ ਵਿਚ ਹੁਨਰਮੰਦ ਅਤੇ ਅਨੁਸ਼ਾਸ਼ਨਬਧ ਮਨੁਖੀ ਸ਼ਕਤੀ ਨੂੰ ਵਰਤਣ ਦੀਆਂ ਹੋਰ ਸੰਭਾਵਨਾਵਾਂ ਦਾ ਪਤਾ ਲਗਾਏਗੀ।

ਉਹਨਾਂ ਕਿਹਾ ਕਿ ਇਸ ਕਮੇਟੀ ਦੀ ਬਣਤਰ ਬਾਰੇ ਅੰਤਮ ਫੈਸਲਾ ਕੀਤਾ ਜਾ ਰਿਹਾ ਹੈਅਤੇ ਇਹ ਆਪਣਾ ਕੰਮ ਬਿਨਾਂ ਦੇਰੀ ਤੋਂ ਸ਼ੁਰੂ ਕਰ ਦੇਵੇਗੀ। ਉਹਨਾਂ ਦਸਿਆ ਕਿ ਦੇਸ਼ ਵਿਚ ਇਸ ਸਮੇਂ 35 ਲੱਖ ਤੋਂ ਵਧ ਸਾਬਕ ਫਜੀ ਹਨ ਇਹਨਾਂ ਵਿਚੋਂ 10 ਤੋਂ 17 ਹਜ਼ਾਰ ਤਕ ਨੂੰ ਮੁੜ ਨੌਕਰੀਆਂ ਦਿਤੀਆਂ ਜਾ ਚੁੱਕੀਆਂ ਹਨ।



ਅਮਰੀਕ ਗਿੱਲ

A.J. Supermarket
6502 Main St. Vancouver, B.C.
ਵੱਲੋਂ
ਆਪਣੇ ਦੋਸਤਾਂ ਅਤੇ ਗਾਹਕਾਂ ਨੂੰ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ
ਸਟੋਰ ਹਫਤੇ ਦੇ ਸੱਤੇ ਦਿਨ 8 ਵਜੇ ਸਵੇਰ ਤੋਂ ਰਾਤ ਦੇ 12 ਵਜੇ ਤੱਕ ਖੁਲ੍ਹਾ ਰਹਿੰਦਾ ਹੈ। ਜਿਥੋਂ ਤੁਹਾਨੂੰ ਕਨੇਡੀਅਨ ਅਤੇ ਭਾਰਤੀ ਗਰੌਸਰੀ ਸਪੈਸ਼ਲ ਸਪੈਸ਼ਲ ਕੀਮਤਾਂ ਤੇ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਅਮਰੀਕ ਗਿੱਲ ਅਤੇ ਜੱਸੀ ਡੁਟੀ ਨੂੰ ਫੋਨ ਕਰੋ। ਫੋਨ : 324-3014


ਜੱਸੀ ਡੁਟੀ

# ਸ ਭਿ ਆ ਚਾ ਰ ਦ ਰ ਪ ਣ

## ਸਾਡੇ ਤਿਉਹਾਰ

**ਮਨਜੀਤ ਸਿੰਘ ਰੱਤੂ**

ਪੰਜਾਬ ਦੇ ਤਿਉਹਾਰ ਰੁਤਾਂ ਨਾਲ ਹੀ ਸਬੰਧਤ ਹਨ। ਵਖ ਵਖ ਰੁਤਾਂ ਵਿਚ ਆਉਣ ਵਾਲੇ ਤਿਉਹਾਰ ਹੀ ਪੰਜਾਬ ਦੀ ਸਭਿਆਚਾਰਿਕ ਫੁਲਵਾੜੀ ਵਿਚ ਵਾਹੇ ਹੋਏ ਬੜੇ ਸੁੰਦਰ ਰੰਗੀਨ ਧਾਗਿਆਂ ਦੀ ਨਿਆਈ ਹਨ। ਇਹੀ ਪੰਜਾਬ ਦੇ ਸਭਿਆਚਾਰ ਦੀ ਰੌਸ਼ਨੀ ਨੂੰ ਹੋਰ ਵਧਾਉਂਦੇ ਹਨ। ਹਰ ਮਹੀਨੇ ਹੀ ਕੋਈ ਨਾ ਕੋਈ ਤਿਉਹਾਰ ਆਇਆ ਹੀ ਰਹਿੰਦਾ ਹੈ। ਸਾਡੇ ਤਿਉਹਾਰਾਂ ਦਾ ਬਹੁਤਾ ਸਬੰਧ ਖਾਣਿਆਂ ਨਾਲ ਹੈ। ਸ਼ਾਇਦ ਇਹੀ ਕਰਕੇ ਬਹੁਤੇ ਪੰਜਾਬੀ ਇਹੀ ਕਹਿੰਦੇ ਹਨ "ਤਿਉਹਾਰ ਕਾਹਦੇ ਆ, ਐਵੇਂ ਵਿਹਲਿਆਂ ਨੂੰ ਖਾਣ ਪੀਣ ਦਾ ਪੱਜ ਲੱਭਿਆ ਹੋਇਆ ਹੈ"। ਉਹ ਤਿਉਹਾਰਾਂ ਨਾਲ ਬੱਝੇ ਹੋਏ ਸੰਸਕਾਰਾਂ, ਵਿਚਾਰਾਂ ਤੇ ਸਾਕਿਆਂ ਨੂੰ ਉਕਾ ਹੀ ਅੱਖੀਆਂ ਤੋਂ ਪਰੋਖਿਆ ਕਰ ਛੱਡਦੇ ਹਨ। ਪਿੰਡਾਂ ਦਾ ਨਵਾਂ ਸਾਲ ਚੇਤ ਦੀ ਸੰਗਰਾਂਦ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ ਲਗ ਪਗ ਹਰ ਘਰ ਵਿਚ ਕੜਾਹ ਤਿਆਰ ਕੀਤਾ ਜਾਂਦਾ ਹੈ।

ਪੰਜਾਬ ਦੇ ਬਹੁਤੇ ਤਿਉਹਾਰ ਤਾਂ ਸਭਿਆਚਾਰਿਕ ਰੌਸ਼ਨੀਆਂ ਹੀ ਪੇਸ਼ ਕਰਦੇ ਹਨ। ਹਰ ਰੁੱਤ ਹਰ ਸਮੇਂ ਕੋਈ ਨਾ ਕੋਈ ਤਿਉਹਾਰ ਆਉਣ ਨਾਲ ਲੋਕ ਖੁਸ਼ੀ ਪ੍ਰਗਟ ਕਰਦੇ ਹਨ।

### ਵਿਸਾਖੀ

ਵਿਸਾਖੀ ਦੇ ਤਿਉਹਾਰ ਦਾ ਬਹੁਤਾ ਸਬੰਧ ਕਿਸਾਨਾਂ ਨਾਲ ਜੁੜਿਆ ਹੈ। ਪਹਿਲੀ ਵਿਸਾਖ ਤੀਕ ਕਣਕਾਂ ਪਕ ਜਾਂਦੀਆਂ ਹਨ। ਜਦੋਂ ਕਿਸਾਨ ਦੀ ਨਿਗਾਹ ਆਪਣੀ ਸਾਲ ਦੀ ਕੀਤੀ ਮਿਹਨਤ ਵਲ ਪੈਂਦੀ ਹੈ ਤਾਂ ਉਹ ਖੁਸ਼ੀ ਨਾਲ ਝੂਮ ਉਠਦਾ ਹੈ। ਉਹਦੇ ਮਨ ਅੰਦਰ ਏਨੀ ਖੁਸ਼ੀ ਪੈਦਾ ਹੋ ਜਾਂਦੀ ਹੈਕਿ ਉਹ ਸਾਰੇ ਲੜਾਈ ਝਗੜੇ ਵੈਰ ਵਿਰੋਧ ਭੁਲ ਕੇ ਇਸ ਦਿਨ ਖੁਸ਼ੀ ਪ੍ਰਗਟ ਕਰਦਾ ਹੈ। "ਓਏ ਜੱਟਾ ਆਈ ਵਿਸਾਖੀ" ਦੇ ਨਾਅਰੇ ਗੂੰਜਣ ਲੱਗ ਪੈਂਦੇ ਹਨ।

ਵਿਸਾਖੀ ਆਮ ਤੌਰ ਤੇ ਅੱਜ ਕਲ੍ਹ ਅੰਮ੍ਰਿਤਸਰ, ਦਮਦਮਾ ਸਾਹਿਬ, ਕਰਤਾਰਪੁਰ, ਆਨੰਦਪੁਰ ਸਾਹਿਬ ਦੀ ਪ੍ਰਸਿੱਧ ਹੈ। ਉਧਰਲੇ ਪੰਜਾਬ ਵਿਚ ਵਿਸਾਖੀ ਪੰਜਾ ਸਾਹਿਬ ਤੇ ਵਜ਼ੀਰਾਬਾਦ ਦੀ ਬਹੁਤ ਪ੍ਰਸਿੱਧ ਹੈ।

ਸਾਡੇ ਪਿੰਡਾਂ ਦੇ ਲੋਕ, ਖਾਸ ਤੌਰ ਤੇ ਨੌਜਵਾਨ ਗਭਰੂ ਸੂਫ ਦੀਆਂ ਕੁੜਤੀਆਂ, ਸੋਹਣੀਆਂ ਚਾਦਰਾਂ ਤੇ ਤਿੱਲੇਦਾਰ ਜੁੱਤੀਆਂ, ਫਾਵੀਆਂ ਪੱਗਾਂ ਬੰਨ ਕੇ ਪਿੰਡਾਂ ਵਿਚ ਭੰਗੜੇ ਪਾਉਂਦੇ ਨਿਕਲਦੇ ਹਨ। ਇਕ ਹੱਥ ਵਿਚ ਸੰਮਾਂ ਵਾਲੀ ਡਾਂਗ ਲੈ ਕੇ ਗਭਰੂ ਖੁਸ਼ੀ ਨਾਲ ਨੱਚ ਉਠਦੇ ਹਨ।

ਪਿੰਡਾਂ ਦੀਆਂ ਕੁੜੀਆਂ ਵੀ ਇਹ ਤਿਉਹਾਰ ਤੇ ਗਿੱਧਾ ਪਾ ਕੇ ਮਨ ਪ੍ਰਚਾਉਂਦੀਆਂ ਹਨ। ਇਸ ਤਿਉਹਾਰ ਨਾਲ ਪੰਜਾਬ ਦੇ ਇਤਹਾਸ ਦੇ ਖੂਨੀ ਕਾਂਡ ਨਾਲ ਬਹੁਤੀਆਂ ਯਾਦਾਂ ਜੁੜੀਆਂ ਹਨ। 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਵਿਖੇ ਨਿਹੱਥੇ ਲੋਕਾਂ ਤੇ ਜਨਰਲ ਡਾਇਰ ਨੇ ਗੋਲੀ ਚਲਾ ਕੇ ਸੈਂਕੜੇ ਪੰਜਾਬੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਤਿਉਹਾਰ ਤੇ ਹਰ ਸਾਲ ਉਨ੍ਹਾਂ ਸ਼ਹੀਦਾਂ ਦੀ ਯਾਦ ਮਨਾਈ ਜਾਂਦੀ ਹੈ। ਇਸ ਤਿਉਹਾਰ ਨਾਲ ਇਕ ਹੋਰ ਵੀ ਪਵਿਤਰ ਯਾਦ ਜੁੜੀ ਹੋਈ ਹੈ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਖਾਲਸੇ ਦੀ ਸਿਰਜਣਾ ਕੀਤੀ ਸੀ। ਇਸ ਕਰਕੇ ਵੀ ਪੰਜਾਬ ਵਿਚ ਇਹ ਤਿਉਹਾਰ ਬਹੁਤ ਹਰਮਨ ਪਿਆਰਾ ਹੈ।

### ਨਿਰਜਲਾ ਇਕਾਦਸ਼ੀ

ਵਿਸਾਖੀ ਦੇ ਬਾਅਦ ਇਹ ਤਿਉਹਾਰ ਆਉਂਦਾ ਹੈ। ਕਈ ਸਰਦੇ ਪੁਜਦੇ ਲੋਕ ਪੱਲਿਉਂ ਪੈਸੇ ਖਰਚ ਕੇ ਠੰਡਾ ਪਾਣੀ ਪਿਆਉਂਦੇ ਹਨ। ਇਸ ਤਿਉਹਾਰ ਦਾ ਸਬੰਧ ਵੀ ਸਾਡੇ ਸਭਿਆਚਾਰਿਕ ਵਿਰਸੇ ਨਾਲ ਜੁੜਿਆ ਹੋਇਆ ਹੈ। ਲੋਕ ਇਕ ਤੇ ਗਰਮੀ ਵਿਚ ਪਾਣੀ ਪਿਆ ਕੇ ਜਿਥੇ ਪੁੰਨ ਸਮਝਦੇ ਉਥੇ ਨਾਲ ਹੀ ਉਨ੍ਹਾਂ ਦੇ ਮਨ ਅੰਦਰ ਦੇਸ਼ ਪਿਆਰ ਦਾ ਜਜ਼ਬਾ ਪੈਦਾ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਇਸ ਤਿਉਹਾਰ ਨਾਲ ਸਬੰਧ ਹੈ।

### ਤੀਆਂ

ਗਰਮੀਆਂ ਵਿਚ ਹੀ ਤਪਦੀਆਂ ਲੋਆਂ ਚਲਦੀਆਂ ਹਨ । ਹਰ ਕੋਈ ਗਰਮੀ ਤੋਂ ਤੰਗ ਆ ਜਾਂਦਾ ਹੈ। ਸਾਉਣ ਦੀਆਂ ਕਾਲੀਆਂ ਘਟਾਵਾਂ ਜਦੋਂ ਮੀਂਹ ਲਿਆਉਂਦੀਆਂ ਹਨ ਤਾਂ ਇਸ ਮੌਕੇ ਤੇ ਇਹ ਤਿਉਹਾਰ ਹੁੰਦਾ ਹੈ। ਇਸ ਤਿਉਹਾਰ ਦਾ ਵੀ ਬਹੁਤਾ ਸਬੰਧ ਗਰਮੀ ਰੁੱਤ ਦੀ ਤਬਦੀਲੀ ਨਾਲ ਹੁੰਦਾ ਹੈ। ਇਹ ਤਿਉਹਾਰ ਖੁਸ਼ੀ ਦਾ ਤਿਉਹਾਰ ਹੈ। ਮੀਂਹ ਤੋਂ ਬਾਅਦ ਜਦੋਂ ਸ਼ਾਮ ਵੇਲੇ ਸਤਰੰਗੀ ਪੀਂਘ ਪੈਂਦੀ ਹੈ ਤਾਂ ਦੂਜੇ ਪਾਸੇ ਪੰਜਾਬ ਦੀ ਧਰਤੀ ਉਪਰ ਪਿਪਲਾਂ ਤੇ ਪੀਂਘਾਂ ਪੈਂਦੀਆਂ ਅਤੇ ਉਹਨਾਂ ਉਪਰ ਰੰਗ ਬਰੰਗੀਆਂ ਏਧਰ ਉਧਰ ਹਵਾ ਵਿਚ ਲਹਿਰਦੀਆਂ ਪੀਂਘਾਂ ਦੀ ਸੁੰਦਰਤਾ ਕਾਜੋ ਲਾਉਂਦੀਆਂ ਹਨ। ਹਰ ਘਰ ਵਿਚ ਪੂੜਿਆਂ ਤੇ ਖੀਰਾਂ ਦੀਆਂ ਸੁਗੰਧੀਆਂ ਉਠਦੀਆਂ ਹਨ। ਖੀਰਾਂ ਰਿਝਦੀਆਂ ਹਨ। ਇਉਂ ਜਿਹੜੇ ਘਰ ਵਿਚ ਆਦਮੀ ਜਾਂ ਔਰਤ ਖੀਰ ਨਾ ਖਾਏ ਤਾਂ ਉਸ ਦੇ ਮਖੌਲ ਉਡਾਏ ਜਾਂਦੇ ਹਨ।

ਵਿਆਹੀਆਂ ਕੁੜੀਆਂ ਨੂੰ ਪੇਕੀਂ ਲਿਆਇਆ ਜਾਂਦਾ ਹੈ, ਤਾਂ ਜੋ ਉਹ ਵੀ ਆਪਣੀਆਂ ਭੈਣਾਂ ਨਾਲ ਮਿਲ ਕੇ ਤੀਆਂ ਮਨਾ ਸਕਣ। ਹਰ ਪਿੰਡ ਦੇ ਬਾਹਰਵਾਰ ਕਿਸੇ ਛਪੜ ਦੇ ਕੰਢੇ ਪਧਰਾ ਮੈਦਾਨ ਤੀਆਂ ਦੇ ਗਿੱਧੇ ਲਈ ਰਾਖਵਾਂ ਰਖਿਆ ਗਿਆ ਹੁੰਦਾ ਹੈ। ਕੁੜੀਆਂ ਨਚ ਨਚ ਕੇ ਧਰਤੀ ਕੰਬਾ ਦਿੰਦੀਆਂ ਹਨ। ਮੁੰਡੇ ਵੀ ਭੰਗੜੇ ਪਾਉਂਦੇ ਤੇ ਘੋਲ ਕਰਦੇ ਹਨ।। ਪਿੰਡ ਦੇ ਗਭਰੂ ਕਈ ਦਿਨਾਂ ਤਕ ਤੀਆਂ ਦੇ ਤਿਉਹਾਰ ਮਨਾਉਂਦੇ ਹਨ। ਇਹ ਤਿਉਹਾਰ ਵੀ ਪਿੰਡਾਂ ਵਿਚ ਹਰਮਨ ਪਿਆਰਾ ਤਿਉਹਾਰ ਹੈ। ਮਾਲਵੇ ਦੇ ਇਲਾਕੇ ਵਿਚ ਲੋਂਗੋਵਾਲ ਪਿੰਡ ਦੀਆਂ ਤੀਆਂ ਸਾਰੇ ਪੰਜਾਬ ਵਿਚ ਪ੍ਰਸਿੱਧ ਹਨ।

### ਰੱਖੜੀ

ਇਹ ਤਿਉਹਾਰ ਮਨਾਉਣ ਲਈ ਭੈਣਾਂ ਆਪਣੇ ਵੀਰਾਂ ਨੂੰ ਰੱਖੜੀਆਂ ਬੰਨਦੀਆਂ ਹਨ। ਭਰਾ ਭੈਣਾਂ ਨੂੰ ਸਰੀਆਂ ਬਣਦੀਆਂ ਚੀਜਾਂ ਬਣਾ ਕੇ ਦਿੰਦੇ ਹਨ। ਇਸ ਤਿਉਹਾਰ ਦੇ ਆਰੰਭ ਦੀਆਂ ਕਈ ਕਹਾਣੀਆਂ ਚਲੀਆਂ ਹਨ। ਪਰ ਅਸਲ ਤਾਂ ਇਹੀ ਕਿਹਾ ਜਾਂਦਾ ਹੈ ਕਿ ਜਦੋਂ ਬਦੇਸ਼ੀਆਂ ਦਾ ਹਮਲਾ ਹੁੰਦਾ ਸੀ ਤਾਂ ਭੈਣਾਂ ਆਪਣੇ ਵੀਰਾਂ ਨੂੰ ਸ਼ਹੀਦੀ ਗਾਨੇ ਬੰਨ੍ਹ ਕੇ ਜੰਗ ਲਈ ਤੋਰਿਆ ਕਰਦੀਆਂ ਸਨ। ਉਹਨਾਂ ਦਾ ਕਹਿਣਾ ਹੁੰਦਾ ਸੀ ਕਿ "ਜਾਓ ਜਾ ਕੇ ਦੇਸ਼ ਕੌਮ ਦੀ ਰੱਖਿਆ ਲਈ ਆਪਣੀਆਂ ਮਾਵਾਂ ਭੈਣਾਂ ਦੀ ਰਾਖੀ ਤੇ ਇਜ਼ਤ ਲਈ ਵੈਰੀ ਨਾਲ ਸੂਰਮਿਆਂ ਵਾਂਗ ਲੜਾਈ ਕਰੋ। ਜਾਂ ਜਿੱਤ ਕੇ ਮੁੜੋ ਜਾਂ ਜੰਗ ਵਿਚ ਲੜਦੇ ਲੜਦੇ ਸ਼ਹੀਦੀ ਪਾਓ, ਵੈਰੀ ਤੋਂ ਹਾਰ ਕੇ ਨਹੀਂ ਆਉਣਾ।" ਹਿੰਦੂ ਇਸ ਤਿਉਹਾਰ ਨੂੰ "ਰਖਸ਼ਾ ਬੰਧਨ" ਕਹਿੰਦੇ ਹਨ। ਉਹਨਾਂ ਅਨੁਸਾਰ "ਰਖਸ਼ਾ ਬੰਧਨ" ਬ੍ਰਾਹਮਣਾਂ ਦੀ ਰਖਿਆ ਲਈ ਪਹਿਲੀ ਵੇਰ ਰਾਜੇ ਇੰਦਰ ਨੂੰ ਬੰਨਿਆ ਗਿਆ ਸੀ। ਤੇ ਰਾਜੇ ਇੰਦਰ ਨੂੰ ਬ੍ਰਾਹਮਣ ਦੋਖੀ ਰਾਖਸ਼ਾਂ ਤੋਂ ਜਿੱਤ ਪ੍ਰਾਪਤ ਹੋਈ ਸੀ । ਪਰ ਇਸ ਗਲ ਤੋਂ ਇਹ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਕਲ੍ਹ ਦੀਆਂ ਰਖੜੀਆਂ ਵਿਚ ਸੁੰਦਰ ਸਿਲਮੇਂ ਸਿਤਾਰੇ ਤੇ ਰੇਸ਼ਮ ਜੜਨ ਦੀਆਂ ਰੀਝਾਂ ਦਾ ਤਿਉਹਾਰ ਨਾਲ ਜੁੜੀਆਂ ਵੀਰਤਾ ਦੀਆਂ ਕਹਾਣੀਆਂ ਦਾ ਬਹੁਤਾ ਜਿਆਦਾ ਵਾਸਤਾ ਨਹੀਂ ਰਿਹਾ। ਫਿਰ ਵੀ ਇਸ ਤਿਉਹਾਰ ਦੀ ਉਡੀਕ ਹਰ ਸਾਲ ਭੈਣਾਂ ਕਰਦੀਆਂ ਹਨ।

### ਗੁੱਗਾ ਨੌਮੀ

ਇਹ ਗੁੱਗੇ ਪੀਰ ਦੀ ਪੂਜਾ ਦਾ ਤਿਉਹਾਰ ਹੈ। ਇਸ ਮੌਕੇ ਤੇ ਸੇਵੀਆਂ ਰਿੰਨੀਆਂ ਜਾਂਦੀਆਂ ਹਨ। ਫਿਰ ਇਸ ਨੂੰ ਪ੍ਰਸ਼ਾਦਿ ਸਮਝ ਕੇ ਗੁੱਗਾ ਪੂਜਿਆ ਜਾਂਦਾ ਹੈ। ਇਸ ਤਿਉਹਾਰ ਤੋਂ ਪਹਿਲਾਂ ਘਰਾਂ ਨੂੰ ਲਿਪਿਆ ਪੋਚਿਆ ਜਾਂਦਾ ਹੈ। ਕੰਧਾਂ ਉਪਰ ਸੱਪਾਂ ਦੀਆਂ ਮੂਰਤਾਂ ਪੋਚੇ ਨਾਲ ਵਾਹੀਆਂ ਜਾਂਦੀਆਂ ਹਨ। ਕਈ ਲੋਕ ਹਨੇਰੀ ਵਿਚ ਮਿੱਟੀ ਦੀਆਂ ਢੇਰੀਆਂ ਲਾ ਦਿੰਦੇ ਹਨ। ਇਹ ਵੀ ਗੁੱਗਾ ਪੂਜਣ ਦਾ ਇਕ ਤਰੀਕਾ ਹੈ। ਔਰਤਾਂ ਗੁੱਗੇ ਦੀ ਮੜ੍ਹੀ ਤੇ ਸੁਖਣਾ ਲਾਉਣ ਜਾਂਦੀਆਂ ਬਹੁਤ ਹੀ ਸੁਰੀਲੀਆਂ ਹੇਕਾਂ ਨਾਲ ਗੁੱਗੇ ਦੀ ਮਹਿਮਾਂ ਦੇ ਗੀਤ ਵੀ ਗਾਉਂਦੀਆਂ ਹਨ। ਜਿਵੇਂ ਕਿ :-

ਪਲੈ ਮੇਰੇ ਮੱਠੀਆਂ
ਮੈਂ ਗੁੱਗਾ ਮਨਾਵਣ ਚਲੀਆਂ
ਨੀ ਮੈਂ ਵਾਰੀ ਗੁੱਗਾ ਜੀ।"
ਛੰਨਾਂ ਭਰਿਆ ਮਾਂਹ ਦਾ
ਗੁੱਗਾ ਮਰਿਆ ਇਕ ਥਾਂ ਦਾ
ਨੀ ਮੈਂ ਵਾਰੀ ਗੁੱਗਾ ਜੀ

ਪਿੰਡਾਂ ਵਿਚ ਜੇ ਕਰ ਕਿਸੇ ਨੂੰ ਸੱਪ ਲੜ ਜਾਏ ਤਾਂ ਵੀ ਲੋਕਾਂ ਵਿਚ ਇਹ ਵਿਹਮ ਪ੍ਰਚੱਲਤ ਹੈ ਕਿ ਗੁੱਗੇ ਦੀ ਸੁੱਖ ਨਹੀਂ ਲਾਈ ਹੋਣੀ ਇਸੇ ਕਰਕੇ ਹੀ ਅਜੇਹਾ ਹੋਇਆ ਹੈ।

### ਸ਼ਰਾਧ

ਵੱਡੇ ਵਡੇਰਿਆਂ ਤੇ ਪਿੱਤਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਇਹ ਤਿਉਹਾਰ ਮਨਾਇਆ ਜਾਂਦਾ ਹੈ । ਉਨ੍ਹਾਂ ਦੀ ਸੁੱਖ ਸ਼ਾਂਤੀ ਲਈ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ। ਅੱਸੂ ਦੇ ਮਹੀਨੇ ਇਹ ਤਿਉਹਾਰ ਕਈ ਦਿਨਾਂ ਤੀਕ ਜਾਰੀ ਰਹਿੰਦਾ ਹੈ। ਕਈ ਕਪੜੇ ਵੀ ਭੇਟਾ ਕੀਤੇ ਜਾਂਦੇ ਹਨ। ਸਾਡੇ ਪੇਂਡੂ ਸਭਿਆਚਾਰ ਵਿਚ ਸ਼ਰਾਧ ਕਰਵਾਉਣਾ ਵੀ ਪੁੰਨ ਸਮਝਿਆ ਜਾਂਦਾ ਹੈ। ਜਿਹੜੇ ਲੋਕ ਇਹ ਤਿਉਹਾਰ ਮਨਾਉਂਦੇ ਹਨ । ਉਹਨਾਂ ਦਾ ਇਹ ਨਿਸਚਾ ਹੈ ਕਿ ਇਹ ਭੋਜਨ, ਵਸਤਰ ਤੇ ਦਾਨ ਉਨ੍ਹਾਂ ਦੇ ਪਿੱਤਰਾਂ ਨੂੰ ਮਿਲਣਗੇ ਤੇ ਉਹਨਾ ਦੀਆਂ ਆਤਮਾਵਾਂ ਭਟਕਦੀਆਂ ਨਹੀਂ ਫਿਰਨ ਗੀਆਂ। ਇਹ ਵੀ ਪੰਜਾਬੀ ਸਭਿਆਚਾਰ ਦਾ ਪ੍ਰਸਿੱਧ ਤਿਉਹਾਰ ਹੈ।

### ਨੌਰਾਤੇ

ਇਹ ਇਕ ਬਹੁਤ ਹੀ ਸੁਆਦਲਾ ਤਿਉਹਾਰ ਹੈ। ਪਹਿਲੇ ਨੌਰਾਤੇ ਨੂੰ ਸ਼ਹਿਰਾਂ ਤੇ ਕਸਬਿਆਂ ਵਿਚ ਰਾਮ ਲੀਲਾ ਆਰੰਭ ਕੀਤੀ ਜਾਂਦੀ ਹੈ। ਕੁੜੀਆਂ ਨੌਰਾਤੇ ਉਤਰਨ ਨਾਲ ਹੀ ਕੋਰੇ ਕੁੱਜਿਆਂ ਵਿਚ ਜੌਂ ਬੀਜ ਦਿੰਦੀਆਂ ਹਨ। ਇਹਨਾਂ ਨੂੰ ਸਵੇਰੇ ਮੂੰਹ ਹਨੇਰੇ ਉਠ ਕੇ ਮੱਥਾ ਟੇਕਦੀਆਂ ਤੇ ਪਾਣੀ ਪਾਉਂਦੀਆਂ ਹਨ । ਆਖਰੀ ਨੌਰਾਤੇ ਨੂੰ ਇਹ ਹਰੇ ਜੌਂ ਇਹ ਕੁੜੀਆਂ ਆਪਣੇ ਭਰਾਵਾਂ ਚਾਚਿਆਂ ਤੇ ਤਾਇਆਂ ਦੇ ਸਿਰਾਂ ਤੇ ਟੰਗ ਦਿੰਦੀਆਂ ਹਨ ਤੇ ਉਹ ਜੌਂ ਟੰਗਾਈ ਦਾ ਇਕ ਰੁਪਿਆ ਦਿੰਦੇ ਹਨ।

ਕੁਆਰੀਆਂ ਕੁੜੀਆਂ ਨੌਰਾਤਿਆਂ ਨੂੰ ਗੋਹੇ ਮਿੱਟੀ ਨਾਲ ਸਾਂਝੀ ਮਾਈ ਦੀ ਮੂਰਤੀ ਬਣਾ ਕੇ ਉਹਦੀ ਪੂਜਾ ਕਰਦੀਆਂ ਹਨ। ਇਹ ਪੂਜਾ ਕਰਦੀਆਂ ਉਹ ਸਾਂਝੀ ਮਾਈ ਦੀ ਉਸਤਤ ਦੇ ਗੀਤ ਵੀ ਗਾਉਂਦੀਆਂ ਹਨ। ਉਹਦੀ ਆਰਤੀ ਉਤਾਰਦੀਆਂ ਹਨ। ਇਸ ਤੋਂ ਪਿੱਛੋਂ ਪ੍ਰਸ਼ਾਦ ਵੰਡਿਆ ਜਾਂਦਾ ਹੈ ਤੇ ਘਿਓ ਦੀਆਂ ਜੋਤਾਂ ਜਗਾਈਆਂ ਜਾਂਦੀਆਂ ਹਨ। ਦੁਸਹਿਰੇ ਵੇਲੇ ਸਵੇਰੇ ਸਵੇਰੇ ਕੁੜੀਆਂ ਚਿੜੀਆਂ ਗਾਉਂਦੀਆਂ ਹੋਈਆਂ ਸਾਂਝੀ ਮਾਈ ਦੀ ਆਰਤੀ ਅਤੇ ਜੋਤਾਂ ਨੂੰ ਕਿਸੇ ਨੇੜੇ ਦੇ ਛੰਭ ਵਿਚ ਤਾਰ ਆਉਂਦੀਆਂ ਹਨ। ਇਹਨਾਂ ਦਾ ਵਿਸ਼ਵਾਸ ਹੈ ਕਿ ਜੌਆ ਦੇ ਇਸ "ਗੌਰਜਾਂ" ਦੇ ਬਾਗ ਨੂੰ ਤਾਰਿਆਂ ਕਿਸੇ ਚੀਜ ਦੀ ਤੋਟ ਨਹੀਂ ਆਉਂਦੀ। ਨਾ ਔੜ ਲਗਦੀ ਹੈ ਨਾ ਹੜ੍ਹ ਆਉਂਦਾ ਹੈ।

### ਦੁਸਹਿਰਾ

ਇਹ ਆਮ ਤੌਰ ਤੇ ਸ਼ਹਿਰਾਂ ਵਿਚ ਹੀ ਮਨਾਉਂਦੇ ਹਨ। ਪਿੰਡਾਂ ਵਿਚ ਇਸ ਦਾ ਜਿਵਾਜ ਘੱਟ ਹੈ।

ਰਾਵਨ, ਮੇਘ ਨਾਥ ਅਤੇ ਕੁੰਭ ਕਰਨ ਦੇ ਪੁਤਲਿਆਂ ਨੂੰ ਬਹੁਤ ਧੂਮ ਧਾਮ ਨਾਲ ਸਾੜਿਆ ਜਾਂਦਾ ਹੈ। ਰਾਮ ਲੀਲਾ ਦੀਆਂ ਝਾਕੀਆਂ ਨਿਕਲਦੀਆਂ ਹਨ। ਤੇ ਆਤਸ਼ਬਾਜ਼ੀਆਂ ਚਲਾਈਆਂ ਜਾਂਦੀਆਂ ਹਨ ਪਰ ਇਸ ਮੌਕੇ ਉਪਰ ਵੀ ਇਕੱਠ ਪੇਂਡੂ ਲੋਕਾਂ ਦਾ ਹੀ ਹੁੰਦਾ ਹੈ। ਇਹ ਵੀ ਖਿਆਲ ਕੀਤਾ ਜਾਂਦਾ ਹੈ ਜੇਕਰ ਰਾਵਨ ਦਾ ਪੁਤਲਾ ਚੰਗੀ ਤਰਾਂ ਸੜ ਜਾਏ ਤਾਂ ਸਾਰਾ ਸਾਲ ਕੋਈ ਦੁੱਖ ਤਕਲੀਫ ਨਹੀਂ ਹੁੰਦੀ ਤੇ ਨਾ ਹੀ ਕਿਸੇ ਕਿਸਮ ਦਾ ਡਰ ਰਹਿੰਦਾ ਹੈ ਪਰ ਜੇ ਕਰ ਇਹ ਪੂਰੀ ਤਰਾਂ ਨਾ ਸੜੇ ਤਾਂ ਕਿਸੇ ਨਾ ਕਿਸੇ ਮੁਸੀਬਤ ਪੈਣ ਦਾ ਡਰ ਬਣਿਆ ਰਹਿੰਦਾ ਹੈ।

### ਦੀਵਾਲੀ

ਦੀਵਾਲੀ ਦਾ ਤਿਉਹਾਰ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿਚ ਮਨਾਇਆ ਜਾਂਦਾ ਹੈ। ਘਰਾਂ ਦੀ ਚੰਗੀ ਤਰਾਂ ਸਫਾਈ ਕੀਤੀ ਜਾਂਦੀ ਹੈ। ਲੋਕ ਘਰਾਂ ਉਪਰ ਦੀਪ ਮਾਲਾ ਕਰਦੇ ਹਨ। ਸਾਰੀ ਰਾਤ ਘਰ ਵਿਚ ਰੌਸ਼ਨੀ ਰਹਿੰਦੀ ਹੈ। ਦੀਵਾਲੀ ਬਾਰੇ ਤਾਂ ਇਹੀ ਕਿਹਾ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਜਿੱਤ ਪ੍ਰਾਪਤ ਕਰਕੇ ਅਯੁਧਿਆ ਵਾਪਸ ਪਰਤੇ ਸਨ ਤਾਂ ਲੋਕਾਂ ਖੁਸ਼ੀ ਵਿਚ ਦੀਪਮਾਲਾ ਕੀਤੀ। ਉਸ ਵੇਲੇ ਤੋਂ ਦੀਵਾਲੀ ਦਾ ਤਿਉਹਾਰ ਮਨਾਇਆ ਜਾਣ ਲਗ ਪਿਆ।

ਪੰਜਾਬ ਵਿਚ ਇਸ ਤਿਉਹਾਰ ਦੀ ਖੁਸ਼ੀ ਇਸ ਲਈ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਆਏ ਸਨ ਤਾਂ ਖੁਸ਼ੀਆਂ ਮਨਾਉਂਣ ਲਈ ਦੀਪਮਾਲਾ ਕੀਤੀ ਗਈ ਸੀ। ਇਸੇ ਲਈ ਸ੍ਰੀ ਹਰਿਮੰਦਰ ਸਾਹਿਬ ਵਿਚ ਦੀਵਾਲੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

ਦੀਵਾਲੀ ਰਾਤ ਕਈ ਵਹਿਮੀ ਤੇ ਭਰਮੀਂ ਲੋਕ ਜੂਆ ਵੀ ਖੇਡਦੇ ਹਨ। ਪਤਾ ਨਹੀਂ ਇਹ ਮਾੜੀ ਗਲ ਕਿਉਂ ਸਾਡੇ ਇਸ ਤਿਉਹਾਰ ਨਾਲ ਜੋੜੀ ਹੋਈ ਹੈ। ਇਸ ਤਿਉਹਾਰ ਤੇ ਬਹੁਤ ਰੌਣਕ ਹੁੰਦੀ ਹੈ।

### ਲੋਹੜੀ

ਲੋਹੜੀ ਸਾਡੇ ਸਭਿਆਚਾਰਕ ਰਵਾਇਤਾਂ ਨੂੰ ਫਿਰ ਤੋਂ ਉਜਾਗਰ ਕਰਦੀ ਹੈ। ਲੋਹੜੀ ਪੁਰਾਤਨ ਰਵਾਇਤਾਂ ਤੇ ਸਭਿਆਚਾਰ ਦਾ ਤਿਉਹਾਰ ਹੈ। ਕਈ ਲੋਕ ਇਹੀ ਕਹਿੰਦੇ ਹਨ ਕਿ ਲੋਹੜੇ ਦੀ ਠੰਡ ਦਾ ਖਾਤਮਾ ਕਰਨ ਲਈ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਿਨ ਜਿਨੀ ਮਰਜ਼ੀ ਅੱਗ ਸੇਕ ਲਉ, ਮੁੜ ਕੇ ਲੋੜ ਨਹੀਂ ਰਹਿੰਦੀ। ਇਹ ਇਕ ਪੁਰਾਤਨ ਰਵਾਇਤਾਂ ਦਾ ਤਿਉਹਾਰ ਹੈ ਕਿ ਨਵੇਂ ਜੰਮੇ ਬੱਚੇ ਦੀ ਵੀ ਲੋਹੜੀ ਵੰਡੀ ਜਾਂਦੀ ਹੈ। ਲੋਹੜੀ ਮੰਗਣ ਵਾਲੇ ਬੱਚੇ ਢਾਣੀਆਂ ਬਣਾ ਕੇ ਹਰ ਵੀਹੀ ਵਿਚ ਕਹਿੰਦੇ ਹਨ। ਜਿਵੇਂ :-

ਸੁੰਦਰ ਮੁੰਦਰੀਏ - ਹੋ
ਤੇਰਾ ਕੌਣ ਵਿਚਾਰਾ - ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ੱਕਰ ਪਾਈ, ਹੋ

ਜੇਕਰ ਕਿਸੇ ਦੇ ਘਰ ਦੇਰ ਲਗ ਜਾਏ ਜਾਂ ਘਰ ਦੀ ਸਵਾਣੀ ਚੀਹੜੇ ਸੁਭਾਅ ਦੀ ਹੋਵੇ ਤਾਂ ਮੁੰਡਿਆਂ ਦਾ ਨਾਅਰਾ ਹੁੰਦਾ ਹੈ :-

ਹੁੱਕਾ, ਹੁੱਕੀ, ਹਾਂਡੇ
ਹੁੱਕਾ ਮਾਰੀ ਟੱਕਰ
ਮਾਈ ਤੂੰ ਛੇਤੀ
ਕੱਢ ਭੜੋਲਿਉਂ ਸ਼ੱਕਰ

ਤੇ ਕੁੜੀਆਂ ਕਹਿਣ ਗੀਆਂ:

ਸਾਡੇ ਪੈਰਾਂ ਹੇਠ ਸਲਾਈਆਂ
ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਲੋਹੜੀਵਾਲੇ ਦਿਨ ਪਿੰਡ ਦੀਆਂ ਗਲੀਆਂ ਦੇ ਮੋੜਾਂ ਨੂੰ ਕਿਉਂਕਿ ਲੋਹੜੀ ਬਾਲਣੀ ਹੁੰਦੀ ਹੈ, ਇਸ ਲਈ ਲੋਹੜੀ ਮੰਗਣ ਵਾਲੀਆਂ ਟੋਲੀਆਂ ਗੁੜ ਸ਼ੱਕਰ ਜਾਂ ਰਿਉੜੀਆਂ ਮੰਗਣ ਲਈ ਬਾਲਣ ਤੇ ਲਕੜੀਆਂ ਦੀਆਂ ਮੰਗਾ ਵੀ ਕਰਦੀਆਂ ਹਨ।

ਕਈ ਘਰਾਂ ਵਿਚ ਬੱਚੇ ਇਵੇਂ ਮੰਗਦੇ ਹਨ:-

ਲੋਹੜੀ ਪਈ ਲੋਹੜੀ

(ਬਾਕੀ ਪੰਨਾ 15 ਤੇ)

ਸਵ੍ਰ ਸਾਗਰ
ਰੇਡੀਓ ਪ੍ਰੋਗਰਾਮ
ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ
ਹਰ ਐਤਵਾਰ ਸਵੇਰੇ ਤੇ ਸ਼ਾਮ
ਰੇਡੀਓ ਤੇ ਸੀ. ਜੇ. ਸੀ(CJJC 800 AM DIAL)
Sunday Entertainment:
ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ
Ph.: 299-6767 Or 253-7596 24 hours. Pager 9090
ਹਰ ਐਤਵਾਰ ਸਵੇਰੇ 10⁰⁵ ਤੋਂ 11⁰⁰
ਹਰ ਐਤਵਾਰ ਸ਼ਾਮ 7⁰⁵ ਤੋਂ 8⁰⁰

Producer
Manjit Virdi
ਨਵਾਂ ਸਾਲ ਮੁਬਾਰਕ

# ਸੰਸਾਰ ਦਰਪਨ

## ਕ੍ਰਿਸਮਸ ਤੇ ਪੋਪ ਜਾਨ ਪੋਲ ਦੂਜੇ ਦੀ ਜੇਲ੍ਹ ਦੀ ਸਦਭਾਵਨਾ ਯਾਤਰਾ

ਰੋਮ — ਪੋਪ ਜਾਨ ਪਾਲ ਦੂਜੇ ਕ੍ਰਿਸਮਸ ਦੇ ਮੌਕੇ ਤੇ ਦੁਨੀਆਂ ਨੂੰ ਸ਼ਾਂਤੀ ਅਤੇ ਅਮਨ ਦਾ ਸੁਨੇਹਾ ਦਿੰਦਿਆਂ ਹੋਇਆਂ ਕਿਹਾ ਕਿ ਹਥਿਆਰਾਂ ਦੀ ਦੌੜ ਵਿਚ ਕੀਤੇ ਜਾਣ ਵਾਲਾ ਕਰੋੜਾਂ ਡਾਲਰਾਂ ਦਾ ਖਰਚ ਬਚਾ ਕਿ ਸ਼ੁਭ ਕੰਮਾਂ ਲਈ ਜਨਤਾ ਦੀ ਭਲਾਈ ਲਈ ਅਤੇ ਅਮਨ ਅਤੇ ਸ਼ਾਂਤੀ ਲਈ ਵਰਤਣ ਦੀ ਲੋੜ ਹੈ। ਇਕ ਸਦ ਭਾਵਨਾ ਯਾਤਰਾ ਕਰਦੇ ਹੋਏ ਪੋਪ ਜਾਨ ਪਾਲ ਇਥੋਂ ਦੀ ਜੇਲ੍ਹ ਵਿਚ ਜਿਥੇ ਬੇਸ਼ੁਮਾਰ ਅਪਰਾਧੀ ਲੰਮੀਆਂ ਸਜ਼ਾਵਾਂ ਭੁਗਤ ਰਹੇ ਹਨ ਵੀ ਗਏ ਅਤੇ ਕੈਦੀਆਂ ਨੂੰ ਮਿਲੇ। 1981 ਵਿਚ ਪੋਪ ਉਪਰ ਜਿਸ ਵਿਅਕਤੀ ਨੇ ਮਾਰੂ ਹਮਲਾ ਕੀਤਾ ਸੀ ਉਹ ਵੀ ਇਥੇ ਉਮਰ ਭਰ ਲਈ ਸਜ਼ਾ ਕਟ ਰਿਹਾ ਹੈ। ਪੋਪ ਜਾਨ ਪਾਲ ਉਸਨੂੰ ਵੀ ਮਿਲੇ ਅਤੇ ਲਗ ਭਗ 20 ਮਿੰਟ ਉਸ ਨਾਲ ਗਲਬਾਤ ਕਰਦੇ ਰਹੇ। ਜਦ ਪੋਪ ਜਾਨ ਪਾਲ ਵਾਪਸ ਮੁੜਨ ਲਗੇ ਤਾਂ ਉਸ ਵਿਅਕਤੀ ਨੇ ਪੋਪ ਦੇ ਹੱਥ ਚੁਮ ਲਏ।

## ਬਫੈਲੋ ਵਿਚ ਧਮਾਕਾ

ਬਫੈਲੋ — ਇਥੇ ਹੋਏ ਇਕ ਧਮਾਕੇ ਵਿਚ 17 ਵਿਅਕਤੀ ਮਾਰੇ ਗਏ ਦੱਸੇ ਜਾਂਦੇ ਹਨ ਅਤੇ ਲਗਭਗ 50 ਤੋਂ ਉਪਰ ਸਖਤੀ ਜ਼ਖਮੀ ਹੋ ਗਏ ਹਨ। ਧਮਾਕੇ ਦਾ ਕਾਰਨ ਗੈਸ ਦਾ ਫਟ ਜਾਣਾ ਸਮਝਿਆ ਜਾਂਦਾ ਹੈ।

## ਅਲਾਸਕਾ ਵਿਚ ਭੁਚਾਲ

ਤਾਜ਼ਾ ਮਿਲੀਆਂ ਖਬਰਾਂ ਅਨੁਸਾਰ ਅਲਾਸਕਾ ਵਿਚ ਪੁਚਾਲ ਦੇ ਦੋ ਮਾਮੂਲੀ ਜਹੇ ਝਟਕੇ ਆਏ। ਜਾਨ ਅਤੇ ਮਾਲ ਦੀ ਕਿਸੇ ਕਿਸਮ ਦੀ ਹੋਈ ਹਾਨੀ ਦਾ ਹਾਲੇ ਕੁਝ ਪਤਾ ਨਹੀਂ ਲਗ ਸਕਿਆ।

## ਰੂਸ ਦੇ ਪ੍ਰਧਾਨ ਹਾਲੇ ਵੀ ਸਖਤ ਬੀਮਾਰ ਹਨ

ਮਾਸਕੋ — ਇਥੇ ਪ੍ਰਾਪਤ ਸੂਚਨਾਵਾਂ ਅਨੁਸਾਰ ਰੂਸ ਦੇ ਪ੍ਰਧਾਨ ਸ੍ਰੀ ਯੂਰੀ ਆਂਦਰਾ ਪਰੋਬੋਵ ਅਜੇ ਵੀ ਸਖਤ ਬੀਮਾਰ ਹਨ ਜਿਸ ਦੇ ਕਾਰਨ ਉਹ ਪਾਰਲੀਮੈਂਟ ਦੀਆਂ ਅਤੀ ਜ਼ਰੂਰੀ ਮੀਟਿੰਗਾਂ ਵਿਚ ਵੀ ਨਹੀਂ ਜਾ ਸਕੇ। ਉਹਨਾਂ ਨੂੰ ਪਬਲਿਕ ਵਿਚ 18 ਅਗਸਤ 83 ਤੋਂ ਮਗਰੋਂ ਾਹੀਂ ਦੇਖਿਆ ਗਿਆ ਹੈ!

## ਅਮਰੀਕਾ ਲੈਬਨਾਨ ਚੋਂ ਆਪਣੇ ਸੈਨਕ ਕੱਢੇ

### ਸਾਖ ਨੂੰ ਹੋਰ ਧੱਕਾ ਸੰਭਵ - 2 ਫੌਜੀ ਮਾਹਿਰਾਂ ਦੀ ਰਾਏ

ਨਿਊਯਾਰਕ—ਅਮਰੀਕਾ ਦੇ ਦੋ ਰਖਿਆ ਮਾਹਿਰਾਂ ਨੇ ਪ੍ਰਧਾਨ ਰੀਗਨ ਨੂੰ ਕਿਹਾ ਹੈ ਕਿ ਉਹ ਇਸ ਗਲ ਦੀ ਪ੍ਰਵਾਹ ਨਾ ਕਰਦੇ ਹੋਏ ਕਿ ਉਨ੍ਹਾਂ ਦੀ ਸਾਖ ਨੂੰ ਧੱਕਾ ਲਗੇਗਾ। ਲੈਬਨਾਨ ਵਿਚੋਂ ਅਮਰੀਕੀ ਜਲ ਸੈਨਕਾਂ ਨੂੰ ਬਾਹਰ ਕੱਢ ਲੈਣ। ਨਿਊਯਾਰਕ ਟਾਈਮਜ਼ ਵਿਚ ਆਪਣੇ ਲੇਖ ਵਿਚ ਇਹਨਾਂ ਮਾਹਿਰਾਂ ਨੇ ਕਿਹਾ ਕਿ ਜੇਕਰ ਅਸੀਂ ਹੋਰ ਉਡੀਕ ਕੀਤੀ ਤਾਂ ਸਾਡੀ ਸਾਖ ਨੂੰ ਹੋਰ ਧੱਕਾ ਲਗੇਗਾ। ਇਹਨਾਂ ਮਾਹਿਰਾਂ ਦਾ ਵਿਚਾਰ ਸੀ ਕਿ ਲੈਬਨਾਨ ਵਰਗੀ ਵਿਸਫੋਟਕ ਸਥਿਤੀ ਵਿਚ ਅਮਰੀਕੀ ਫੌਜੀਆਂ ਨੂੰ ਉਥੇ ਰੱਖਣਾ ਵੱਡੀ ਗਲਤੀ ਹੋਏਗਾ। ਇਹਨਾਂ ਮਾਹਿਰਾਂ ਅਨੁਸਾਰ ਰੀਗਨ ਨੂੰ ਸਵਰਗਵਾਸੀ ਪ੍ਰਧਾਨ ਕੈਨੇਡੀ ਦੀ ਮਿਸਾਲ ਤੋਂ ਸਬਕ ਸਿਖਣਾ ਚਾਹੀਦਾ ਹੈ ਜਿਨ੍ਹਾਂ 'ਬੇ ਆਫ ਪਿਗਜ਼' ਵਿਚ ਅਮਰੀਕੀ ਹਮਲਾ ਫੇਲ੍ਹ ਹੋ ਜਾਣ ਤੇ ਉਥੋਂ ਫੌਜਾਂ ਕੱਢ ਲਈਆਂ ਸਨ।

## ਬੈਰੂਤ ਬੰਬ ਧਮਾਕਿਆਂ ਮਰਨ ਵਾਲੇ ਅਮਰੀਕਨ ਫੌਜੀਆਂ ਦਾ ਦੋਸ਼ ਕਿਸ ਤੇ ਹੈ?

ਵਾਸ਼ਿੰਗਟਨ — ਅਕਤੂਬਰ ਵਿਚ ਬੈਰੂਤ ਵਿਚ ਹੋਏ ਬੰਬ ਧਮਾਕਿਆਂ ਦੇ ਕਾਰਨ 241 ਅਮਰੀਕਨ ਮੀਰਾਈਨ ਫੌਜੀ ਮਾਰੇ ਗਏ ਸਨ। ਪ੍ਰਧਾਨ ਰੀਗਨ ਨੇ ਇਥੇ ਬੋਲਦਿਆਂ ਕਿਹਾ ਹੈ ਕਿ ਇਹਨਾਂ ਦੀ ਮੌਤ ਦਾ ਦੋਸ਼ ਅਮਰੀਕਾ ਦੇ ਪ੍ਰਧਾਨ ਉਪਰ ਹੀ ਆਉਂਦਾ ਹੈ ਕਿਉਂ ਜੋ ਉਹ ਅਤੇ ਉਸ ਦੀ ਸਾਰੀ ਐਡਮਿਨਸਟ੍ਰੇਸ਼ਨ ਆਪਣੇ ਫੌਜੀਆਂ ਦੇ ਬਚਾਓ ਦਾ ਯੋਗ ਪ੍ਰਬੰਧ ਨਹੀਂ ਕਰ ਸਕੀ।

## ਸ੍ਰੀ ਪੁਰੇਵਾਲ ਦੀ ਮਾਤਾ ਨਮਿਤ ਪਾਠ ਦਾ ਭੋਗ 18 ਦਸੰਬਰ ਨੂੰ ਪਾਇਆ ਗਿਆ

ਲੰਡਨ ਤੋਂ ਪੰਜਾਬੀ ਵਿਚ ਨਿਕਲਣ ਵਾਲੇ ਰਸਾਲੇ 'ਦੇਸ਼ ਪ੍ਰਦੇਸ਼' ਦੇ ਐਡੀਟਰ ਸ੍ਰੀ ਤਰਸੇਮ ਸਿੰਘ ਪੁਰੇਵਾਲ ਦੇ ਮਾਤਾ ਸ੍ਰੀਮਤੀ ਤੇਜ ਕੌਰ ਦਾ ਬੀਤੇ ਦਿਨ ਦਿਹਾਂਤ ਹੋ ਗਿਆ ਸੀ। ਉਨ੍ਹਾਂ ਨਮਿਤ ਰੱਖੇ ਗਏ ਪਾਠ ਦਾ ਭੋਗ 18 ਦਸੰਬਰ 83 ਦਿਨ ਐਤਵਾਰ ਬਾਅਦ ਦੁਪਹਿਰ 2 ਬਜੇ ਉਨ੍ਹਾਂ ਦੇ ਗ੍ਰਹਿ ਪਿੰਡ ਸ਼ੰਕਰ ਜ਼ਿਲਾ ਜਲੰਧਰ ਵਿਖੇ ਪਿਆ। ਸ੍ਰੀ ਪੁਰੇਵਾਲ ਨੂੰ ਭੋਗ ਉਤੇ ਪਹੁਚਣ ਲਈ 14 ਦਿਨ ਦੀ ਆਗਿਆ ਮਿਲੀ ਸੀ। ਪਹਿਲਾਂ ਉਨ੍ਹਾਂ ਨੂੰ ਭਾਰਤ ਸਰਕਾਰ ਨੇ ਮਾਤਾ ਜੀ ਦੀ ਖਬਰ ਨੂੰ ਆਇਆਂ ਨੂੰ ਵਾਪਸ ਬਰਤਾਨੀਆ ਭੇਜ ਦਿੱਤਾ ਸੀ।

## ਭਾਰਤੀ ਹਵਾਈ ਜਹਾਜ਼ ਦੁਰਘਟਨਾ ਤੋਂ ਬਚ ਗਿਆ

ਨਿਊਯਾਰਕ—ਏਅਰ ਇੰਡੀਆ ਦਾ ਜੰਬੂ ਜੈਟ ਹਵਾਈ ਜਹਾਜ਼ ਜਿਸ ਵਿਚ 262 ਮੁਸਾਫਰ ਸਨ ਹਵਾਬਾਜ਼ ਦੀ ਹੁਸ਼ਿਆਰੀ ਨਾਲ ਕੈਨੇਡੀ ਹਵਾਈ ਅੱਡੇ ਤੇ ਹਾਦਸੇ ਤੋਂ ਬਚ ਗਿਆ ਜਦ ਉਹ ਇਕ ਹੋਰ ਜਹਾਜ਼ ਨਾਲ ਟਕਰਾਉਣ ਹੀ ਲੱਗਾ ਸੀ।

## ਜੱਜ ਸਾਹਿਬ ਵੀ ਮੁਜਰਮ

ਜੰਮੂ — ਪੁਲੀਸ ਨੇ ਕਿਸ਼ਤਵਾੜ ਦੇ ਸਬ ਜੱਜ ਜੀ ਐਨ ਨਕਸ਼ ਤੇ 'ਸੀਤਾ ਦੇਵੀ' ਕਥਿਤ ਮੌਜ ਮੇਲੇ ਦੀ ਹਾਲਤ ਵਿਚ ਗ੍ਰਿਫਤਾਰ ਕੀਤਾ।

ਗੁੱਸੇ ਵਿਚ ਆਏ ਲੋਕਾਂ ਨੇ ਸ੍ਰੀ ਨਕਸ਼ ਦਾ ਘਰ ਘੇਰਿਆ ਹੋਇਆ ਸੀ ਤੇ ਸਾੜਨ ਦੀ ਧਮਕੀ ਦੇ ਰਹੇ ਸਨ। ਪੁਲੀਸ ਨੇ ਮੌਕੇ ਉਤੇ ਪੁਜ ਕੇ ਸਥਿਤੀ ਸੰਭਾਲ ਲਈ। ਕਿਸ਼ਤਵਾੜ ਵਿਚ ਰੋਸ ਵਜੋਂ ਹੜਤਾਲ ਰਹੀ।

## ਖੱਖਰ ਬੰਬ

ਵਾਸ਼ਿੰਗਟਨ, ਬੈਰੂਤ ਵਿਚ ਅਮਰੀਕੀ ਫੌਜਾਂ ਖਾਸ ਕਿਸਮ ਦੇ ਗੋਲੇ ਬਰਸਾ ਰਹੀਆਂ ਹਨ. ਜਿਹਨਾਂ ਦੇ ਫੱਟਦੇ ਹੀ ਇਹਨਾਂ ਵਿਚੋਂ ਇਸਪਾਤ ਅਤੇ ਲੋਹੇ ਦੇ ਹਜ਼ਾਰਾਂ ਟੁਕੜੇ ਏਧਰ-ਉਧਰ ਬਰਸਣ ਲਗ ਪੈਂਦੇ ਹਨ. ਇਸ ਤਰ੍ਹਾਂ ਲਗਦਾ ਹੈ ਜਿਸ ਤਰ੍ਹਾਂ ਕਿਸੇ ਨੇ ਮਖੀਲ ਦੀਆਂ ਮੱਖੀਆਂ ਦੀ ਖਖਰ ਛੇੜ ਦਿਤੀ ਹੋਵੇ. ਇਹਨਾਂ ਬੰਬਾਂ ਨੂੰ ਮਖੀਲ ਦੀਆਂ ਮੱਖੀਆਂ ਦੀ ਖੱਖਰ ਬੰਬ ਕਿਹਾ ਜਾਂਦਾ ਹੈ. ਇਨਾਂ ਬੰਬਾਂ ਦੇ ਟੁਕੜਿਆਂ ਨਾਲ ਬਹੁਤ ਲੋਕ ਮਰੇ ਹਨ. ਇਸ ਬਾਰੇ ਐਨ.ਬੀ.ਸੀ. ਨੇ ਇਕ ਫਿਲਮ ਵੀ ਦਿਖਾਈ ਹੈ ਕਿ ਲੋਹੇ ਦੇ ਟੁਕੜੇ ਕੰਧਾਂ ਉਪਰ ਧਸੇ ਹੋਏ ਹਨ.




## ਰੀਗਨ ਫਿਰ ਚੋਣ ਲਈ ਤਿਆਰ

### 29 ਜਨਵਰੀ ਨੂੰ ਬਾਕਾਇਦਾ ਐਲਾਨ ਹੋਵੇਗਾ

ਵਾਸ਼ਿੰਗਟਨ—ਅਮਰੀਕਾ ਦੇ ਰਾਸ਼ਟਰਪਤੀ ਰੀਗਨ ਦੂਸਰੀ ਵਾਰ ਪ੍ਰਧਾਨਗੀ ਚੋਣ ਲੜਨ ਦਾ ਐਲਾਨ 29 ਜਨਵਰੀ ਨੂੰ ਕਰਨਗੇ। ਵਾਸ਼ਿੰਗਟਨ ਪੋਸਟ ਨੇ ਆਪਣੇ ਤਾਜ਼ਾ ਪਰਚੇ ਵਿਚ ਕਿਹਾ ਹੈ ਕਿ ਪ੍ਰਧਾਨ ਰੀਗਨ ਰਾਸ਼ਟਰ ਦੇ ਨਾਂ ਟੈਲੀਵੀਯਨ ਤੇ ਤਕਰੀਰ ਕਰਕੇ ਇਹ ਐਲਾਨ ਕਰਨਗੇ। ਪ੍ਰਸ਼ਾਸਨਿਕ ਸੂਤਰਾਂ ਦੇ ਹਵਾਲੇ ਨਾਲ ਵਾਸ਼ਿੰਗਟਨ ਪੋਸਟ ਨੇ ਕਿਹਾ ਹੈ ਕਿ ਪ੍ਰਧਾਨ ਰੀਗਨ ਨੇ ਆਪਣੇ ਸਮਰਥਕਾਂ ਨਾਲ ਸਲਾਹ ਕਰਕੇ ਪ੍ਰਧਾਨਗੀ ਚੋਣ ਲੜਨ ਦਾ ਫੈਸਲਾ ਕੀਤਾ। ਪ੍ਰਧਾਨ ਰੀਗਨ ਨੇ ਇਹ ਫੈਸਲਾ ਦੇਸ਼ ਦੀ ਅਰਥ ਵਿਵਸਥਾ ਵਿਚ ਸੁਧਾਰ ਅਤੇ ਗਰੇਨਾਡਾ ਤੇ ਹਮਲੇ ਸਬੰਧੀ ਲੋਕ ਰਾਏ ਦੇ ਸਰਵੇ ਵਿਚ ਬਹੁਸੰਮਤੀ ਪ੍ਰਾਪਤ ਹੋਣ ਪਿਛੋਂ ਕੀਤਾ।

## ਬੰਗਲਾ ਦੇਸ਼ ਵਿਚ 200 ਰਾਜਸੀ ਲੀਡਰ ਰਿਹਾ

### ਜਨਰਲ ਇਰਸ਼ਾਦ ਬੇਗਮ ਖਾਲਿਦਾ ਨੂੰ ਮਿਲੇ

ਢਾਕਾ—ਬੰਗਲਾ ਦੇਸ਼ ਦੇ ਪ੍ਰਧਾਨ ਜਨਰਲ ਇਰਸ਼ਾਦ ਨੇ ਸਾਰੇ ਰਾਜਸੀ ਲੀਡਰਾਂ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ ਹੈ ਅਤੇ 200 ਲੀਡਰ ਰਿਹਾ ਕਰ ਦਿਤੇ ਹਨ। ਸਾਬਕ ਪ੍ਰਧਾਨ ਜਨਰਲ ਜ਼ਿਆ ਦੀ ਪਤਨੀ ਖਾਲਿਦਾ ਤੇ ਸ਼ੇਖ ਮਜ਼ੀਬ ਦੀ ਸਪੁਤਰੀ ਹਸੀਨਾ ਨੇ ਜਨਰਲ ਇਰਸ਼ਾਦ ਨੂੰ ਕਿਹਾ ਹੈ ਕਿ ਸਰਕਾਰ ਤੇ ਰਾਜਸੀ ਪਾਰਟੀਆਂ ਵਿਚ ਗਲਬਾਤ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਾਰੇ ਲੀਡਰ ਰਿਹਾ ਕੀਤੇ ਜਾਣ ਤੇ ਪੰਜ ਸੂਤਰੀ ਪਰੋਗਰਾਮ ਸਰਕਾਰ ਮੰਨੇ। ਇਸ 'ਚ ਮਾਰਸ਼ਲ ਲਾਅ ਖਤਮ ਕਰਨ ਦੀ ਮੰਗ ਵੀ ਸ਼ਾਮਲ ਹੈ। ਹਸੀਨਾ ਨੇ ਦੇਸ਼ ਵਿਚ ਰਾਜਸੀ ਸਰਗਰਮੀਆਂ ਜਾਰੀ ਕਰਨ ਦੀ ਆਗਿਆ ਦੇ ਸਰਕਾਰੀ ਫੈਸਲੇ ਦੀ ਸ਼ਲਾਘਾ ਕੀਤੀ। ਜਨਰਲ ਇਰਸ਼ਾਦ ਬੇਗਮ ਖਾਲਿਦਾ ਨੂੰ ਮਿਲੇ। ਬਾਦ ਵਿਚ ਖਾਲਿਦਾ ਨੇ ਕਿਹਾ ਕਿ ਜਨਰਲ ਇਰਸ਼ਾਦ ਇਕ ਦੋ ਦਿਨਾਂ ਵਿਚ ਅਹਿਮ ਕਦਮ ਚੁਕਣਗੇ। ਉਹਨਾਂ ਨੇ ਇਸ ਬਾਰੇ ਕੁਝ ਕਹਿਣ ਤੋਂ ਨਾਂਹ ਕਰ ਦਿਤੀ ਕਿ ਜਨਰਲ ਇਰਸ਼ਾਦ ਨੇ ਉਹਨਾਂ ਨੂੰ ਉਪ ਪ੍ਰਧਾਨ ਦਾ ਅਹੁਦਾ ਪੇਸ਼ ਕੀਤਾ ਹੈ। ਇਕ ਸਰਕਾਰੀ ਅਫਸਰ ਨੇ ਕਿਹਾ ਹੈ ਕਿ ਸਰਕਾਰ ਤੇ ਆਪੋਜ਼ੀਸ਼ਨ ਵਿਚ ਗਲਬਾਤ ਸ਼ੁਰੂ ਹੋ ਚੁਕੀ ਹੈ।

## ਬੱਬਰ ਖਾਲਸਾ ਅਤੇ ਨਿਰੰਕਾਰੀ

ਨਵੀਂ ਦਿੱਲੀ—1981 ਤੋਂ ਮਾਰੇ ਗਏ ਨਿਰੰਕਾਰੀਆਂ ਦੀ ਗਿਣਤੀ 35 ਦੱਸੀ ਜਾਂਦੀ ਹੈ। ਜਿਸਦੇ ਜ਼ਿੰਮੇਵਾਰ ਬੱਬਰ ਖਾਲਸੇ ਨੂੰ ਕਿਹਾ ਜਾਂਦਾ ਹੈ। ਬੱਬਰ ਖਾਲਸੇ ਦੇ ਮੁਖੀ ਸ੍ਰੀ ਸੁਖਦੇਵ ਸਿੰਘ ਨੇ ਕਿਹਾ ਹੈ ਕਿ ਇਹ ਸਿਲਸਿਲਾ ਉਸ ਸਮੇਂ ਤਕ ਇਸੇ ਤਰਾਂ ਜਾਰੀ ਰਹੇਗਾ ਜਦੋਂ ਤਕ ਕਿ ਸਿਖੀ ਨੂੰ ਨਿਰੰਕਾਰੀਆਂ ਦੇ ਪ੍ਰਭਾਵ ਤੋਂ ਮੁਕਤ ਨਾ ਕਰਾ ਲਿਆ ਜਾਵੇ।

ਐਬਟਸਫੋਰਡ ਬੇਰੀ ਫਾਰਮ, ਜਾਂ ਮਕਾਨ ਖ੍ਰੀਦਣਾ ਹੋਵੇ ਤਾਂ ਮਿਲੋ—

ਨਵੇਂ ਸਾਲ ਦੀ ਮੁਬਾਰਕ

TOP SALESMAN Since 1978

PAUL GILL

Farms for Sale :-

1. 15 Acres for $98000
2. 37 Acres for $220000
3. 25 Acres, BARNS and HOUSE in ALDERGROVE asking $155000
4. Chicken Farm 123 Case Egg quota

and more farms in 2,8,9,20,30,80 Acre parcel

TRY TRADES



Res. 853-0493 Off. 853-6411 Or 524-2215

BLOCK BROS. REALTY Ltd.

32641 South Fraserway
Abbotsford, B.C.

# ਸਾ ਹਿ ਤ ਦ ਰ ਪ ਣ

## ਘੜੀ ਤਾਂ ਖਰਾਬ ਹੋ-ਗੀ!

**ਗੁਰਦਿਆਲ ਸਿੰਘ**

ਅਚਾਨਕ ਕੇਲੂ ਇਕ ਦਿਨ ਪਿੰਡ ਆ ਗਿਆ। ਨਾ ਚਿਠੀ ਨਾ ਚੀਰਾ, ਨਾ ਕੋਈ ਸੁਨੇਹਾ। ਪਰ ਉਹਨੂੰ ਕੁਝ ਪੁਛਣ ਤੋਂ ਪਹਿਲਾਂ ਜਦੋਂ ਲਾਲਟੈਣ ਦੇ ਚਾਨਣੇ ਕੁੰਢੇ ਨੇ ਉਹਦੀ ਸ਼ਕਲ ਸੂਰਤ ਵੇਖੀ ਤਾਂ ਉਹਨੂੰ ਹੋਰ ਸਭ ਕੁਝ ਭੁਲ ਗਿਆ: ਟੂਟੀ ਵਾਲੀ ਵੱਡੀ ਸਾਰੀ ਪੱਗਤੇ ਪੁੱਠੀ, ਬਾਜ਼ ਨਾਲ ਚਾੜ੍ਹੀ ਦਾੜ੍ਹੀ ਵੇਖ ਕੇ ਕੇਲੂ ਉਹਨੂੰ ਕੋਈ 'ਸਰਦਾਰ' ਲਗਿਆ। ਫੇਰ ਉਹਦਾ ਗੂੜ੍ਹੇ ਹਰੇ ਰੰਗ ਦਾ ਡੱਬੀਆਂ ਵਾਲਾ ਕਮੀਜ਼, ਲੱਕ ਨੂੰ ਲੱਗੀ ਤਿੰਨ-ਚਾਰ ਉਂਗਲਾਂ ਚੌੜੀ ਚਮੜੇ ਦੀ ਪੇਟੀਤੇ ਖੁਲ੍ਹੀ ਸਲਵਾਰ ਦੇ ਪੌਂਚਿਆਂ ਵਰਗੀਆਂ ਪੈਂਟ ਦੀਆਂ ਮੂਹਰੀਆਂ ਵੇਖ ਕੇ ਕੁੰਢਾ ਮੁੱਛਾਂ ਵਿਚ ਮੁਸਕਰਾਇਆ।

"ਇਹ ਤੂੰ ਬਣਿਆਂ ਕੀ ਫਿਰਦੇਂ ਬਈ ? ਉਸ ਰਤਾ ਹਸਦਿਆਂ ਕਿਹਾ, "ਐਂ ਲਗਦੈਂ ਜਿਵੇਂ 'ਮਰੀਕਾ ਚੋਂ ਆਇਆ ਹੁੰਨੈ।"

"ਕਿਉਂ — ਓਪਰਾ ਲਗਦੈ ?"ਕੁਝ ਹੈਰਾਨੀ ਨਾਲ ਆਪਣੇ ਕਪੜਿਆਂ ਨੂੰ ਵਿਹੰਦਿਆਂ ਕੇਲੂ ਨੇ ਕਿਹਾ।

ਕੁੰਢਾ ਚੁੱਪ ਕਰ ਗਿਆ। ਕੇਲੂ ਨੂੰ ਆਪਣੇ ਬਾਰੇ ਇਹ ਸੁਣ ਕੇ ਸੱਚੀਂ ਕੋਈ ਹੈਰਾਨੀ ਸੀ ਹੋਈ। ਕੁੰਢੇ ਨੂੰ ਵੀ ਇੰਜ ਜਾਪਿਆ ਜਿਵੇਂ ਉਹਨੇ ਮੁੰਡੇ ਦਾ ਕੋਈ ਚੰਗਾ ਸੁਆਗਤ ਨਹੀਂ ਸੀ ਕੀਤਾ। ਏਸੇ ਕਰਕੇ ਉਹਦੀ ਰਾਜ਼ੀ-ਖੁਸ਼ੀ ਪੁਛਣ ਲਗ ਪਿਆ।

ਕੁਝ ਚਿਰ ਪਿਛੋਂ ਜਦੋਂ ਕੇਲੂ ਨੇ ਆਪਣੇ ਬਿਸਤਰੇ ਵਿਚੋਂ ਕਢ ਕੇ ਇਕ ਚੌਰਸ ਜੇਬੀ ਘੜੀ ਤੇ ਦੂਹਰੀ ਮੁੱਠ ਵਾਲੀ ਖੂੰਡੀ ਉਹਨੂੰ ਫੜਾਈ ਤਾਂ ਬਿੰਦ ਦਾ ਬਿੰਦ ਉਹ ਲਿਸ਼ਕਦੀ ਘੜੀ ਤੇ 'ਨਾਗ ਵਰਗੀ' ਖੂੰਡੀ ਵਲ ਵਿੰਹਦਾ ਰਿਹਾ ਪਰ ਫੇਰ ਮੋੜ ਕੇ ਫੜਾਉਂਦਾ ਬੋਲਿਆ,"ਸਾਂਭ ਕੇ ਰਖ ਛਡ, ਤੜਕੇ ਵੇਖਾਂਗੇ; ਹੁਣ ਨ੍ਹੇਰੇ 'ਚ ਕੀ ਦਿਸਦੈ।"

ਕੇਲੂ ਘੜੀ ਤੇ ਖੂੰਡੀ ਸਾਂਭ ਕੇ ਆਪਣੀ ਨੌਕਰੀ ਦੀਆਂ ਗੱਲਾਂ ਦਸਣ ਲਗ ਪਿਆ। ਕੇਲੂ ਦੀ ਮਾਂ ਬੀਰੋ ਜਿੰਨਾ ਚਿਰ ਰੋਟੀ-ਟੁਕ ਦੇ ਆਹਰ ਲੱਗੀ ਰਹੀ,ਉਹ ਦੋਵੇਂ ਪਿਓ-ਪੁਤ ਆਪਣੇ 'ਗੁਰਮਤੇ' ਕਰਦੇ ਰਹੇ।

ਕੇਲੂ ਬੰਬਈ ਵਲ ਤੇਲ ਕੱਢਣ ਵਾਲੀ ਇਕ ਕੰਪਨੀ ਵਿਚ ਨੌਕਰ ਸੀ। ਦੋ ਸਾਲ ਮਗਰੋਂ ਤਰੱਕੀ ਹੋ ਜਾਣ ਕਰਕੇ ਉਹਦੀ ਬਦਲੀ ਆਸਾਮ ਵਲ ਕਰ ਦਿਤੀ ਗਈ ਸੀ। ਦਸ ਦਿਨ ਉਹਨੂੰ ਓਥੇ ਜਾਣ ਲਈ ਮਿਲੇ ਸਨ, ਏਸ ਕਰਕੇ ਜਾਂਦਿਆਂ-ਜਾਂਦਿਆਂ, ਘਰੇ ਗੇੜਾ ਮਾਰਨ ਆ ਗਿਆ ਸੀ।

"ਮੈਂ ਕਿਹਾ ਫੇਰ ਖਬਰੇ ਕਦੋਂ ਆਇਆ ਜਾਊ — ਦੂਰ ਈ ਬਲਾ ਭੇਜ 'ਤਾ ਹੁਣ ਤਾਂ — ਪਿੰਡ ਹੋ ਕੇ ਈ ਜਾਊਂ।" ਕੇਲੂ ਨੇ ਸਾਰੀ ਗੱਲ ਦਸ ਕੇ ਕਿਹਾ।

"ਚੰਗਾ ਕੀਤਾ, ਚੰਗਾ ਕੀਤਾ।" ਕੁੰਢੇ ਨੇ ਖੁਸ਼ ਹੋ ਕੇ ਕਿਹਾ , ਪ੍ਰਦੇਸਾਂ 'ਚੋਂ ਨਿੱਤ ਆਉਣਾ ਸੌਖਾ ਪਿਐ।"

ਕੋਲੋਂ ਕੇਲੂ ਦੀ ਬੇਬੇ ਨੇ ਸੱਧਰ ਭਿਜੀ ਆਵਾਜ਼ ਨਾਲ ਹੌਲੀ ਜਿਹੀ ਕਿਹਾ,"ਕੇਲੂ ਪੁੱਤ ਤੇਰੀ ਬਦਲੀ ਏਧਰ ਕਿਤੇ ਨੇੜੇ-ਤੇੜੇ ਨ੍ਹੀਂ ਹੁੰਦੀ?"

"ਨੇੜੇ-ਤੇੜੇ ਕਿਤੇ ਤੇਲ ਨਿਕਲੂ ਤਾਂ ਹੋ ਜੂ ਬੇਬੇ, ਉਂ ਤਾਂ ਨ੍ਹੀਂ ਹੁੰਦੀ।"

ਪਰ ਬੇਬੇ ਵਿਚਾਰੀ ਕੀ ਜਾਣੇ ਤੇਲ ਕਿਵੇਂ, ਕਿਥੋਂ ਨਿਕਲਦਾ ਸੀ। ਇਕ ਲੰਮਾ ਹੌਕਾ ਭਰ ਕੇ ਚੁੱਪ ਕਰ ਗਈ।

ਅਗਲੀ ਸਵੇਰ ਕੁੰਢੇ ਨੇ ਨ੍ਹਾ-ਧੋ ਕੇ ਪੋਚਵੀਂ ਪੱਗ ਬੰਨ੍ਹੀ ਤੇ ਤਿਆਰ-ਬਰਤਿਆਰ ਹੁੰਦਿਆਂ ਖੰਘੂਰਾ ਮਾਰ ਕੇ ਕੇਲੂ ਨੂੰ ਕਿਹਾ, "ਲਿਆ ਹੁਣ ਵੇਖੀਏ, ਕੇਹੋ-ਜੀ ਐ ਤੇਰੀ ਘੜੀ।"

ਕੇਲੂ ਨੇ ਦੋਏ ਚੀਜ਼ਾਂ ਅੰਦਰੋਂ ਲਿਆ ਕੇ ਬਾਪੂ ਨੂੰ ਫੜਾ ਦਿਤੀਆਂ। ਪਹਿਲਾਂ ਹੱਥ ਵਿਚ ਫੜ ਕੇ ਉਹਨੇ ਘੜੀ ਨੂੰ ਗਹੁ ਨਾਲ ਵੇਖਿਆ ਤਾਂ ਕਿਨਾਂ ਚਿਰ ਚੌਰਸ ਤੇ ਕਾਲੀ-ਸ਼ਾਹ ਡੱਬੀ ਨੂੰ ਈ ਵਿੰਹਦਾ ਰਿਹਾ। ਡੱਬੀ ਦੇ ਚੌਹਾਂ ਖੂੰਜਿਆਂ ਉਤੇ ਪਿੱਤਲ ਦੇ (ਸ਼ਾਇਦ ਸੋਨੇ ਦੇ) ਫੁੱਲ ਬੂਟੇ ਉੱਕਰੇ ਜਾਂ ਖੁਣੇ ਹੋਏ ਸਨ ਵਿਚਕਾਰ ਪੋਟੇ ਕੁ ਜਿੰਨੀ ਥਾਂ ਵਿਚ ਸੁਨਹਿਰੀ ਰੰਗ ਦਾ ਹੀ ਇਕ ਮੋਰ ਬਣਿਆ ਹੋਇਆ ਸੀ। ਮੋਰ ਪੈਲ ਪਾ ਰਿਹਾ ਸੀ। ਮੋਰ ਦੇ ਖੰਭਾਂ , ਕਲਗੀ ਤੇ ਧੌਣ ਵਿਚ ਸੱਚੀ-ਮੁੱਚੀ ਦੇ ਮੋਰ ਵਰਗੇ ਹੀ ਰੰਗ ਭਰੇ ਹੋਏ ਸਨ। ਕੁੰਢੇ ਦੀ ਨਿਗ੍ਹਾ ਅਜੇ ਖਾਸੀ ਤੇਜ਼ ਸੀ। । ਮੋਰ ਦੀਆਂ ਅੱਖਾਂ ਵਾਲੇ ਥਾਂ ਜੜੇ ਖਸਖਸ ਦੇ ਦਾਣਿਆਂ ਵਰਗੇ ਮਣਕੇ ਵੀ ਉਹਨੂੰ ਦਿਸ ਪਏ। ਉਹਨੇ ਉਂਗਲ ਫੇਰ ਕੇ ਉਹਨਾਂ ਮਣਕਿਆਂ ਨੂੰ ਟੋਹ ਕੇ ਵੇਖਿਆ ਤਾ ਇੰਜ ਜਾਪਿਆ ਜਿਵੇਂ ਉਹ ਸਚੀਂ ਹੀ ਜੀਉਂਦੇ ਮੋਰ ਦੀਆਂ ਅੱਖਾਂ ਪਲੋਸ ਰਿਹਾ ਹੋਵੇ।

ਪਲ ਕੁ ਪਿਛੋਂ ਵਰਾਛਾਂ ਖਿਲਾਰ ਕੇ ਉਹਨੇ ਘੜੀ ਕੇਲੂਵਲ ਵਧਾਉਂਦਿਆਂ ਕਿਹਾ, ਇਹ ਖੁਲ੍ਹਦੀ ਕਿਵੇਂ ਐਂ ਬਈ ?"

ਮੁਸਕਰਾ ਕੇ ਉਹਦੇ ਹੱਥੋਂ ਘੜੀ ਫੜਦਿਆਂ ਕੇਲੂ ਨੇ ਏਹਦੀ ਸਿਖਰਲੀ ਨੁਕਰ ਉਤੇ ਲੱਗਿਆ ਇਕ ਚਿੱਟਾ ਬਟਨ ਅੰਗੂਠੇ ਨਾਲ ਦੱਬ ਦਿਤਾ। ਕੜਿੱਕ ਕਰਕੇ ਘੜੀ ਦੀ ਕਾਲੀ ਡੱਬੀ ਵਿਚਕਾਰੋਂ ਪਾਟ ਕੇ ਦੋ ਤਿਕੋਣਾਂ ਜਹੀਆਂ ਵਖ ਹੋ ਗਈਆਂ। ਮੋਰ ਵੀ ਵਿਚਕਾਰੋਂ ਦੋ ਹੋ ਗਿਆ। ਵਿਚੋਂ ਲਿਸ਼ ਲਿਸ਼ ਕਰਦੀ ਸਟੀਲ ਦੀ ਚੌਰਸ ਘੜੀ ਦੀਆਂ ਲਾਲ ਸੂਈਆਂ ਵੀਰ ਵਹੁਟੀ ਵਾਂਗ ਚਮਕਦੀਆਂ ਦਿਸੀਆਂ ਤਾਂ ਕੁੰਢਾ ਹੋਰ ਵੀ ਹੈਰਾਨ ਹੋ ਗਿਆ। ਫੇਰ ਕੇਲੂ ਨੇ ਉਹਨੂੰ ਘੜੀ ਦੇ ਸਿਖਰਲੇ ਖੂੰਜੇ ਲੱਗੀ ਚਾਬੀ ਦੇਣ ਤੇ ਉਸ ਨਾਲ ਸੂਈਆਂ ਘੁਮਾਉਣ ਦਾ ਵੱਲ ਵੀ ਦਸਿਆ। ਘੜੀ ਦੀ ਜੰਜ਼ੀਰੀ ਨੂੰ ਕੁੜਤੇ ਦੇ ਕਾਜ ਵਿਚ ਅੜੰਗਣ ਲਈ ਜਿਹੜਾ ਲੰਬੂਤਰਾ ਜਿਹਾ ਛੱਲਾ ਲਗਿਆ ਹੋਇਆ ਸੀ, ਉਹਨੂੰ ਖੋਲ੍ਹਣ-ਅੜਾਉਣ ਦਾ ਤਰੀਕਾ ਵੀ ਸਖਾਇਆ। ਕੁੰਢਾ ਨਿਆਣਿਆਂ ਵਾਂਗ ਹੈਰਾਨ ਜਿਹਾ ਹੋਇਆ ਸਭ ਕੁਝ ਬਾਰੇ ਮੁੜ ਮੁੜ ਇਉਂ ਪੁਛਦਾ ਰਿਹਾ , ਜਿਵੇਂ ਕੋਈ ਸੰਥਿਆ ਪਕਾ ਰਿਹਾ ਹੋਵੇ।

ਕੇਲੂ ਤਿੰਨ ਦਿਨ ਘਰੇ ਰਿਹਾ। ਤਿੰਨੇ ਦਿਨ ਘੜੀ ਤੇ ਖੂੰਡੀ ਕੁੰਢੇ ਨੇ ਸੰਦੂਕ ਵਿਚ ਸਾਂਭ ਕੇ ਰੱਖ ਛਡੀ। ਉਹਦਾ ਚਿੱਤ ਇਹਨਾਂ ਨੂੰ ਮੁੜ ਮੁੜ ਦੇਖਣ ਨੂੰ ਕਾਹਲਾ ਪੈ ਰਿਹਾ ਸੀ, ਪਰ ਕੇਲੂ ਦੇ ਸਾਹਮਣੇ ਇਹ 'ਨਿਆਣਮੱਤ' ਲਗਦੀ ਸੀ।

ਚੌਥੇ ਦਿਨ ਕੇਲੂ ਤੁਰਨ ਲਗਿਆ ਤਾਂ ਉਹਨੇ ਮਾਂ ਨੂੰ ਮੱਥਾ ਟੇਕਦਿਆਂ ਕਿਹਾ, "ਚੰਗਾ ਬੇਬੇ, ਮੈਂ ਪੰਜ-ਚਾਰ ਮਹੀਨਿਆਂ ਤਾਂਈਂ ਫੇਰ ਗੇੜਾ ਮਾਰੂੰ, ਫਿਕਰ ਨ ਕਰਿਓ।"

"ਲੈ ਫਿਕਰ ਕਾਹਦੈ!" ਕੁੰਢੇ ਨੇ ਹੌਂਸਲੇ ਨਾਲ ਕਿਹਾ, "ਰੁਜ਼ਗਾਰ 'ਤੇ ਚਲਿਐਂ, ਰੁਜ਼ਗਾਰ ਪਿਛੇ ਤਾਂ ਦੁਨੀਆ ਚੀਨੇ-ਮਚੀਨੇ ਤੁਰੀ ਫਿਰਦੀ ਐ.....ਕਮਾਓ - ਖਾਓ, ਸੁਖੀ ਵਸੋ, ਸਾਨੂੰ ਫਿਕਰ ਕਾਹਦੈ।"

ਉਹਦੀ ਹਾਂ ਵਿਚ ਹਾਂ ਮਿਲਾਉਣ ਲਈ ਹੀ ਅੱਖਾਂ ਪੂੰਝਦਿਆਂ, ਭਰੇ ਗਲ੍ਹ ਨਾਲ ਬੀਰੋ ਨੇ ਵੀ ਕਹਿ ਦਿਤਾ , ਰਾਜੀ ਖੁਸ਼ੀ ਰਹਿ ਪੁੱਤ---ਕੋਈ ਨ੍ਹੀਂ, ਉਹ ਜਾਣੈ, ਕਦੇ ਨੇੜੇ ਦੀ ਬਦਲੀ ਹੋ-ਜੂ---"

ਕੁੰਢੇ ਦੇ ਚਿੱਤ ਨੂੰ ਵੀ ਭਾਵੇਂ ਅੰਦਰੋਂ ਖੋਹ ਜਹੀ ਪੈ ਰਹੀ ਸੀ, ਪਰ ਉਹਨੇ ਚਿੱਤ ਕਰੜਾ ਕਰਕੇ ਫੇਰ ਕਿਹਾ, "ਕੋਈ ਨ੍ਹੀਂ ਵਾਖਰੂ ਸਭ ਪਲੀ ਕਰੂ---ਅਗਲੇ ਸਾਲ ਜਦੋਂ ਤੇਰਾ ਵਿਆਹ ਕਰਾਂਗੇ, ਓਦੋਂ ਖਾਸੀ ਛੁੱਟੀ ਲੈਕੇ ਆ ਜੀਂ, ਨਾਲੇ ਤੇਰੀ ਮਾਂ ਦਾ ਚਾਅ ਪੂਰਾ ਹੋ ਜੂ।"

ਵਿਆਹ ਦੀ ਗੱਲ ਸੁਣਕੇ ਬੀਰੋ ਦੀਆਂ ਸਿਲ੍ਹੀਆਂ ਹੋਈਆਂ ਅੱਖਾਂ ਚਮਕ ਪਈਆਂ। ਪਰ ਕੇਲੂ ਚੁਪ ਕਰ ਗਿਆ।

ਅਗਲੇ ਦਿਨ ਤੜਕੇ ਈ ਨਵੇਂ ਖੱਦਰ ਦਾ ਟੋਟਾ ਲੈ ਕੇ ਕੁੰਢਾ ਫੰਗਣ ਦਰਜ਼ੀ ਕੋਲ ਜਾਂਦਾ ਰਿਹਾ। ਫੰਗਣ ਨੇ ਕੇਲੂ ਦੀਆਂ ਗੱਲਾਂ ਛੇੜ ਲਈਆਂ ਪਰ ਕੁੰਢੇ ਨੇ ਕੁਝ ਕਾਹਲਾ ਪੈ ਕੇ ਕਿਹਾ , ਤੂੰ ਐਂ ਕਰ ; ਪਹਿਲਾਂ ਮੈਥੋਂ , ਕੁੜਤੇ ਦੀ ਬਾਬਤ ਸਾਰੀ ਗੱਲ ਸਮਝ ਲੈ---"

"ਸਮਝਾ" ਫੰਗਣ ਨੇ ਆਪਣੀਆਂ ਉਲਝੀਆਂ ਮੁੱਛਾਂ ਵਿਚੋਂ ਉਚੇ ਦੰਦ ਹੋਰ ਬਾਹਰ ਕੱਢਦਿਆਂ ਵਿਅੰਗ ਨਾਲ ਕਿਹਾ , "ਕੀ ਸਮਝਾਏਂ ਗਾ, ਬਈ ਐਥੇ ਟਾਈ-ਕਾਲਰ ਲੌਣੈ, ਐਥੇ ਸਟੱਡਾਂ ਵਾਲੇ ਕਫ ਬਣੌਣੇ ---ਹੈਂ ?"

"ਤੂੰ ਫੰਗਣਾ ਐਵੇਂ ਭਕਾਈ ਨਾ ਮਾਰਿਆ ਕਰ, ਸਾਰਾ ਦਿਨ---- ਵਖਤ ਵੀ ਵਿਚਾਰੀ ਦਾ ਹੁੰਦੈ।"

"ਹਲਾ" ਫੰਗਣ ਨੇ ਆਪਣੇ ਵਿਰਲੇ, ਉਚੇ ਦੰਦਾਂ ਨੂੰ ਮੁੱਛਾਂ ਵਿਚ ਲੁਕੋਂਦਿਆਂ , ਤੇ ਹੜਬਾਂ ਨਿਕਲੇ ਚਿਹਰੇ ਉਤੇ ਗੰਭੀਰਤਾ ਲਿਆਉਣ ਦਾ ਸਾਂਗ ਰਚਦਿਆਂ ਕਿਹਾ , "ਚੰਗਾ, ਵਚਾਰ ਲਿਆ ਕਰ ਵਖਤ।--- ਦਸ ਹੁਣ ਕਿਮੇ ਬਣੌਣੈ ?

ਕੁੰਢੇ ਨੇ ਖੰਘੂਰਾ ਮਾਰ ਕੇ, ਸੱਚੀਂ ਹੀ ਬੜੀ ਗੰਭੀਰਤਾ ਨਾਲ ਉਹਨੂੰ ਕੁੜਤੇ ਦੀ ਕਾਟ, ਸੰਵਾਈ, ਅੰਦਰਲੀ ਦੂਹਰੀ ਜੇਬ, ਗਲਮੇ ਤੇ ਕਾਜਾਂ ਬਾਰੇ ਅਜਿਹੀਆਂ ਹਦਾਇਤਾਂ ਦਿਤੀਆਂ ਕਿ ਫੰਗਣ ਨੂੰ 'ਦਾਲ 'ਚ ਕੁਝ ਕਾਲਾ' ਨਜ਼ਰ ਆਉਣ ਲਗ ਪਿਆ । ਉਹਦੇ ਮੂੰਹੋਂ ਇਹ ਸ਼ਬਦ ਨਿਕਲਦੇ ਨਿਕਲਦੇ ਮਸਾਂ ਬਚੇ, 'ਕਿਉਂ ਪੱਕੀ' ਤਿਆਰੀ ਐ ਕਿ ?' ਪਰ ਕੁੰਢੇ ਦੇ ਰੌਂ ਨੂੰ ਵੇਖ ਕੇ ਹੀ ਉਹਦੇ ਹੋਠ ਨਹੀਂ ਖੁਲ੍ਹ ਸਕੇ ।

ਚੌਥੇ ਪੰਜਵੇਂ ਦਿਨ ਜਦੋਂ ਕੁੰਢਾ ਨਵਾਂ ਕੁੜਤਾ, ਨਵਾਂ ਪਜਾਮਾ ਤੇ ਚਿੱਟੀ ਮਲਮਲ ਦੀ ਪੱਗ ਬੰਨ੍ਹ ਕੇ, ਦੂਹਰੀ ਮੁੱਠ ਵਾਲੀ ਖੂੰਡੀ ਫੜੀ ਸੱਥ ਵਿਚ ਆਇਆ ਤਾਂ ਉਹਦੇ ਸਾਰੇ ਹਾਣੀ ਉਹਦੀ ਖੂੰਡੀ ਤੇ ਘੜੀ ਵੱਲ ਹੀ ਵਿਹੰਦੇ ਰਹੇ ।

ਰਤਨੇ ਭਿੰਡਰ ਨੇ ਮਲਕੜੇ ਜਿਹੇ ਉਹਦੇ ਹੱਥੋਂ ਖੂੰਡੀ ਫੜਦਿਆਂ ਉਹਨੂੰ ਹੇਠੋਂ ਉਤੋਂ ਮੁੜ ਮੁੜ ਵਿਹੰਦਿਆਂ ਕਿਹਾ, "ਹੁਣ ਬਣਿਐਂ ਤੂੰ ਅਸਲੀ 'ਪਿਲਸਣੀਆ' ਤਾਂ!" ਫੇਰ ਉਹਨੇ ਖੂੰਡੀ ਦੀਆਂ ਉਤਲੀਆਂ ਮੁੱਠਾਂ ਖੋਲ੍ਹ ਕੇ ਅੱਡ ਕੀਤੀਆਂ ਤਾਂ ਉਹ ਖੱਬੇ-ਸੱਜੇ ਸਿਧੀਆਂ ਹੋ ਗਈਆਂ; ਦੋਹਾਂ ਮੁੱਠਾਂ ਦੇ ਵਿਚਕਾਰ ਲੱਗਿਆ ਚਮੜੇ ਦਾ ਛੀ-ਸੱਤ ਉਂਗਲਾਂ ਚੌੜਾ ਲੱਪਾ ਜਿਹਾ ਆਰਾਮ ਕੁਰਸੀ ਦੇ ਕਪੜੇ ਵਾਂਗ ਖੁਲ੍ਹ ਕੇ ਕਸਿਆ ਗਿਆ ।

"ਆਹ ਕੀ ਬਣੀ !" ਖੇਮੇ ਨੇ ਬੱਗੀਆਂ-ਬੱਗੀਆਂ ਅੱਖਾਂ ਟਮਕਾ ਕੇ, ਖੂੰਡੀ ਵਲ ਵੇਖਿਆ । "ਇਹ ਤਾਂ ਕੁਰਸੀ ਆਂਗੂੰ ਬਣਗੀ, ਸਾਹਬ ਲੋਕਾ !"

"ਹਾਂ !" ਕੁੰਢੇ ਨੇ ਰਤਨੇ ਦੇ ਹੱਥੋਂ ਖੂੰਡੀ ਫੜ ਕੇ ਖੇਮੇ ਵਲ ਕਰਦਿਆਂ ਚਮੜੇ ਦੇ ਲੱਪੇ ਜਿਹੇ ਨੂੰ ਉਤੋਂ ਦਬਦਿਆਂ ਕਿਹਾ, "ਜੇ ਰਾਹ 'ਚ ਜਾਂਦੇ ਬੰਦੇ ਨੂੰ ਥਕੇਮਾਂ ਹੋ-ਜੇ ਤਾਂ ਇਹਦੀ ਘੋਪ ਧਰਤੀ 'ਚ ਗੱਡ ਕੇ 'ਰਾਮ ਨਾਲ ਉਤੇ ਬਹਿਜੇ; ਬਿੰਦ ਰਸ਼ਟ ਕਰ ਲੈ । ਨਹੀਂ ਤਾਂ ਆਵਦਾ, ਐਂ ਕਰਕੇ ਬੰਦ ਕਰਲੋ ਤੇ ਮੌਜ ਨਾਲ ਤੁਰੇ ਜਾਓ !"

ਤੇ ਕੁੰਢੇ ਨੇ ਖੱਬਿਓਂ-ਸਜਿਓਂ ਦੋਵੇਂ ਮੁੱਠਾਂ ਫੜ ਕੇ ਉਤਾਂਹ ਚੁਕੀਆਂ ਤਾਂ ਖੂੰਡੀ ਮੁੜ ਉਵੇਂ ਬਣ ਗਈ; ਉਹ ਲੱਪਾ ਜਿਹਾ ਮੁੱਠਾਂ ਦੇ ਵਿਚਕਾਰ ਲੁਕ ਗਿਆ । ਸਾਰੇ ਬੁੱਢੇ-ਠੇਰੇ ਤਾਂ ਕੀ, ਅਧਖੜ ਉਮਰ ਦੇ ਬੰਦੇ ਤੇ ਗੱਭਰੂ ਮੁੰਡੇ ਵੀ ਉਸ ਖੂੰਡੀ ਨੂੰ ਮੁੜ ਮੁੜ ਵਿਹੰਦੇ ਰਹੇ । ਉਹਦੇ ਹੇਠ, ਕਾਲੇ ਨਾਗ ਵਰਗੀ ਜਿਹੜੀ ਸੋਟੀ ਦੇ ਹੇਠ ਸਿਲਵਰ ਦੀ ਘੋਪ ਲੱਗੀ ਹੋਈ ਸੀ, ਉਹ ਏਨੀ ਮਜ਼ਬੂਤ ਸੀ ਕਿ ਚਾਹੇ ਖੂੰਡੀ ਉਤੇ, ਸਾਢੇ ਚਾਰ ਮਣਾ ਫੰਮਣ ਨਿਆਮੀ-ਆਲੀਆ ਬਹਿ ਜਾਂਦਾ ਤਾਂ ਵੀ ਉਹ ਨਹੀਂ ਸੀ ਜਮ੍ਹਕਦੀ । ਹਰੇਕ ਮੁੜ ਮੁੜ ਕੁੰਢੇ ਨੂੰ ਇਹੋ ਪੁਛਦਾ ਸੀ, "ਬਈ ਇਹ ਲਕੜ ਕਾਹਦੀ ਐ, ਸਾਬ ਲੋਕਾ ?"

ਕੁੰਢਾ ਪਹਿਲਾਂ ਤਾਂ ਚੁਪ ਕੀਤਾ ਸਿਰ ਹਿਲਾਉਂਦਾ ਰਿਹਾ ਪਰ ਫੇਰ ਕੁਝ ਰੋਅਬ ਨਾਲ ਖੰਘੂਰਾ ਮਾਰਦਿਆਂ, ਉਹਨੇ ਗੰਭੀਰਤਾ ਨਾਲ ਗੱਲ ਮੁਢੋਂ ਸ਼ੁਰੂ ਕੀਤੀ, "ਇਹ ਲਕੜੀ, ਪਹਾੜ 'ਚ ਬੜੇ ਉਚੇ ਥਾਂ ਪੈਦਾ ਹੁੰਦੀ ਐ । ਤੇ...ਇਹਦਾ ਦਰਖਤ ਪੰਜਾਹ ਹੱਥ ਉਚਾ ਹੁੰਦੈ । ...ਬਾਕੀ ਜੋ ਇਹਦੀਆਂ ਸਾਖਾਂ ਹੁੰਦੀਐਂ..."

ਤੇ ਸਾਰੀ ਗੱਲ ਪੂਰੀ ਕਰਨ ਉਤੇ ਉਹਨੇ ਕਿੰਨਾ ਚਿਰ ਲਾ ਦਿਤਾ। ਬੁਢਿਆਂ ਨੂੰ ਉਹਦੀ ਸਾਰੀ ਗੱਲ ਸਚੀ ਲੱਗੀ, ਪਰ ਗਭਰੂ ਮੁਸਕੜੀਏ ਹੱਸ ਪਏ ਖੇਤ ਨੂੰ ਜਾਂਦੇ ਜਾਂਦੇ ਪਾਲੂ ਕੇ ਪਾੜ੍ਹੇ ਮੀਰੂ ਨੇ ਖੜੋ ਕੇ ਸਾਰੀ ਗੱਲ ਸੁਣ ਲਈ ਸੀ ਉਹਨੇ ਹੱਸ ਕੇ ਕਿਹਾ, "ਤਾਇਆ, ਆਪਣਾ ਕੇਲੂ ਕੌਣਸੇ ਸਮੇਰ ਪਰਬਤ ਮੇਂ ਰਹਿਤੇ ?"

ਕੁੰਢੇ ਨੇ ਪਾੜ੍ਹੇ ਦੀਆਂ ਅੱਖਾਂ ਵਿਚ ਸ਼ਰਾਰਤ ਵੇਖ ਕੇ, ਉਸ ਵੱਲ ਘੂਰਦਿਆਂ ਕਿਹਾ, "ਤੇਰੀ ਮਾਂ ਦੇ ਕਿੜੇ ਆਲੇ ਸਿਰ ਮੇਂ !"

ਸਾਰੇ ਕੁੰਢੇ ਦੀ ਖਿਝ ਉਤੇ ਹੱਸ ਪਏ । ਪਾੜ੍ਹਾ ਉਚੀ ਠਹਾਕਾ ਮਾਰ ਕੇ ਖੇਤ ਨੂੰ ਤੁਰ ਗਿਆ ।

ਫੇਰ ਕਿੰਨੇ ਹੀ ਦਿਨ ਕੁੰਢੇ ਦੀ ਚੌਰਸ ਜੇਬੀ ਘੜੀ ਤੇ ਦੂਹਰੀ ਮੁੱਠ ਵਾਲੀ ਖੂੰਡੀ ਦੀਆਂ ਜਿਵੇਂ ਪਿੰਡ ਵਿਚ ਵਾਰਾਂ ਤੁਰਦੀਆਂ ਰਹੀਆਂ । ਸਾਰੇ ਉਹਦੇ ਭਾਗਾਂ ਨੂੰ ਸਲਾਹੁੰਦੇ, ਉਹਦੇ ਸਲੱਗ ਪੁੱਤ ਕੇਲੂ ਦੀਆਂ ਸਿਫਤਾਂ ਕਰਦੇ ਰਹੇ । ਖਾਸ ਕਰਕੇ ਰਤਨਾ ਭਿੰਡਰ ਤਾਂ ਜਦੋਂ ਮਿਲਦਾ ਇਹੋ ਗੱਲ ਛੇੜਦਾ।

"ਸਭ ਕਰਮਾਂ ਦੀਆਂ ਗੱਲੈਂ ਕੁੰਢਾ ਸਿਆਂ।" ਲੰਮਾ ਹਉਕਾ ਭਰ ਕੇ ਉਹ ਕਹਿੰਦਾ, "ਪਿਛਲੇ ਕਰਮਾਂ ਦਾ ਲਿਖਿਆ ਉਘੜ ਪਿਆ ਤੇਰਾ ਤਾਂ, ਅਸੀਂ ਕਿਹੜੇ ਖੂਹ 'ਚ ਡਿਗੀਏ ? ਚਾਰੇ ਸਾਲੇ ਐਂ ਵਢੂੰ-ਖਾਊਂ ਕਰਦੇ ਐ। ਜਦੋਂ ਨੈਣ-ਪਰਾਣ ਚਲਦੇ ਸੀ, ਓਦੋਂ ਤਾਂ ਮੈਂ ਬੁੜ੍ਹਾ ਸਾਰਿਆਂ ਨੂੰ ਚੰਗਾ ਲੱਗਦਾ ਸੀ, ਹੁਣ ਕੋਈ ਸਾਲਾ ਘੱਟੀ ਲੱਸੀ ਕਿਹੜਾ ਫੜੌਣ ਔਂਦੈ...ਟੈਮ-ਟੈਮ ਦੀਆਂ ਗੱਲੈਂ, ਇਹ ਟੈਮ ਵੀ ਦੇਖਣਾ ਪੈਣਾ ਸੀ ।"

ਕੁੰਢਾ ਉਹਨੂੰ ਧਰਵਾਸ ਦਿੰਦਿਆਂ ਕੁਝ ਭਰੋਸੇ ਨਾਲ ਕਹਿੰਦਾ, "ਕੋਈ ਨ੍ਹੀਂ, ਮੈਂ ਸਮਝਾਊਂ ! ਹੁਣ ਜੇ ਆਪਾਂ ਬੁੜ੍ਹੇ ਹੋ-ਗੇ ਤਾ ਪਰਾਣੀ ਮਸ਼ੀਨਰੀ ਆਂਗੂੰ ਆਪਾਂ ਨੂੰ ਕੰਡਮ ਕਰਕੇ ਕਬਾੜੀਆਂ ਦੇ ਤਾਂ ਨ੍ਹੀਂ ਸਿਟ ਦੇਣਾ ਕਮਲਿਆ ? ਕੋਈ ਗੱਲ ਐ ਇਹ ! ਮੁੰਡਿਆਂ 'ਤੇ ਨ੍ਹੀਂ ਕੱਲ੍ਹ ਨੂੰ ਇਹ ਟੈਮ ਆਉਣਾ ?"

ਸਾਰੇ ਹੈਰਾਨ ਸਨ ਕਿ ਕੁੰਢੇ ਨੂੰ ਹੁਣ ਅੰਗਰੇਜ਼ੀ ਵੀ ਬਹੁਤੀ ਬੋਲਣੀ ਆ ਗਈ ਸੀ । ਏਸੇ ਕਰਕੇ ਮਾੜੇ-ਧੀੜੇ ਬੰਦੇ ਤਾਂ ਉਹਦਾ ਉਂਜ ਈ ਰੋਅਬ ਮੰਨਣ ਲਗ ਪਏ ਸਨ ।

ਇਹਨੀ ਦਿਨੀਂ ਇਕ ਹੋਰ ਅਲੋਕਾਰ ਗੱਲ ਇਹ ਹੋਈ ਸੀ ਕਿ ਕੁੰਢਾ ਆਪਣੀ ਜ਼ਮੀਨ ਛਡਾਉਣ ਦੀਆਂ ਸਲਾਹਾਂ ਕਰਨ ਲੱਗ ਪਿਆ ਸੀ । ਜਦੋਂ ਉਹਨੇ ਕੇਲੂ ਨੂੰ ਪੜ੍ਹਾਉਣ ਵਾਸਤੇ ਤੇਰ੍ਹਾਂ ਕਿੱਲਿਆਂ ਵਿਚੋਂ ਚਾਰ ਕਿੱਲੇ ਗਹਿਣੇ ਧਰੇ ਸਨ ਤਾਂ ਸਾਰੇ ਪਿੰਡ ਵਿਚ ਉਹ ਹੀਣਾ ਹੋ ਗਿਆ ਸੀ । ਲੋਕਾਂ ਨੇ ਉਹਨੂੰ 'ਮੱਤਾਂ ਵੀ ਦਿਤੀਆਂ, ਪਰ ਕੁੰਢੇ ਨੇ ਜੇਰਾ ਰੱਖਿਆ । ਸਭ ਦੀਆਂ ਝੱਲ ਕੇ ਵੀ ਉਹਨੇ ਕੇਲੂ ਦੀ ਤਿੰਨ ਸਾਲ ਦੀ ਪੜ੍ਹਾਈ ਪੂਰੀ ਕਰਵਾ ਦਿਤੀ। ਤੇ ਜਦੋਂ ਉਹ ਨੌਕਰ ਹੋ ਗਿਆ ਤਾਂ ਕੁੰਢਾ ਜ਼ਮੀਨ ਠੇਕੇ ਉਤੇ ਦੇਕੇ, ਓਸੇ ਦਿਨ ਵਾਹੀ ਛੱਡ ਕੇ 'ਪਿਲਸਣੀਆ' ਬਣ ਬੈਠਾ । ਲੋਕਾਂ ਨੇ ਉਹਦਾ ਨਾਂ 'ਕੁੰਢਾ ਪਿਲਸਣੀਆ' ਹੀ ਪੱਕਾ ਲਿਆ । ਕਈ ਉਹਨੂੰ 'ਕੁੰਢਾ ਸਿਓਂ ਸਾਹਬ ਲੋਕ' ਕਹਿਣ ਲਗ ਪਏ ।

ਕੁੰਢਾ ਜਦੋਂ ਫੌਜ ਵਿਚੋਂ ਮੁੜਿਆ ਸੀ ਤਾਂ ਕੇਲੂ ਦੀ ਉਮਰ ਚਹੁੰ ਵਰ੍ਹਿਆਂ ਦੀ ਸੀ । ਕੇਲੂ ਤੋਂ ਵਡੀਆਂ ਤਿੰਨ ਧੀਆਂ ਦਾ ਪਹਾੜ ਜਿਡਾ ਭਾਰ ਕੁੰਢੇ ਦੇ ਸਿਰ ਸੀ । ਇਕੱਲਾ ਕਮਾਊ, ਤੇਰ੍ਹਾਂ ਕਿੱਲੇ ਪੈਲੀ, ਦਿਨ-ਰਾਤ ਮਿੱਟੀ ਨਾਲ ਮਿੱਟੀ ਹੋ ਕੇ, ਉਹਨੇ ਪੰਦਰਾਂ ਵਰ੍ਹੇ 'ਦਸੌਂਟਾ' ਕਟਿਆ। ਪਰ ਜਦੋਂ ਸਾਰੀ ਕਬੀਲਦਾਰੀ ਕਿਉਂਟ ਲਈ, ਕੇਲੂ ਪੜ੍ਹ ਕੇ ਨੌਕਰੀ ਵੀ ਲੱਗ ਗਿਆ, ਉਹਦਾ ਮੰਗਣਾ ਵੀ ਉਹਨੇ ਸਰਦੇ-ਪੁਜਦੇ ਜ਼ਿਮੀਂਦਾਰਾਂ ਘਰ ਕਰ ਲਿਆ, ਤਾਂ ਉਹਨੂੰ ਆਪਣੀ ਸਾਰੀ ਮਿਹਨਤ ਰਾਸ ਆਈ ਜਾਪੀ । ਆਪਣੀ ਜ਼ਮੀਨ ਗਹਿਣੇ ਧਰਨ ਦੀ ਵੀ ਉਹਨੇ ਕੋਈ ਸੰਗ-ਸ਼ਰਮ ਮਹਿਸੂਸ ਨਹੀਂ ਸੀ ਕੀਤੀ ।

"ਜੈਦਾਤਾਂ ਹੋਈਆਂ ਬੰਦਿਆਂ ਨਾਲ !....ਬੰਦੇ ਬਣੌਂਦੇ ਆਏ । ਜੇ ਸਲੱਗ ਹੋਊ ਤਾਂ ਆਪੇ ਦੂਣੀ-ਚੌਣੀ ਬਣਾ ਲੂ, ਨਹੀਂ ਤਾਂ ਮੇਰਾ ਕੀ ਐ ? ਆਪਾਂ ਨੂੰ ਤਾਂ ਦੋ ਗੁੱਲੀਆਂ ਚਾਹੀਦੀਆਂ ਐਂ, ਪਿਨਸ਼ਨ ਦੇ ਪੈਸੇ ਈ ਨ੍ਹੀਂ ਮੁਕਦੇ, ਹੋਰ ਜੈਦਾਤਾਂ ਆਪਾਂ ਕੀ ਕਰਨੀਐਂ !" ਉਹ ਦਲੀਲ ਦਿੰਦਾ ।

ਤੇ ਜਿਨ੍ਹਾਂ ਨੂੰ ਉਹਦੀਆਂ ਇਹ ਦਲੀਲਾਂ ਸ਼ੇਖ ਚਿਲੀ ਵਾਲੀਆਂ ਫੁਕਰੀਆਂ ਗੱਲਾਂ ਵੀ ਲਗਦੀਆਂ ਹੁੰਦੀਆਂ, ਹੁਣ ਉਹ ਵੀ ਸ਼ਸ਼ੋਪੰਜ ਵਿਚ ਪੈ ਗਏ ਸਨ । ਉਹਦੇ ਨਾਲ ਰਸ਼ਕ ਕਰਨ ਲਗ ਪਏ ਸਨ । ਜਿਹੋ-ਜਿਹੀ ਘੜੀ ਤੇ ਖੂੰਡੀ ਕੁੰਢੇ ਕੋਲੇ ਸੀ, ਸਾਰੇ ਪਿੰਡ ਨੇ ਇਹੋ-ਜਿਹੀ ਕਦੇ ਵੇਖੀ ਵੀ ਨਹੀਂ ਸੀ । ਘੜੀ ਏਨਾ ਸਹੀ ਟਾਈਮ ਦਿੰਦੀ ਸੀ ਕਿ ਪਿੰਡ ਦੇ ਸਾਰੇ ਮੀਰਾਬ ਦੂਜੇ-ਚੌਥੇ ਕੁੰਢੇ ਦੀ ਘੜੀ ਨਾਲ ਘੜੀ ਮਿਲਾ ਕੇ ਲਿਜਾਂਦੇ । ਕੁੰਢਾ ਵੀ ਜਦੋਂ ਟਾਈਮ ਦਸਦਾ ਤਾਂ ਨਾਲ ਸਕਿੰਟਾਂ ਵਾਲੀ ਸੂਈ ਵੇਖ ਕੇ ਕਹਿੰਦਾ, "ਸੱਤ ਵਜ ਕੇ ਤੇਈ ਮਿੰਟ ਤੇ ... ਕੋਈ ਤੀਹ 'ਕ ਸਕਿੰਟ ਹੋਏ ਐ !"

ਕਮਾਲ ਨਹੀਂ ਸੀ ਕਿ ਕੁੰਢੇ ਦੀ ਜੇਬੀ ਘੜੀ ਸਕਿੰਟਾਂ ਦਾ ਵੀ ਫਰਕ ਨਹੀਂ ਸੀ ਪੈਣ ਦਿੰਦੀ ?—ਨਾਲੇ ਉਹ ਸੋਹਣੀ ਈ ਏਨੀ ਸੀ ਕਿ ਉਸਦੀ ਜੇਬ ਵਿਚੋਂ ਮੁੜ-ਮੁੜ ਕਢਾ ਕੇ ਵੇਖਣ ਨੂੰ ਜੀਅ ਕਰਦਾ ਸੀ !

ਹੁਣ ਕੁੰਢੇ ਨੇ ਕਦੇ ਮੰਡੀ ਜਾਣਾ ਹੁੰਦਾ(ਉਹ ਅਗੇ ਨਾਲੋਂ ਬਹੁਤਾ ਈ ਮੰਡੀ ਜਾਣ ਲਗ ਪਿਆ ਸੀ) ਤਾਂ ਉਹ ਪਹਿਲਾਂ ਦੁਕਾਨਾਂ ਖੁਲ੍ਹਣ ਦੇ ਟਾਈਮ ਦਾ ਹਿਸਾਬ ਲਾਉਂਦਾ; ਫੇਰ ਰਾਹ ਵਿਚ ਲੱਗਣ ਵਾਲੇ ਵਕਤ ਦਾ ਅੰਦਾਜ਼ਾ ਲਾਉਂਦਾ ਤੇ ਉਸੇ ਹਿਸਾਬ ਨਾਲ 'ਸੱਤ ਵਜ ਕੇ ਤੇਤੀ-ਚੌਂਤੀ ਮਿੰਟ' ਉਤੇ, 'ਸਹੀ' ਘਰੋਂ ਤੁਰਦਾ । ਜਦੋਂ ਉਹ ਆਪਣੀ ਖੂੰਡੀ ਸਹਾਰੇ ਬੋਚ ਬੋਚ ਤੁਰਦਾ ਮੰਡੀ ਦੇ ਸ਼ੇਰਾਂ ਵਾਲੇ ਗੇਟ ਕੋਲ ਪਹੁੰਚਦਾ ਤਾਂ ਸਭ ਦੁਕਾਨਾਂ ਖੁਲ੍ਹ ਚੁਕੀਆਂ ਹੁੰਦੀਆਂ । ਹਟਵਾਣੀਏ ਗੱਲਿਆਂ ਉਤੇ ਧੂਫ ਧੁਖਾ ਰਹੇ ਹੁੰਦੇ । ਉਹ ਗੇਟ ਦੇ ਥਮਲੇ ਕੋਲ ਖੜੋ ਕੇ ਪਹਿਲਾਂ ਮੋਢੇ ਉਤੇ ਰੱਖੇ ਮੂਕੇ ਨਾਲ ਮੂੰਹ, ਹੱਥ, ਪੈਰ ਝਾੜਦਾ ਤੇ ਫੇਰ ਪੱਗ ਸੂਤ ਕਰਕੇ ਖੂੰਡੀ ਨੂੰ ਥਮਲੇ ਦੇ ਸਹਾਰੇ ਖੜ੍ਹੀ ਕਰਦਿਆਂ ਜੇਬ ਵਿਚੋਂ ਬੋਚ ਕੇ ਘੜੀ ਕਢਦਾ ਤੇ ਉਹਦਾ ਸਿਖਰਲਾ ਬਟਨ ਦੱਬ ਦਿੰਦਾ। 'ਕੜਿਕ' ਦੀ ਆਵਾਜ਼ ਨਾਲ ਘੜੀ ਦੀਆਂ ਲਾਲ ਸੂਈਆਂ ਜਿਵੇਂ ਉਹਨੂੰ 'ਝਾਤ' ਕਹਿੰਦੀਆਂ ! ਉਹ ਮੁਸਕਰਾ ਪੈਂਦਾ : ਨੌਂ ਵਜਣ ਵਿਚ ਪੂਰੇ ਪੰਜ-ਛੇ ਮਿੰਟ ਬਾਕੀ ਹੁੰਦੇ ਸਨ - ਨਾ ਘਟ, ਨਾ ਵਧ ।

*　　*　　*

ਇਕ ਦਿਨ ਕੇਲੂ ਦੀ ਚਿੱਠੀ ਆਈ । ਉਹ ਆਮ ਚਿੱਠੀਆਂ ਨਾਲੋਂ ਖਾਸੀ ਭਾਰੀ ਲੱਗਦੀ ਸੀ । ਕੁੰਢੇ ਨੇ ਖੋਲ੍ਹ ਕੇ ਵੇਖੀ ਤਾਂ ਕੇਲੂ ਦੀ ਇਕ ਫੋਟੋ ਸੀ। ਫੋਟੋ ਵਿਚ ਤਿੰਨ-ਚਾਰ ਹੋਰ ਮੁੰਡੇ ਕੁੜੀਆਂ ਸਨ । ਜਿਹੜੀ ਕੁੜੀ ਕੇਲੂ ਦੇ ਨਾਲ ਮੋਢਾ ਜੋੜ ਕੇ ਖੜੋਤੀ ਹੋਈ ਸੀ, ਉਹਦਾ ਚਾਪੜ ਵਰਗਾ ਮੂੰਹ ਸੀ— ਭਰਵਾਂ, ਚੌੜਾ । ਕੱਦ ਕੁਝ ਮਧਰਾ ਸੀ, ਪਰ ਸਰੀਰ ਮੱਲਾਂ ਵਰਗਾ ਨਰੋਆ । ਕੇਲੂ ਨੇ ਜਿਹੜੀ ਚਿੱਠੀ ਲਿਖੀ ਸੀ ਉਸ ਵਿਚ ਦਸਿਆ ਸੀ ਕਿ ਸਾਰੇ ਮੁੰਡੇ ਕੁੜੀਆਂ ਉਹਦੇ ਨਾਲ ਕੰਮ ਕਰਦੇ ਸਨ। ਉਹਨਾਂ ਨਾਲ ਉਹਦੀ ਦੋਸਤੀ ਸੀ। ਕੁੰਢੇ ਨੂੰ ਕੁੜੀਆਂ ਨਾਲ ਕੇਲੂ ਦੀ 'ਦੋਸਤੀ' ਵਾਲੀ ਗੱਲ ਸਮਝ ਨਹੀਂ ਸੀ ਆ ਰਹੀ । ਫੇਰ ਆਪੇ ਈ ਉਸ ਹੋਰ ਤਰ੍ਹਾਂ ਸੋਚਣਾ ਸ਼ੁਰੂ ਕਰ ਦਿੱਤਾ—'ਠੀਕ ਐ. ਜੈਸਾ ਦੇਸ, ਓਸਾ ਭੇਸ ! ਅੰਗਰੇਜ਼ ਵੀ ਤਾਂ ਐਂ ਕੱਠੇ ਰਹਿੰਦੇ ਈ ਹੁੰਦੇ ਸੀ— ਕੁਆਰੇ ਮੁੰਡੇ, ਕੁਆਰੀਆਂ ਕੁੜੀਆਂ, ਕੱਠੇ ਈ ਤੁਰੇ ਫਿਰਦੇ ।' ਪਰ ਇਹਦੇ ਬਾਵਜੂਦ ਵੀ ਉਹਨੂੰ ਕਈ ਦਿਨ ਕੇਲੂ ਦੀ ਇਹ ਫੋਟੋ ਓਪਰੀ ਓਪਰੀ ਲਗਦੀ ਰਹੀ ।

ਹੋਰ ਦੋ ਮਹੀਨਿਆਂ ਪਿਛੋਂ ਜਦੋਂ ਕੇਲੂ ਦੇ ਸਹੁਰਿਆਂ ਵਲੋਂ ਸੁਨੇਹੇ ਤੇ ਸੁਨੇਹਾ ਆਉਣ ਲਗ ਪਿਆ ਤਾਂ ਉਹਨੇ ਕੇਲੂ ਨੂੰ ਦੋ ਚਿੱਠੀਆਂ, ਉਪਰਥਲੀ ਲਿਖੀਆਂ । ਪਰ ਉਹ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਕੇਲੂ ਨੇ ਮਹੀਨਾ ਭਰ ਉਹਨਾਂ ਦਾ ਜੁਆਬ ਨਾ ਦਿਤਾ। ਅਖੀਰ ਉਹਨੇ ਮੰਡੀ ਜਾ ਕੇ ਆੜ੍ਹਤੀਆਂ ਦੇ ਮੁੰਡੇ ਤੋਂ ਜੁਆਬੀ ਤਾਰ ਪੁਆਈ । ਚਾਰ ਦਿਨ ਉਡੀਕਿਆ, ਉਹਦਾ ਵੀ ਕੋਈ ਉਤਰ ਨਾ ਆਇਆ, ਤਾਂ ਕੁੰਢੇ ਨੂੰ ਬੜਾ ਫਿਕਰ ਹੋਇਆ। ਉਹਨੇ ਕੇਲੂ ਦੀ ਮਾਂ ਨਾਲ ਸਲਾਹ ਕੀਤੀ ਕਿ ਥਹੁ-ਪਤਾ ਕਰਕੇ ਉਹ ਆਪ ਕੇਲੂ ਕੋਲ ਜਾ ਕੇ ਆਵੇ; ਹੋ ਸਕਦੈ ਉਹ ਬੀਮਾਰ ਹੋਵੇ, ਤੇ ਉਹਨਾਂ ਦੇ ਫਿਕਰ ਤੋਂ ਡਰਦਾ ਈ ਜੁਆਬ ਨਾ ਦਿੰਦਾ ਹੋਵੇ। ਪਰ ਜਦੋਂ ਕੁੰਢਾ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਅਚਾਨਕ ਕੇਲੂ ਦੀ ਚਿੱਠੀ ਆ ਗਈ । ਇਹ ਵੀ ਲਫਾਫਾ ਸੀ - ਪਹਿਲੇ ਜਿੰਨਾ ਈ ਭਾਰਾ । ਖੋਲ੍ਹ ਕੇ ਵੇਖਿਆ ਤਾਂ ਉਸ ਵਿਚ ਕੋਰੇ ਕਾਗਜ਼ ਵਿਚ ਵਲ੍ਹੇਟੀ ਇਕ ਫੋਟੋ ਸੀ ; ਚਿੱਠੀ ਕੋਈ ਨਹੀਂ ਸੀ । ਕੇਲੂ ਸਿਰ ਉਤੇ ਸਿਹਰੇ ਬੰਨ੍ਹੀਂ ਉਸੇ ਚਾਪੜ ਵਰਗੇ ਮੂੰਹ ਵਾਲੀ ਕੁੜੀ ਦੇ ਬਰਾਬਰ ਖੜੋਤਾ ਮੁਸਕਰਾ ਰਿਹਾ ਸੀ, ਜਿਹੜੀ ਕੁੰਢੇ ਨੇ ਪਹਿਲੀ ਫੋਟੋ ਵਿਚ ਵੇਖੀ ਸੀ । ਕੁੜੀ ਨੇ ਪੂਰਾ ਸ਼ਿੰਗਾਰ ਕੀਤਾ ਹੋਇਆ ਸੀ ; ਕੇਲੂ ਤੇ ਉਹਦਾ ਗੰਢ-ਜੋੜਾ ਵੀ ਹੋਇਆ ਹੋਇਆ ਸੀ ।

ਕੁੰਢਾ ਕਿੰਨਾ ਚਿਰ ਡੌਰ-ਭੌਰਾ ਉਸ ਫੋਟੋ ਵਲ ਵਿਹੰਦਾ ਰਿਹਾ । ਫੇਰ ਉਹਨੂੰ ਜਾਪਿਆ ਕੇਲੂ ਦਾ ਮੁਸਕਰਾਉਂਦਾ ਚਿਹਰਾ ਉਹਦੀਆਂ ਦੰਦੀਆਂ ਚਿੜਾ ਰਿਹਾ ਸੀ । ਉਸ ਵੇਲੇ ਉਹਨੇ ਇਕ ਮੋਟੀ ਸਾਰੀ ਗਾਲ੍ਹ ਕੱਢੀ ਤੇ ਫੋਟੋ ਦੇ ਟੁਕੜੇ ਟੁਕੜੇ ਕਰਕੇ ਚੁਲ੍ਹੇ ਵਿਚ ਸੁਟਦਿਆਂ, ਵਿਹੜੇ ਵਿਚ ਪਏ ਮੰਜੇ ਉਤੇ ਲੰਮਾ ਜਾ ਪਿਆ । ਬੀਰੋ ਧੂੰਏਂ ਨਾਲ ਸਿਲ੍ਹੀਆਂ ਅੱਖਾਂ ਪੂੰਝਦਿਆਂ ਉਹਨੂੰ ਬਾਰ ਬਾਰ ਪੁੱਛਦੀ ਰਹੀ, 'ਕੇਲੂ ਨੇ ਕੀ ਲਿਖਿਐ ?' ਪਰ ਉਹ ਚੁਪ ਕਰਕੇ ਪਿਆ ਰਿਹਾ । ਬੀਰੋ ਉਹਦੀ ਇਹ ਹਾਲਤ ਵੇਖ ਕੇ 'ਬਿਰ ਬਿਰ' ਕਰਦੀ ਉਹਦੇ ਆਲੇ-ਦੁਆਲੇ ਤੁਰੀ ਫਿਰੀ ।

ਬਿੰਦ ਕੁ ਪਿਛੋਂ ਜਦੋਂ ਸ਼ੇਰੂ ਮੀਰਾਬ ਨੇ ਆ ਕੇ ਆਪਣੀ ਘੜੀ ਮਿਲਾਉਣ ਲਈ ਬੂਹਾ ਖੜਕਾਇਆ ਤਾਂ ਉਵੇਂ ਪਿਆ ਪਿਆ ਈ ਕੁੰਢੇ ਨੇ ਘਗੀ ਆਵਾਜ਼ ਵਿਚ ਕਿਹਾ, "ਕੇਲੂ ਦੀ ਬੇਬੇ, ਇਹਨੂੰ ਕਹਿ ਦੇ ਘੜੀ ਤਾਂ ਖਰਾਬ ਹੋ-ਗੀ ।" ਤੇ ਓਦੋਂ ਈ ਆਪਣੇ ਕੁੜਤੇ ਦੇ ਕਾਜ ਵਿਚੋਂ ਘੜੀ ਦੀ ਸੰਗਲੀ ਦਾ ਛੱਲਾ ਖੋਲ੍ਹਣ ਲਗ ਪਿਆ ।

### ਪੰਜਾਬ

ਢਾਈ ਨਦੀਆਂ ਦਾ ਇਹ ਪੰਜਾਬ
ਹੋਵੇਗਾ ਕਿਸੇ ਨੇਤਾ ਲਈ ਪੰਜਾਬ
ਮੈਂ ਨੇਤਾ ਨਹੀਂ ਹਾਂ
ਮੇਰੇ ਪੰਜਾਬ ਨੇ ਤਾਂ ਬਹੁਤ ਚਿਰ ਹੋਇਆ
ਖੁਦਕਸ਼ੀ ਕਰ ਲਈ ਸੀ
ਤੇ ਉਸ ਦੇ ਪੰਜਿਆਂ ਵਿਚੋਂ ਕੋਈ ਆਇਤ,
ਸ਼ਬਦ ਕੋਈ
ਸੀ ਲਿਖਿਆ ਇਸ ਤਰ੍ਹਾਂ ਮਿਲਿਆ :
"ਮੇਰਾ ਕਾਤਲ ਨਹੀਂ ਕੋਈ
ਮੇਰੀ ਹੱਤਿਆ ਕਿਸੇ ਹੱਥੋਂ ਨਹੀਂ ਹਈ
ਮੈਂ ਆਤਮਘਾਤ ਕੀਤਾ ਹੈ ।"

# ਸਾ ਹਿ ਤ ਦ ਰ ਪ ਣ

## ਸੱਜਣਾਂ ਵੇ ਬੇ-ਦਰਦਾ

**ਕਵਿਤਾ** ਬਲਵਿੰਦਰ ਗਿੱਲ

ਕਿਹੜੀ ਗੱਲੋਂ ਸਾਥੋਂ ਪਾ ਗਿਆ ਜੁਦਾਈਆਂ, ਸੱਜਣਾਂ ਵੇ ਬੇ-ਦਰਦਾ।
ਸਾਡੀ ਅੱਖੀਆਂ ਚੋਂ ਨੀਂਦਰਾਂ ਚੁਰਾਈਆਂ, ਸੱਜਣਾ ਵੇ ਬੇ-ਦਰਦਾ ।

ਪੱਲੇ ਬੱਸ ਪਾਏ ਨੇ ਤੂੰ, ਹੰਝੂ ਹੀ ਪਿਆਰ ਦੇ ।
ਕੱਲੀ ਨੂੰ ਹੀ ਸਹਿਣੇ ਪੈਣੇ, ਮੇਹਣੇ ਸੰਸਾਰ ਦੇ ।
ਜਾਗਦੀ ਨੂੰ ਆਉਣ ਤਰੇਲੀਆਂ, ਜਦੋਂ ਯਾਦਾਂ ਤੇਰੀਆਂ ਆਈਆਂ
ਸੱਜਨਾਂ ਵੇ ਬੇ-ਦਰਦਾ, ਕਿਹੜੀ ਗੱਲੋਂ ...............

ਕਾਲੀਆਂ ਜੋ ਰਾਤਾਂ, ਰਹਿਣ ਕੱਲੀ ਨੂੰ ਡਰਾਉਂਦੀਆਂ ।
ਦੂਰ ਰਹਿਣ ਪੌਣਾ, ਸਦਾ ਕੋਲ ਵੀ ਨਾ ਆਉਂਦੀਆਂ ।
ਹਾਲ ਸੁਣ ਜਾ ਵੇ ਸਿਰ ਦਿਆ ਸਾਈਆਂ ।
ਸੱਜਨਾਂ ਵੇ ਬੇ-ਦਰਦਾ, ਕਿਹੜੀ ਗੱਲੋਂ ............

ਸਾਗ ਲੈਣ ਗਈ, ਜਦੋਂ ਤੋੜਦੀ ਸਾਂ ਗੰਦਲਾਂ ।
ਦੇਖ ਕੇ ਪੌਣਾ, ਮੈਨੂੰ ਪੈਂਦੀਆਂ ਸੀ ਦੰਦਲਾਂ ।
ਮੈਥੋਂ ਗਈਆਂ ਨਾ ਉਹ ਮਿਤਰਾ ਬੁਲਾਈਆਂ
ਸੱਜਨਾਂ ਵੇ ਬੇ-ਦਰਦਾ, ਸਾਥੋਂ ਕਿਹੜੀ .........

"ਗਿੱਲ" ਜਹੇ ਟੱਕਰੇ ਨਾ, ਮੈਨੂੰ ਬੇਈਮਾਨ ਵੇ ।
ਸਹਿਲਾਂਗੀ ਮੈਂ ਕੱਲੀ, ਤਾਹਨੇ ਚੰਦਰੇ ਜਹਾਨ ਦੇ ।
ਭੌਰ ਉਡ ਗਿਆ, ਕਲੀਆਂ ਕਮਲਾਈਆਂ ।
ਸੱਜਨਾਂ ਵੇ ਬੇ-ਦਰਦਾ, ਕਿਹੜੀ ਗੱਲੋਂ ਸਾਥੋਂ ਪਾ ਗਿਆ ਜੁਦਾਈਆਂ ।

## ਦੋ ਗਜ਼ਲਾਂ

1. **ਕਸ਼ਮੀਰਾ ਸਿੰਘ 'ਚਮਨ'**

ਬਚਪਨ ਅਤੇ ਜਵਾਨੀ ਦੇ ਪਿਆਰੇ ਪਿਆਰੇ, ਪਿਆਰੇ ਦਿਨ।
ਮਹਿਕੀਆਂ ਮਹਿਕੀਆਂ ਰਾਤਾਂ ਸਨ ਨਿਆਰੇ ਨਿਆਰੇ, ਨਿਆਰੇ ਦਿਨ।
ਭਾਵੇਂ ਮੁਦਤ ਬੀਤ ਗਈ, ਤੇਰਾ ਹਿਜਰ ਹੰਢਾਉਂਦੇ ਨੂੰ।
ਭੁਲਦੇ ਨਹੀਂ ਭੁਲਾਇਆਂ ਵੀ, ਤੇਰੇ ਸੰਗ ਗੁਜ਼ਾਰੇ ਦਿਨ।
ਤੇਜ਼ ਸਮੇਂ ਦੀ ਚੱਕੀ ਵਿਚ, ਜੀਵਨ ਪਿਸਦਾ ਜਾਂਦਾ ਏ।
ਮਹਿਕਾਂ ਮਸਤ ਬਹਾਰਾਂ ਦੇ, ਜਾਂਦੇ ਨਹੀਂ ਵਿਸਾਰੇ ਦਿਨ।
ਸੋਨ ਸੁਨਹਿਰੀ ਘੜੀਆਂ ਨੇ,ਬੀਤ ਗਏ ਦੀਆਂ ਯਾਦਾ ਉਹ।
ਮੰਗਿਆਂ ਵੀ ਨਾ ਮਿਲ ਸਕਦੇ,ਰੱਬ ਤੋਂ ਚਾਰ ਉਧਾਰੇ ਦਿਨ।
ਪ੍ਰਦੇਸੀ ਦਾ ਜੀਉਂਣਾ ਕੀ, ਲਗਿਆ ਹੈ ਘੁਣ ਤਾਂਘਾਂ ਨੂੰ।
ਹੁਣ ਤੇ ਸਾਡੇ ਹਿੱਸੇ ਵਿਚ,ਆਏ ਨੇ,ਦੁਖਿਆਰੇ ਦਿਨ।
ਭਾਵੇਂ ਇਹ ਗਲ ਔਖੀ ਏ, ਹੱਸ ਕੇ ਹਿਜਰ ਹੰਢਾਵਾਂਗੇ।
ਸਾਨੂੰ ਚਮਨ ਮੁਬਾਰਕ ਨੇ ਵਿਸਿਆਰੇ ਵਿਸਿਆਰੇ ਦਿਨ।

2. ਕੌਣ ਪੁੱਛੇ ਆਣਕੇ ਅੱਜ, ਬੇਕਰਾਰੀ ਦਾ ਮਜ਼ਾ।
ਲੁੱਟ ਕੇ ਕੋਈ ਲੈ ਗਿਆ, ਯਾਰਾਂ ਦੀ ਯਾਰੀ ਦਾ ਮਜ਼ਾ।
ਆਪ ਹੱਥੀਂ ਆਪਣੀ ਮੈਂ ਹਿਜਰ ਪੱਲੇ ਪਾ ਲਿਆ।
ਇਸ ਲਈ ਹੈ ਮਿਲ ਰਿਹੈ, ਕਿਸਮਤ ਨਿਆਰੀ ਦਾ ਮਜ਼ਾ।
ਡਾਲਰਾਂ ਦੀ ਭੱਠ ਵਿਚ, ਆਪਣੀ ਜਵਾਨੀ ਝੋਕ ਕੇ।
ਲੁੱਟਿਆ ਕਿਸ ਦਾ ਨਹੀਂ ਹੈ, ਉਮਰ ਸਾਰੀ ਦਾ ਮਜ਼ਾ।
ਛਾਣਦਾ ਹੈ ਖਾਕ ਪ੍ਰਦੇਸਾਂ ਦੀ ਬਾਰਾਂ ਬਰਸ ਤੋਂ।
ਧੰਨ ਦਾ ਰੋਗੀ ਪਾ ਰਿਹਾ, ਲਾਲਚ ਬਿਮਾਰੀ ਦਾ ਮਜ਼ਾ।
ਅਲਵਿਦਾ ਕਹਿਕੇ ਵਤਨ ਨੂੰ ਹੋ ਕੇ ਧਰਤੀ ਮਾਂ ਤੋਂ ਦੂਰ।
ਚੱਖ ਰਿਹਾ ਹਾਂ ਗੈਰ ਧਰਤੀ ਤੇ, ਖੁਆਰੀ ਦਾ ਮਜ਼ਾ।
ਨਾ ਰਹੇ ਉਰਵਾਰਦੇ ਤੇ, ਨ ਰਹੇ ਹਾਂ ਪਾਰ ਦੇ।
ਮਿਲ ਰਿਹਾਂ ਦਿਨ ਰਾਤ ਦੌਲਤ ਦੀ ਖੁਮਾਰੀ ਦਾ ਮਜ਼ਾ।
ਜੀ ਰਿਹਾ ਸੰਸਾਰ ਹੈ, ਲੈ ਕੇ ਸਹਾਰਾ ਆਸ ਦਾ।
ਚਮਨ ਤੂੰ ਵੀ ਮਾਣ ਲੈ, ਹੁਣ ਇੰਤਜ਼ਾਰੀ ਦਾ ਮਜ਼ਾ।

## "ਸੰਤ" ਕਵਿਤਾ

**ਪ੍ਰਮਜੀਤ ਸਿੰਘ 'ਕੰਵਲ'(ਰਾਮਪੁਰੀ)**

ਸੰਤ ਸਾਗਰ ਹੈ ਅਸਲ ਵਿਚ ਸ਼ਾਂਤੀ ਦਾ, ਆਉਂਦਾ ਸੰਤ ਨੂੰ ਨਹੀਂ ਹੰਕਾਰ ਕਰਨਾ ।
ਨਫਰਤ, ਈਰਖਾ, ਦਿਲਾਂ ਚੋਂ ਦੂਰ ਕਰਕੇ, ਦਸਦਾ ਬੰਦੇ ਨੂੰ ਬੰਦੇ ਨਾਲ ਪਿਆਰ ਕਰਨਾ ।
ਸਚ ਝੂਠ ਦੇ ਰਾਜ ਨੂੰ ਜਾਣ ਕੇ ਤੇ, ਜਗ ਤੇ ਸੱਚ ਦਾ ਹੀ ਪ੍ਰਚਾਰ ਕਰਨਾ ।
ਸੰਤ ਭੇਖ ਵਿਚ ਛੁਪੇ ਹੋਏ ਡਾਕੂਆਂ ਤੋਂ, ਲੋਕਾਂ ਭੋਲਿਆਂ ਨੂੰ ਖਬਰਦਾਰ ਕਰਨਾ ।

ਸੁਹਾਗਾ ਜੋੜ ਕੇ ਨਾਮ ਨਿਧਾਨ ਵਾਲਾ, ਟੋਇਆਂ ਟਿਬਿਆਂ ਨੂੰ ਇਕ ਸਾਰ ਕਰਨਾ ।
ਭਾਵੇਂ ਗੋਲੀ ਬੰਦੂਕ ਦੀ ਨਜ਼ਰ ਆਵੇ, ਕੰਮ ਸੰਤ ਦਾ ਸੁਖੀ ਸੰਸਾਰ ਕਰਨਾ ।

ਸਚਾ ਸੰਤ ਨਾ ਜੇਕਰ ਹੋਵੇ ਪ੍ਰਗਟ, ਕੁਫਰ ਸਾਰੀਆਂ ਹੱਦਾਂ ਕਰ ਪਾਰ ਜਾਵੇ ।
ਬੁਰਕਾ ਧਰਮ ਦਾ ਪਹਿਨ ਕੇ ਝੂਠ ਮੀਆਂ, ਲੋਕਾਂ ਸਾਹਮਣੇ ਬਣ ਸੂਦਾਰ ਜਾਵੇ ।
ਸਚ ਦਾ ਨਾਮ ਹੀ ਮਲੀਆ ਮੇਟ ਹੋ ਜਾਏ, ਐਨਾ ਝੂਠ ਦਾ ਵਧ ਪ੍ਰਚਾਰ ਜਾਵੇ ।
ਨਫਰਤ, ਈਰਖਾ, ਦੂਈ ਦੀ ਅੱਗ ਅੰਦਰ, ਭੁਜ ਦਾਣਿਆਂ ਵਾਂਗ ਸੰਸਾਰ ਜਾਵੇ ।

ਜਿਸ ਸੰਤ ਅੰਦਰ ਭਰੀ ਈਰਖਾ ਏ, ਕੀ ਦੁਨੀਆਂ ਦਾ ਉਨ੍ਹੇ ਸੁਧਾਰ ਕਰਨਾ ।
ਕੰਮ ਕਾਫਰਾਂ ਦਾ ਅਮਨ ਭੰਗ ਕਰਨਾ, ਕੰਮ ਸੰਤ ਦਾ ਸੁਖੀ ਸੰਸਾਰ ਕਰਨਾ ।

ਪੂਰੇ ਸੰਤ ਨੂੰ ਹੀ ਸਤਿਗੁਰੂ ਕਹਿੰਦੇ, ਪ੍ਰਗਟ ਜਦੋਂ ਵੀ ਵਿਚ ਜਹਾਨ ਹੁੰਦੇ ।
ਅਭਲਾਸ਼ੀ ਨਾਮ ਦੇ ਖੁਸ਼ੀ ਵਿਚ ਨੱਚ ਪੈਂਦੇ, ਐਪਰ ਸੁਣਕੇ ਦੁਖੀ ਸ਼ੈਤਾਨ ਹੁੰਦੇ ।
ਪੂਰੇ ਸੰਤ ਦੀ ਕੋਈ ਨਹੀਂ ਜ਼ਾਤ ਹੁੰਦੀ, ਪੁਤਲਾ ਖਿਮਾਂ ਦਾ ਅਸਲ ਇਨਸਾਨ ਹੁੰਦੇ ।
ਸਰਗੁਣ ਰੂਪ ਵਿਚ ਇਨ੍ਹੰ ਸਤਿਗੁਰੂ ਕਹਿੰਦੇ, ਨਿਰਗੁਣ ਰੂਪ ਵਿਚ ਆਪ ਭਗਵਾਨ ਹੁੰਦੇ ।

ਸੰਤ ਕਿਸੇ ਦੇ ਅਵਗੁਣ ਨਾ ਵੇਖ ਦਾ ਏ, ਸ਼ਰਨੀ ਪਿਆਂ ਦਾ ਕੇਵਲ ਉਧਰ ਕਰਨਾ ।
ਜਿਵੇਂ ਕਿਵੇਂ ਵੀ ਸੁਖੀ ਸੰਸਾਰ ਹੋਵੇ, ਕੰਮ ਸੰਤ ਦਾ ਸੁਖੀ ਸੰਸਾਰ ਕਰਨਾ ।

ਪੂਰੇ ਸੰਤ ਦੀ ਰਸਨਾ ਤੇ ਰੱਬ ਵਸਦਾ, ਸੰਤ ਮੁਖ ਤੋਂ ਨਾਮ ਦੀ ਦਾਤ ਮਿਲਦੀ ।
ਭਾਗੋਂ ਹੀਣੇ ਪਰ ਸਖਣੇ ਰਹਿ ਜਾਂਦੇ, ਭਾਗਾਂ ਨਾਲ ਹੈ ਨਾਮ ਸੁਗਾਤ ਮਿਲਦੀ ।
ਜ਼ਾਤਾਂ ਮੁਜ਼ਬਾ ਦੇ ਚਿਕੜ ਵਿਚ ਫਸੇ ਲੋਕੀ ਕਿਸੇ ਨਾਲ ਨਹੀਂ ਰਬ ਦੀ ਜ਼ਾਤ ਮਿਲਦੀ ।
ਜਿਹੜੇ ਸੰਤ ਦੀ ਸ਼ਰਨ ਵਿਚ ਆ ਜਾਂਦੇ, ਉਹਨਾ ਬੰਦਿਆਂ ਤਾਈਂ ਨਿਜ਼ਾਤ ਮਿਲਦੀ ।

ਸੁਪਨੇ ਹੋਏ ਜੋ ? ਸੁਪਨੇ ਜਗਿਆਸੂਆਂ ਦੇ, ਅਧੂਰੇ ਸੁਪਨਿਆਂ ਤਾਈਂ ਸਾਕਾਰ ਕਰਨਾ ।
ਭਾਵੇਂ ਵਾਰਨਾ ਪਵੇ ਸ੍ਰਬੰਸ ਸਾਰਾ, ਕੰਮ ਸੰਤ ਦਾ ਸੁਖੀ ਸੰਸਾਰ ਕਰਨਾ ।

ਡਰਦਾ ਸੰਤ ਨਹੀਂ ਕਦੇ ਵੀ ਕਾਫਰਾਂ ਤੋਂ ਕੁਫਰ ਅਗੇ ਨਹੀਂ ਸਿਰ ਝੁਕਾਂਵਦਾ ਏ ।
ਧਰਮ ਵਾਸਤੇ ਆਉਂਦਾ ਸਰੀਰ ਦੇ ਵਿਚ, ਧਰਮ ਲਈ ਸ਼ਹੀਦ ਹੋ ਜਾਂਵਦਾ ਏ ।
ਪ੍ਰੀਤ, ਨਿਮ੍ਰਤਾ, ਜਾਮ ਸ਼ਹੀਦੀਆਂ ਦਾ, ਹਰ ਹੀਲੇ ਇਹ ਸ਼ਾਂਤੀ ਚਾਹਵਦਾ ਏ ।
ਜਦੋਂ ਕੋਈ ਵੀ ਹੀਲਾ ਨਾ ਕੰਮ ਆਵੇ, ਫੇਰ ਹਥ ਤਲਵਾਰ ਨੂੰ ਪਾਂਵਦਾ ਏ ।

ਧਰ ਪੈਣਾ ? ਪਰ ਧਰਮ ਤੋਂ ਡੋਲਣਾ ਨਹੀਂ, ਪੈਂਦਾ ਸੰਤ ਨੂੰ ਇਹ ਹਰ ਵਾਰ ਕਰਨਾ ।
"ਕੰਵਲ" ਪਿਆਰ ਜਾਂ ਨਾਲ ਤਲਵਾਰ ਹੋਵੇ, ਕੰਮ ਸੰਤ ਦਾ ਸੁਖੀ ਸੰਸਾਰ ਕਰਨਾ ।

## ਛੋਟੇ ਸਾਹਿਬਜ਼ਾਦੇ

## ਵਜ਼ੀਰ ਖਾਂ ਸੂਬਾ ਸਰਹੰਦ ਦੀ ਕਚਹਿਰੀ ਵਿਚ

**ਵਲੋਂ—ਸ: ਦਾਨ ਸਿੰਘ ਜੀ ਕੋਮਲ**

**ਵਜ਼ੀਰ ਖਾਂ**
ਬਾਪ ਤੁਸਾਂ ਦਾ, ਪਾਈ ਤੇ ਸਿੰਘ ਸਾਰੇ,
ਮਾਰੇ ਗਏ, ਬਸ ਬਚੇ ਹੋ ਦੋ ਤੁਸੀਂ ।
ਕਲਮਾ ਪੜ੍ਹੋ ਤੇ ਜੱਗ ਦੀ ਮੌਜ ਮਾਣੋ,
ਤੋੜੋ ਬੱਚਿਓ ਸਿਖੀ ਦਾ ਮੋਹ ਤੁਸੀਂ ।

**ਜ਼ੋਰਾਵਰ ਸਿੰਘ**
ਤੁਸਾਂ ਰੱਜ ਕੇ ਮਾਰਿਆ ਝੂਠ ਚਿੱਟਾ,
ਸਾਡੇ ਪਿਤਾ ਨੂੰ ਕਾਲ ਨਹੀਂ ਪੋਹ ਸਕਦਾ।
'ਸਿੰਘਾਂ ਵਿਚੋਂ ਕੋਈ ਰਿਹਾ ਨਾ ਜੀਅ ਬਾਕੀ',
ਪੈਦਾ ਇਹ ਵੀ ਸਵਾਲ ਨਹੀਂ ਹੋ ਸਕਦਾ ।
ਧਰਤੀ ਉਲਟ ਸਕਦੀ, ਅੰਬਰ ਡਿੱਗ ਸਕਦੇ,
ਸੱਚ ਅੱਗੇ ਨਹੀਂ ਝੂਠ ਖਲੋ ਸਕਦਾ ।
ਤਿੱਪ ਖੂਨ ਦੀ ਸਾਡੇ ਵਿਚ ਜਦੋਂ ਤੀਕਰ,
ਸਾਡੇ ਧਰਮ ਨੂੰ ਕੋਈ ਨਹੀਂ ਖੋਹ ਸਕਦਾ ।

**ਵਜ਼ੀਰ ਖਾਂ**
ਜੇਕਰ ਦੋਹਾਂ ਨੂੰ ਅਸੀਂ ਰਿਹਾ ਕਰੀਏ,
ਕਿੱਥੇ ਜਾਉਗੇ ਦੋਵੇਂ ਹੀ ਜੀਅ ਤੁਸੀਂ ?
ਦੋਵੇਂ ਸਿੱਖ ਇਸ ਏਡੇ ਸੰਸਾਰ ਅੰਦਰ,
ਕਲ੍ਹੇ ਜੀ ਕੇ ਕਰੋਗੇ ਕੀਹ ਤੁਸੀਂ ?

**ਫਤਹ ਸਿੰਘ**
ਕਲ੍ਹੇ ਨਹੀਂ ਆਂ, ਵਾਹਿਗੁਰੂ ਨਾਲ ਸਾਡੇ,
ਜੇ ਰਿਹਾ ਕੀਤਾ, ਰਾਹੇ ਪਾ ਦਿਆਂਗੇ ।
ਫੌਜ ਖਾਲਸੇ ਦੀ ਕਰਕੇ ਫੇਰ 'ਕੱਠੀ,
ਅਸੀਂ ਕੇਸਰੀ ਉਚਾ ਝੁਲਾ ਦਿਆਂਗੇ ।
ਇਸ ਹਕੂਮਤ ਵਿਰੁੱਧ ਫਿਰ ਯੁੱਧ ਕਰਕੇ,
ਅਸੀਂ ਜ਼ਾਲਮ ਦਾ ਬੀਜ ਮੁਕਾ ਦਿਆਂਗੇ ।
ਜਦ ਤਕ ਜੀਆਂਗੇ, ਜੀਆਂਗੇ ਧਰਮ ਖਾਤਰ,
ਸਿਰੜ ਵਾਸਤੇ ਸੀਸ ਲਗਾ ਦਿਆਂਗੇ ।

**ਸੁੱਚਾ ਨੰਦ**
ਸੂਬਾ ਤੁਸਾਂ ਤੇ ਬੜਾ ਦਿਆਲ ਹੋਇਆ,
ਕਿਉਂ ਨਹੀਂ ਸਮੇਂ ਦਾ ਫਾਇਦਾ ਉਠਾ ਲੈਂਦੇ ?
ਦੋਵੇਂ ਦੀਨ ਇਸਲਾਮ ਕਬੂਲ ਕਰ ਕੇ,
ਕਿਉਂ ਨਹੀਂ ਕੀਮਤੀ ਜਾਨਾਂ ਬਚਾ ਲੈਂਦੇ ?

**ਫਤਹ ਸਿੰਘ**
ਹਿੰਦੂ ਜ਼ਾਤੀ ਨੂੰ ਤੂੰ ਕਲੰਕ ਲੱਗੇਂ,
ਝੂਠੇ ਲਾਲਚਾਂ ਵਿਚ ਗ਼ਲਤਾਨ ਹੋ ਕੇ ।
ਕਿਉਂ ਨਹੀਂ ਆਪ ਤੂੰ ਫਾਇਦਾ ਉਠਾ ਲੈਂਦਾ,
ਧਰਮ ਛੱਡ ਕੇ ਤੇ ਮੁਸਲਮਾਨ ਹੋ ਕੇ ।
ਸਾਡੇ ਸਿਰ ਤੇ ਹੱਥ ਪ੍ਰਮਾਤਮਾ ਦਾ,
ਅਸਾਂ ਵੇਖਿਐ, ਅੰਤਰ ਧਿਆਨ ਹੋ ਕੇ ।
ਇਹਨਾਂ ਜਾਨਾਂ ਤੋਂ ਕੀਮਤੀ ਧਰਮ ਸਾਡਾ,
ਧਰਮ ਰੱਖਦਾ, ਅਸਾਂ ਕੁਰਬਾਨ ਹੋ ਕੇ ।

**ਸੁੱਚਾ ਨੰਦ**
ਬੱਚੇ ਨਾਗਾਂ ਦੇ ਸਦਾ ਹੀ ਡੰਗ ਮਾਰਨ,
ਭਾਵੇਂ ਕਿੰਨਾ ਵੀ ਦੁੱਧ ਪਿਲਾ ਦੇਵੇ ।
ਇਸ ਲਈ ਮੇਰੀ ਇਹ ਰਾਏ ਕਿ ਬੱਚਿਆਂ ਨੂੰ,
ਗ਼ਲਤ ਹਰਫਾਂ ਦੇ ਵਾਂਗ ਮਿਟਾ ਦੇਵੇ ।

**ਜ਼ੋਰਾਵਰ ਸਿੰਘ**
ਝੂਠਾ ਨੰਦ ! ਨਹੀਂ ਨਾਗ ਦੇ ਪੁੱਤ ਅਸੀਂ,
ਪੁਤਰ ਸ਼ੇਰ ਦੇ, ਸ਼ੇਰਾਂ ਸਾਮਾਨ ਅਸੀਂ ।
ਗੁਰੂ ਨਾਨਕ ਦੇ ਘਰ ਦੇ ਅਸੀਂ ਵਾਰਸ,
ਅਰਜਨ ਗੁਰੂ ਦੀ ਸੋਢੀ ਸੰਤਾਨ ਅਸੀਂ ।
ਅਸੀਂ ਤੇਗ ਬਹਾਦਰ ਦੇ ਪੋਤਰੇ ਹਾਂ,
ਮਹਾਂ-ਬਲੀ ਦਸਮੇਸ਼ ਦੀ ਜਾਨ ਅਸੀਂ ।
ਸਿਖੀ ਸਿਦਕ ਨਹੀਂ ਕਦੇ ਵੀ ਦੇ ਸਕਦੇ,
ਦੇ ਸਕਦੇ ਹਾਂ, ਬਲੀਦਾਨ ਅਸੀਂ ।

**ਵਜ਼ੀਰ ਖਾਂ**
ਸਾਰੇ ਮਜ਼੍ਹਬਾਂ ਤੋਂ ਮਜ਼ਹਬ ਇਸਲਾਮ ਚੰਗਾ,
ਕੋਈ ਨਹੀਂ ਰੀਸ ਇਸਲਾਮ ਦੀ ਕਰ ਸਕਦਾ ।
ਤੁਸੀਂ ਬੱਚਿਓ ਉਇ ਮੁਸਲਮਾਨ ਹੋ ਜਾਓ,
ਮੁਸਲਮਾਨ ਨਹੀਂ ਕਦੇ ਵੀ ਮਰ ਸਕਦਾ ।

**ਫਤਹ ਸਿੰਘ**
ਜੇ ਇਲਸਲਾਮ ਹੈ ਚੰਗਾ, ਤਾਂ ਸਣੇ ਕਾਜ਼ੀ,
ਮੁਸਲਮਾਨ ਇਹ ਕਿਵੇਂ ਸ਼ੈਤਾਨ ਬਣ ਗਏ ?
ਜੇਕਰ ਮੁਸਲਿਮ ਨੇ ਹੁੰਦੇ ਈਮਾਨ ਵਾਲੇ,
ਤਾਂ ਫਿਰ ਇਹ ਕਿੱਦਾਂ ਬੇ-ਈਮਾਨ ਬਣ ਗਏ ?
ਇਹ ਜੋ ਬੈਠੇ ਨੇ ਤੇਰੇ ਦਰਬਾਰ ਅੰਦਰ,
ਤੇਰੇ ਸਣੇ ਕਿਉਂ ਨਹੀਂ ਸਭ ਇਨਸਾਨ ਬਣ ਗਏ ?
ਜੇ ਨਹੀਂ ਮੋਮਨਾਂ ਨੂੰ ਕਦੇ ਮੌਤ ਆਉਂਦੀ,
ਮੀਲਾਂ ਤੀਕ ਕਿੰਜ ਇਹ ਕਬਰਸਤਾਨ ਬਣ ਗਏ ?

**ਵਜ਼ੀਰ ਖਾਂ**
ਮੰਨੋ ਬਚਿਓ ! ਆਓ ਇਸਲਾਮ ਅੰਦਰ,
ਅੱਧਾ ਰਾਜ ਸਰਹਿੰਦ ਦਾ ਦੇ ਦਿਆਂਗਾ ।
ਨਾਲੇ ਦਿਆਂਗਾ ਡੋਲੇ ਸ਼ਹਿਜ਼ਾਦੀਆਂ ਦੇ,
ਨਹੀਂ ਤਾਂ ਮਿੱਟੀ ਦੇ ਵਿਚ ਮਿਲਾ ਦਿਆਂਗਾ ।

**ਦੋਵੇਂ ਸਾਹਿਬਜ਼ਾਦੇ**
ਸਾਡੇ ਧਰਮ ਦੀ ਰੀਤ ਜੋ ਚਲੀ ਆਉਂਦੀ,
ਉਹ ਨਾ ਕਿਸੇ ਤੋਂ ਕਦੇ ਵੀ ਅਟਕਣੀ ਏ ।
ਐਪਰ ਤੇਰੀ ਇਸ ਸੜੀ ਸਰਹਿੰਦ ਉੱਤੇ,
ਚੰਡੀ ਬਣ ਬਿਜਲੀ ਵੇਖੀਂ ਕੜਕਣੀ ਏ ।
ਐਸੀ ਧਰਮ ਤੇ ਜ਼ੁਲਮ ਦੀ ਖੜਕਣੀ ਏ,
ਇੱਟ ਇੱਟ ਸਰਹੰਦ ਦੀ ਖੜਕਣੀ ਏ ।
ਤੇਨੂੰ ਭੱਜਿਆਂ ਰਾਹ ਨਾ ਲੱਭਣਾ ਏ,

ਰੂਹ ਨਰਕ ਵਿਚ ਵੀ ਤੇਰੀ ਭਟਕਣੀ ਏ ।

**ਵਜ਼ੀਰ ਖਾਂ**
ਕਾਜ਼ੀ ਸਾਹਿਬ ! ਇਹ ਬੜੇ ਗੁਸਤਾਖ ਬੱਚੇ,
ਦਸੋ ਇਨ੍ਹਾਂ ਨੂੰ ਕੀ ਸਜ਼ਾ ਦੇਈਏ ?
ਦੱਸੋ ਸ਼ਰ੍ਹਾ ਕੀ ਆਖਦੀ ਇਨ੍ਹਾ ਬਾਰੇ,
ਕਿਹੜੀ ਮੌਤੇ ਇਹ ਦੋਵੇਂ ਮਰਵਾ ਦੇਈਏ ?

**ਕਾਜ਼ੀ**
ਇਹ ਨੇ ਦੁਸ਼ਮਣ ਦੇ ਬਾਲ, ਨਵਾਬ ਸਾਹਿਬ !
ਜਲਦੀ ਕੰਮ ਮੁਕਾਉਣਾ ਚਾਹੀਦਾ ਏ ।
ਸ਼ਰ੍ਹਾ ਆਖਦੀ ਏ, ਇਹਨਾਂ ਕਾਫਰਾਂ ਨੂੰ,
ਝੱਟ ਪਾਰ ਬਲਾਉਣਾ ਚਾਹੀਦਾ ਏ ।
ਜਾਂ ਤਾਂ ਕਲਮਾਂ ਪੜ੍ਹਾ ਕੇ ਇਨ੍ਹਾਂ ਤਾਈਂ,
ਮੁਸਲਮਾਨ ਬਣਾਉਣਾ ਚਾਹੀਦਾ ਏ ।
ਜਾਂ ਫਿਰ ਦੋਵਾਂ ਜੀਉਂਦਿਆਂ ਬੱਚਿਆਂ ਨੂੰ,
ਕੰਧ ਵਿਚ ਚਿਣਵਾਉਣਾ ਚਾਹੀਦਾ ਏ ।

**ਦੋਵੇਂ ਸਾਹਿਬਜ਼ਾਦੇ**
'ਕੋਮਲ' ਅਸੀਂ ਦੋਵੇਂ ਗੱਜ ਕੇ ਆਖਦੇ ਹਾਂ,
ਮੌਤਾਂ-ਲਾੜੀਆਂ ਅਸਾਂ ਨੇ ਵਰਨੀਆਂ ਨੇ ।
ਸਿਖ ਧਰਮ ਦੇ ਉੱਸਰਦੇ ਮਹਿਲ ਦੀਆਂ,
ਨੀਹਾਂ ਹੱਸ ਕੇ ਅਸਾਂ ਨੇ ਭਰਨੀਆਂ ਨੇ ।

## ਸਾਨੂੰ ਟੋਰ ਅੰਬੜੀਏ ਟੋਰ

**ਸ਼ਿਵ ਕੁਮਾਰ ਬਟਾਲਵੀ**

ਸਾਨੂੰ ਟੋਰ ਅੰਬੜੀਏ ਟੋਰ
ਅੰਬੜੀਏ ਟੋਰ ਨੀ
ਪਰ੍ਹਾਂ ਇਹ ਫੂਕ,
ਚੱਰਖੜੇ ਤਾਈਂ
ਸਾਥੋਂ ਕੱਤ ਨਾ ਹੋਵੇ ਹੋਰ ਨੀ
ਅੰਬੜੀਏ ਟੋਰ ਨੀ !

ਅੰਬੜੀਏ ਸਾਡੇ ਬਾਹੀਂ ਖੱਲੀਆਂ
ਗੋਰੇ ਹੱਥੀਂ ਰੱਟਣਾਂ
ਇਸ ਰੁੱਤੇ ਸਾਨੂੰ ਭਲਾ ਸੋਹਵੇ
ਪਾ ਤੰਦਾਂ ਦੇ ਥਕਣਾ
ਜਿਸ ਲਈ ਕੱਤਣਾ,
ਉਹ ਨਾ ਆਪਣਾ
ਤਾਂ ਅਸਾਂ ਕਿਸ ਲਈ—
ਕੱਤਣਾ ਹੋਰ ਨੀ !
ਅੰਬੜੀਏ ਟੋਰ ਨੀ !

ਅੰਬੜੀਏ ਲੈ ਕੱਚੀਆਂ ਤੰਦਾਂ
ਸਾਹ ਦੀਆਂ, ਮਾਹਲ ਵਟੀਵਾਂ
ਰੂਪ ਸਰਾਂ ਦੇ ਪਾਣੀ ਭੇਵਾਂ
ਸੌ ਸੌ ਸਗਨ ਮਨੀਵਾਂ

ਨਿੱਤ ਬੰਨ੍ਹਾਂ ਗੀਤਾਂ ਦੀਆਂ ਕੌਡਾਂ
ਸ਼ੀਸ਼ੇ ਹੰਝ ਮੜ੍ਹੀਵਾਂ
ਜਿਉਂ ਜਿਉਂ ਮੁੱਖ ਵਖੀਵਾਂ ਸ਼ੀਸ਼ਾ
ਪਾਵੇ ਬਿਰਹਾ ਸ਼ੋਰ ਨੀ !
ਅੰਬੜੀਏ ਟੋਰ ਨੀ !

ਅੰਬੜੀਏ ਇਸ ਚਰਖੇ ਸਾਥੋਂ
ਸੁਪਨੇ ਕੱਤ ਨਾ ਹੋਏ,
ਇਸ ਚਰਖੇ ਥੀਂ,
ਸੈ ਘੁਣ ਲਗੇ,
ਚਰਮਖ ਖੱਢੋ ਹੋਏ
ਟੁੱਟ ਗਿਆ ਤੱਕਲਾ,
ਭੁਰ ਗਿਆ ਬੀੜਾ
ਬਰੜਾਂਦੀ ਘਨਘੋਰ ਨੀ
ਅੰਬੜੀਏ ਟੋਰ ਨੀ !
ਪਰ੍ਹਾਂ ਇਹ ਫੂਕ ਚਰਖੜੇ ਤਾਈਂ
ਸਾਥੋਂ ਕੱਤ ਨਾ ਹੋਵੇ ਹੋਰ ਨੀ
ਅੰਬੜੀਏ ਟੋਰ ਨੀ !

(ਪੁਸਤਕ 'ਮੈਨੂੰ ਵਿਦਾ ਕਰੋ' ਵਿਚੋਂ)



ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ (੯ ਸਾਲ) ਤੇ ਫਤਹ ਸਿੰਘ (੭ ਸਾਲ) ਨਾਲ ਸਰਹਿੰਦ ਦੇ ਕਿਲੇ ਵਿਚ ਕੈਦ। ਸਾਹਿਬਜ਼ਾਦਿਆਂ ਨੂੰ ੧੨ ਦਸੰਬਰ, ੧੭੦੫ ਈਸਵੀ ਨੂੰ ਮੁਗਲ ਗਵਰਨਰ ਦੇ ਹੁਕਮ ਨਾਲ ਸਰਹੰਦ ਵਿਚ ਕੰਧਾਂ ਚ ਚਿਣ ਕੇ ਸ਼ਹੀਦ ਕੀਤਾ ਗਿਆ ।

# ਅੰਗਰੇਜ਼ਾਂ ਦਾ ਅਧਿਕਾਰ ਅਤੇ ਲੁੱਟ

(ਕਿਸ਼ਤ ਪਹਿਲੀ)

**ਪੰਜਾਬੀ ਰੂਪ : ਇਕਬਾਲ ਕਾਹਲੋਂ**

ਪੰਦਰਵੀਂ ਸਦੀ ਦੇ ਅੰਤ ਵਿਚ ਸਮੁੰਦਰ ਦੇ ਰਸਤੇ ਹਿਦੁਸਤਾਨ ਨਾਲ ਸਿੱਧਾ ਸੰਪਰਕ ਕਾਇਮ ਕਰਨ ਲਈ ਪੁਰਤਗਾਲ, ਸਪੇਨ ਅਤੇ ਬ੍ਰਿਟੇਨ ਜ਼ੋਰਾਂ ਨਾਲ ਕੋਸ਼ਿਸ਼ਾਂ ਕਰਨ ਲਗੇ। ਪੁਰਤਗਾਲ ਦਾ ਵਾਸਕੋ-ਦੀ-ਗਾਮਾ ਅਫਰੀਕਾ ਦਾ ਚੱਕਰ ਕੱਟਕੇ 17 ਮਈ 1498 ਈ: ਵਿਚ ਕਾਲੀਕਟ ਪੁਜਿਆ। ਪੂਰਬੀ ਅਫਰੀਕਾ ਦੇ ਇਬਨ ਮਾਜ਼ੀਦ ਨੇ ਮਾਲੰਦੀ ਤੋਂ ਲੈ ਕੇ ਕਾਲੀਕਟ ਦਾ ਰਸਤਾ ਉਹਨਾਂ ਨੂੰ ਦਿਖਾਇਆ। ਨਹੀਂ ਤਾਂ ਉਹਨਾਂ ਨੂੰ ਵਾਪਸ ਪੁਰਤਗਾਲ ਜਾਣਾ ਪੈਣਾ ਸੀ। 1500 ਈ: ਵਿਚ ਪੁਰਤਗਾਲੀਆਂ ਨੇ ਆਪਣੀ ਕਾਲੀਕਟ ਵਿਚ ਫੈਕਟਰੀ ਬਣਾਈ। ਹਿਦੁਸਤਾਨ ਵਿਚ ਯੂਰਪ ਦੇ ਪੂੰਜੀਵਾਦੀਆਂ ਦਾ ਪ੍ਰਵੇਸ਼ ਇਥੋਂ ਹੀ ਆਰੰਭ ਹੁੰਦਾ ਹੈ।

ਇਹ ਪੁਰਤਗਾਲੀ ਸਿਰਫ ਵਪਾਰ ਹੀ ਨਹੀਂ ਲੁੱਟਮਾਰ ਵੀ ਕਰਦੇ ਸਨ। ਉਹਨਾਂ ਨੂੰ ਸਭ ਤੋਂ ਪਹਿਲਾਂ ਅਰਬ ਵਪਾਰੀਆਂ ਦਾ ਮੁਕਾਬਲਾ ਕਰਨਾ ਪਿਆ ਉਸ ਸਮੇਂ ਹਿਦਸਤਾਨ ਦਾ ਯੂਰਪ ਦੇ ਨਾਲ ਵਪਾਰ ਇਹਨਾਂ ਅਰਬ ਵਪਾਰੀਆਂ ਦੇ ਹੱਥ ਸੀ। ਮਿਸਰ ਅਤੇ ਗੁਜਰਾਤ ਦੇ ਸੁਲਤਾਨਾਂ ਨੇ ਮਿਲਕੇ ਅਰਬ ਸੌਦਾਗਰਾਂ ਦੀ ਮਦਦ ਕੀਤੀ ਅਤੇ ਪੁਰਤਗਾਲੀ ਲੁਟੇਰਿਆਂ ਨੂੰ ਹਿੰਦ ਮਹਾਂਸਾਗਰ ਵਿਚੋਂ ਬਾਹਰ ਕਢਣਾ ਚਾਹਿਆ। ਉਹਨਾਂ ਨੇ 1507 ਵਿਚ ਪੁਰਤਗਾਲੀਆਂ ਦੇ ਬੇੜੇ ਨੂੰ ਡੋਬ ਦਿਤਾ। ਪਰ 1509 ਵਿਚ ਗੁਜਰਾਤ ਦੇ ਤਟ ਕੋਲ ਦੀਵ(ਡਿਉ) ਦੀ ਲੜਾਈ ਵਿਚ ਅਲਮੀਦਾ ਅਤੇ ਅਲਬੁਕਰਕ ਦੀ ਸਰਦਾਰੀ ਹੇਠ ਪੁਰਤਗਾਲੀਆਂ ਨੇ ਮਿਸਰੀ ਗੁਜਰਾਤੀ ਬੇੜੇ ਨੂੰ ਜਲਾ ਕੇ ਲੁੱਟ ਲਿਆ। ਇਸਤੋਂ ਪਿਛੋਂ ਜਿਥੇ ਕਿਤੇ ਵੀ ਅਰਬਾਂ ਦੇ ਜਹਾਜ਼ਾਂ ਨੂੰ ਤਬਾਹ ਕਰਕੇ ਇਹਨਾਂ ਨੇ ਹਿੰਦ ਮਹਾਂਸਾਗਰ ਉਤੇ ਆਪਣੀ ਸਰਦਾਰੀ ਕਾਇਮ ਕਰ ਲਈ। ਨਵੰਬਰ 1510 ਵਿਚ ਪੁਰਤਗਾਲੀਆਂ ਨੇ ਬੀਜਾਪੁਰ ਦੇ ਸੁਲਤਾਨ ਤੋਂ ਗੋਆ ਖੋਹ ਲਿਆ। ਇਸਨੂੰ ਇਹਨਾਂ ਨੇ ਆਪਣੇ ਸਮੁੰਦਰੀ ਸਾਮਰਾਜ ਦੀ ਰਾਜਧਾਨੀ ਬਣਾਇਆ। ਇਹ ਹਿਦੁਸਤਾਨ ਵਿਚ ਯੂਰਪੀਨ ਦੀ ਪਹਿਲੀ ਕਾਲੋਨੀ ਸੀ।

ਸੌ ਸਾਲ ਤਕ ਪੁਰਤਗਾਲੀਆਂ ਨੂੰ ਯੂਰਪ ਦੇ ਕਿਸੇ ਦੂਜੇ ਪੂੰਜੀਵਾਦੀਆਂ ਦਾ ਮੁਕਾਬਲਾ ਨਹੀਂ ਕਰਨਾ ਪਿਆ। 1600 ਵਿਚ ਬ੍ਰਿਟਿਸ਼ ਇੰਡੀਆ ਕੰਪਨੀ, 1602 ਵਿਚ ਡੱਚ-ਇੰਡੀਆ ਕੰਪਨੀ ਅਤੇ 1664 ਵਿਚ ਫਰਾਂਸੀਸੀ ਇੰਡੀਆ ਕੰਪਨੀ ਬਣੀਆਂ। ਪੁਰਤਗਾਲੀ ਪੂੰਜੀਵਾਦੀਆਂ ਦੀ ਤਰਾਂ ਹਿਦੁਸਤਾਨ ਨੂੰ ਲੁੱਟਣ ਦੇ ਲਈ ਚਾਰ ਯੂਰਪੀ ਪੂੰਜੀਵਾਦੀ ਲੁਟੇਰਿਆਂ ਵਿਚ ਸੰਘਰਸ਼ ਸ਼ੁਰੂ ਹੋਇਆ। ਇਸ ਲੜਾਈ ਵਿਚ ਅੰਗਰੇਜ਼ ਜ਼ਿਆਦਾ ਤਾਕਤਵਰ ਸਿਧ ਹੋਏ। ਉਹਨਾਂ ਅੱਗੇ ਡੱਚ ਪੁਰਤਗਾਲੀ ਅਤੇ ਫਰਾਂਸੀਸੀ ਟਿਕ ਨਾ ਸਕੇ।

ਅੰਗਰੇਜ਼ਾਂ ਨੂੰ ਇਥੋਂ ਦੇ ਕੁਝ ਉਭਾਰੇ ਹੋਏ ਪੂੰਜੀਪਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਹਿਦੁਸਤਾਨੀ ਪੂੰਜੀਪਤੀਆਂ ਨੂੰ ਸ਼ਿਕਸਤ ਜਾਂ ਦੱਬ ਲਈ ਉਹਨਾਂ ਇਥੋਂ ਦੇ ਜਾਗੀਰਦਾਰਾਂ ਤੋਂ ਵਿਸ਼ੇਸ਼ ਹੱਕ ਪ੍ਰਾਪਤ ਕੀਤੇ। ਉਹਨਾਂ ਨੂੰ ਸ਼ਾਹਜਹਾਂ ਦੇ ਸਾਸ਼ਨਕਾਲ ਵਿਚ ਤਿੰਨ ਹਜ਼ਾਰ ਰੁ: ਸਲਾਨਾ ਦੀ ਰਕਮ ਨਾਲ ਬੰਗਾਲ ਵਿਚ ਬਿਨਾਂ ਟੈਕਸ ਦਿਤੇ ਵਪਾਰ ਕਰਨ ਦੀ ਇਜਾਜ਼ਤ ਸੂਬੇਦਾਰ ਸ਼ਾਹਜਾਦਾ ਸ਼ੁਜਾਹ ਤੋਂ ਹਾਸਿਲ ਕੀਤੀ।

1715 ਵਿਚ ਅੰਗਰੇਜ਼ 310 ਹੈਮਿਲਟਨ ਦੇ ਕਹਿਣ ਅਨੁਸਾਰ ਬਾਦਸ਼ਾਹ ਫਰਖਸੀਅਰ ਨੇ ਬੰਗਾਲ ਵਿਚ ਅੰਗਰੇਜ਼ਾਂ ਦੇ ਵਿਲਾਇਤੀ ਮਾਲ ਉਤੇ ਟੈਕਸ ਬਿਲਕੁਲ ਮਾਫ ਕਰ ਦਿਤਾ। ਸੰਖੇਪ ਵਿਚ ਅੰਗਰੇਜ਼ਾਂ ਨੇ ਇਕ ਪਾਸੇ ਸਮੁੰਦਰੀ ਵਪਾਰ ਉਤੇ ਅਧਿਕਾਰ ਕਰ ਲਿਆ ਅਤੇ ਦੂਜੇ ਪਾਸੇ ਇਥੋਂ ਦੇ ਜਾਗੀਰਦਾਰਾਂ ਤੋਂ ਵਿਸ਼ੇਸ਼ ਅਧਿਕਾਰ ਹਾਸਿਲ ਕੀਤੇ। ਅਤੇ ਭਾਰਤੀ ਵਪਾਰੀਆਂ ਨੂੰ ਤਬਾਹ ਕਰ ਦਿਤਾ। ਇਸ ਤਰਾਂ ਅੰਗਰੇਜ਼ ਪੂੰਜੀਵਾਦੀਆਂ ਨੇ ਭਾਰਤੀ ਸਮਾਜ ਦੇ ਕੁਦਰਤੀ ਵਿਕਾਸ ਨੂੰ ਰੋਕ ਦਿਤਾ।

ਹਿਦੁਸਤਾਨ ਉਤੇ ਕਬਜ਼ੇ ਲਈ ਅੰਗਰੇਜ਼ ਸੌਦਾਗਰਾਂ ਨੂੰ ਇਥੋਂ ਦੇ ਰਾਜਿਆਂ ਅਤੇ ਨਵਾਬਾਂ ਨਾਲ ਵੀ ਲੋਹਾ ਲੈਣਾ ਪਿਆ। ਉਹਨਾਂ ਨੇ ਰਾਜਿਆਂ ਅਤੇ ਨਵਾਬਾਂ ਦੀ ਆਪਸੀ ਫੁੱਟ ਤੋਂ ਚੰਗਾ ਫਾਇਦਾ ਉਠਾਇਆ। ਇਹਨਾਂ ਨੂੰ ਆਪਸ ਵਿਚ ਲੜਾਇਆ। ਅਤੇ ਆਪਣਾ ਉੱਲੂ ਸਿੱਧਾ ਕੀਤਾ। 1757 ਵਿਚ ਪਲਾਸੀ (ਮੁਰਸ਼ਿਦਾਬਾਦ) ਦੇ ਯੁੱਧ ਵਿਚ ਸੂਬਾ ਬੰਗਾਲ ਦੇ ਨਵਾਬ ਸੁਰਾਜਦੌਲਾ ਨੂੰ ਹਟਾ ਕੇ ਮੀਰਜ਼ਾਫਰ ਨੂੰ ਨਵਾਬੀ ਦੇ ਕੇ ਉਹਨਾਂ ਚੌਬੀਸ ਪਰਗਾਨਾ ਦੀ ਜਗੀਰ ਹਾਸਿਲ ਕੀਤੀ। ਇਸ ਤਰ੍ਹਾਂ 1757 ਤੋਂ ਹਿਦੁਸਤਾਨ ਵਿਚ ਅੰਗਰੇਜ਼ ਪੂੰਜੀਵਾਦੀਆਂ ਨੇ ਰਾਜ ਕਰਨਾ ਸ਼ੁਰੂ ਕੀਤਾ। ਇਹ ਹਿਦੁਸਤਾਨ ਨੂੰ ਹਥਿਆਉਣ ਦੀ ਸ਼ੁਰੂਆਤ ਸੀ।

ਬਕਸਰ ਦੇ ਯੁੱਧ 1764 ਵਿਚ ਅੰਗਰੇਜ਼ ਪੂੰਜੀਵਾਦੀਆਂ ਦੀ ਫੌਜ ਅਬਧ ਦੇ ਨਵਾਬ ਸ਼ੁਜਾਓਦੌਲਾ, ਮੁਗਲ ਬਾਦਸ਼ਾਹ ਸ਼ਾਹ ਆਲਮ ਅਤੇ ਮੀਰ ਕਾਸਿਮ ਦੀ ਇਕੱਠੀ ਸੈਨਾ ਨੂੰ ਹਾਰ ਦਿਤੀ। ਇਸ ਜਿੱਤ ਨਾਲ ਉਤਰ ਭਾਰਤ ਵਿਚ ਅੰਗਰੇਜ਼ਾਂ ਦੇ ਕਬਜ਼ੇ ਲਈ ਰਾਹ ਖੁਲ੍ਹ ਗਿਆ। ਬੰਗਾਲ ਬਿਹਾਰ ਅਤੇ ਉੜੀਸਾ ਦੀ ਦੀਵਾਨੀ ਉਹਨਾਂ ਦੇ ਹੱਥ ਆ ਗਈ। ਮਰਾਠਾ ਸੰਘ ਵਿਚ ਫੁੱਟ ਪਾ ਕੇ ਇਹਨਾਂ 1818 ਵਿਚ ਮਰਾਠਿਆਂ ਦੀ ਤਾਕਤ ਸਮਾਪਤ ਕਰ ਦਿਤੀ। ਮਰਾਠਿਆਂ ਦੀ ਹਾਰ ਤੋਂ ਬਾਅਦ ਭਾਰਤ ਵਿਚ ਕੋਈ ਐਸੀ ਸੰਗਠਿਤ ਤਾਕਤ ਨਹੀਂ ਰਹਿ ਗਈ ਸੀ। ਜੋ ਅੰਗਰੇਜ਼ ਵਿਓਪਾਰੀਆਂ ਦਾ ਮੁਕਾਬਲਾ ਕਰ ਸਕੇ। ਰਹਿੰਦੇ ਬਾਕੀ ਜਾਗੀਰਦਾਰਾਂ ਨੂੰ ਖਤਮ ਕਰਕੇ ਇਹਨਾਂ ਨੇ ਸਾਰੇ ਭਾਰਤ ਉਤੇ ਆਪਣਾ ਅਧਿਕਾਰ ਜਮਾ ਲਿਆ ਅਤੇ ਹਿਦੁਸਤਾਨ ਅੰਗਰੇਜ਼ ਪੂੰਜੀਵਾਦੀਆਂ ਦਾ ਗੁਲਾਮ ਹੋ ਗਿਆ।

ਇਸ ਤਰਾਂ ਹਿਦੁਸਤਾਨ ਵਿਚ ਜਾਗੀਰਦਾਰੀ ਨੂੰ ਹਰਾ ਕੇ ਜੋ ਰਾਜ ਕਾਇਮ ਹੋਇਆ ਉਹ ਇਥੋਂ ਦੀ ਜਾਗੀਰਦਾਰੀ ਸਮਾਜ ਦੇ ਪ੍ਰਬੰਧ ਵਿਚੋਂ ਪੈਦਾ ਹੋਇਆ। ਪੂੰਜੀਵਾਦੀ ਰਾਜ ਨਹੀਂ ਸੀ ਅਤੇ ਨਾ ਹੀ ਇਹ ਦੇਸੀ ਪੂੰਜੀਪਤੀ ਵਰਗ ਦਾ ਬਲਕਿ ਅੰਗਰੇਜ਼ ਪੂੰਜੀਵਾਦੀਆਂ ਦਾ ਰਾਜ ਸੀ। ਇਸ ਵਿਦੇਸ਼ੀ ਪੂੰਜੀਵਾਦ ਨੇ ਭਾਰਤ ਦਾ ਕੁਦਰਤੀ ਵਿਕਾਸ ਰੋਕ ਦਿਤਾ।

## ਸੌਦਾਗਰੀ ਪੂੰਜੀ ਦਾ ਯੁਗ

### ਭਾਰਤ ਵਿਚ ਅੰਗਰੇਜ਼ੀ ਰਾਜ ਨੂੰ ਮੁਖ ਤਿੰਨ ਯੁਗਾਂ ਵਿਚ ਵੰਡ ਸਕਦੇ ਹਾਂ —

ਸੌਦਾਗਰੀ ਸਰਮਾਏ ਦਾ ਯੁਗ 1612 ਵਿਚ ਅੰਗਰੇਜ਼ਾਂ ਦੀ ਪਹਿਲੀ ਕੋਠੀ ਸੂਰਤ ਵਿਚ ਖੁਲ੍ਹਣ ਦੇ ਸਮੇਂ ਤੋਂ ਲੈ ਕੇ 1813 ਤਕ ਲਗਭਗ 200 ਸਾਲ ਰਿਹਾ। ਈਸਟ ਇੰਡੀਅਨ ਕੰਪਨੀ ਦਾ ਮੁਖ ਟੀਚਾ ਭਾਰਤ ਤੋਂ ਮਸਾਲੇ, ਸੂਤੀ ਅਤੇ ਰੇਸ਼ਮੀ ਕਪੜੇ ਲਿਜਾ ਕੇ ਇੰਗਲੈਂਡ ਅਤੇ ਦੂਜੇ ਯੂਰਪੀ ਮੁਲਕਾਂ ਵਿਚ ਵੇਚਣਾ ਅਤੇ ਜ਼ਿਆਦਾ ਤੋਂ ਜ਼ਿਆਦਾ ਮੁਨਾਫਾ ਕਮਾਉਣਾ ਸੀ। ਉਹਨਾਂ ਦਿਨਾਂ ਵਿਚ ਇੰਗਲੈਂਡ ਅਤੇ ਯੂਰਪ ਦੇ ਦੂਜੇ ਮੁਲਕਾਂ ਵਿਚ ਇਹਨਾਂ ਚੀਜ਼ਾਂ ਦੀ ਬੜੀ ਮੰਗ ਸੀ। ਇਸ ਲਈ ਕੰਪਨੀ ਦੀ ਕੋਸ਼ਿਸ਼ ਸੀ ਕਿ ਉਹਨਾਂ ਨੂੰ ਇਹ ਚੀਜ਼ਾਂ ਘੱਟ ਤੋਂ ਘੱਟ ਕੀਮਤ ਜਾਂ ਮੁਫਤ ਹੀ ਮਿਲ ਜਾਣ।

ਭਾਰਤ ਵਿਚ ਮੁਗਲ ਰਾਜ ਦੀ ਤਾਕਤ ਬਹੁਤ ਮਜ਼ਬੂਤ ਸੀ। ਇਸ ਲਈ ਅੰਗਰੇਜ਼ ਸੌਦਾਗਰਾਂ ਦੀ ਖੁਲ੍ਹੇ ਆਮ ਲੁੱਟ ਦੀ ਹਿੰਮਤ ਨਹੀਂ ਸੀ। ਫਿਰ ਵੀ ਉਹ ਆਏ ਗਏ ਸਮੁੰਦਰੀ ਡਕੈਤੀਆਂ ਕਰਿਆ ਕਰਦੇ ਸਨ ਅਤੇ ਪਰਾਇਆ ਮਾਲ ਆਪਣਾ ਬਣਾਉਂਦੇ ਸਨ। ਇਸ ਲਈ ਕਈ ਵਾਰ ਉਹਨਾਂ ਨੂੰ ਮੁਗਲ ਸਰਕਾਰ ਨੂੰ ਜ਼ੁਰਮਾਨਾ ਵੀ ਦੇਣਾ ਪਿਆ। ਸ਼ਾਹਜਹਾਂ ਦੇ ਜ਼ਮਾਨੇ ਵਿਚ ਭਾਰਤੀ ਸਮੁੰਦਰ ਵਿਚ ਡਕੈਤੀ ਦੇ ਕਾਰਨ ਸੂਰਤ ਦੇ ਸਭ ਅੰਗਰੇਜ਼ੀ ਗ੍ਰਿਫਤਾਰ ਕਰ ਲਏ ਗਏ ਸਨ ਅਤੇ ਭਾਰੀ ਜ਼ੁਰਮਾਨੇ ਭੁਗਤ ਕੇ ਹੀ ਉਹਨਾਂ ਦੀ ਖੁਲਾਸੀ ਹੋਈ। 1686 ਵਿਚ ਜਦੋਂ ਚਾਰਨਕ ਦੀ ਸਰਦਾਰੀ ਹੇਠ ਅੰਗਰੇਜ਼ਾਂ ਨੇ ਹੁਗਲੀ ਬੰਦਰਗਾਹ ਨੂੰ ਲੁੱਟ ਲਿਆ। ਇਸਤੋਂ ਔਰੰਗਜ਼ੇਬ ਨੇ ਜਦੋਂ ਸਭ ਅੰਗਰੇਜ਼ਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਹਨਾਂ ਦਾ ਵਪਾਰ ਬੰਦ ਕਰ ਦਿੱਤਾ। ਦੂਜੇ ਸਾਲ ਅੰਗਰੇਜ਼ਾਂ ਨੇ ਜਦੋਂ ਹੱਜ ਜਾਣ ਵਾਲਿਆਂ ਦੀ ਰਾਖੀ ਦਾ ਇਕਰਾਰਨਾਮਾ ਲਿਖਿਆ ਤਾਂ ਉਹਨਾਂ ਨੂੰ ਛੱਡ ਦਿੱਤਾ ਗਿਆ।

ਉਸ ਸਮੇਂ ਤੱਕ ਇੰਗਲੈਂਡ ਦਾ ਵਿਕਾਸ ਐਨਾ ਨਹੀਂ ਸੀ ਹੋਇਆ ਕਿ ਉਹ ਹਿਦੁਸਤਾਨ ਦੇ ਮਾਲ ਦੇ ਬਰਾਬਰ ਦੀ ਕੀਮਤ ਦਾ ਮਾਲ ਹਿਦੁਸਤਾਨ ਭੇਜ ਸਕੇ। ਦੂਜੇ ਸ਼ਬਦਾਂ ਵਿਚ ਬਰਾਮਦ ਅਤੇ ਦਰਾਮਦ ਦਾ ਸੰਤੁਲਨ ਇੰਗਲੈਂਡ ਦੇ ਖਿਲਾਫ ਅਤੇ ਭਾਰਤ ਦੇ ਹੱਕ ਵਿਚ ਸੀ। ਇਸ ਲਈ ਭਾਰਤੀ ਮਾਲ ਲਈ ਅੰਗਰੇਜ਼ ਸੌਦਾਗਰਾਂ ਨੂੰ ਆਪਣੀ ਜੇਬ ਵਿਚੋਂ ਸੋਨਾ ਚਾਂਦੀ ਕੱਢ ਕੇ ਦੇਣਾ ਪੈਂਦਾ ਸੀ। ਸੌਦਾਗਰਾਂ ਦਾ ਪੂੰਜੀਵਾਦ ਇਸ ਤਰਾਂ ਦੀ ਸੌਦਾਗਰੀ ਪਸੰਦ ਨਹੀਂ ਸੀ ਕਰਦਾ। ਇਹ ਕੀਮਤੀ ਧਾਤਾਂ ਹੀ ਤਾਂ ਇਹਨਾਂ ਦੀ ਸੱਚੀ ਦੌਲਤ ਸੀ। ਇਹਨਾਂ ਨੂੰ ਇਹ ਬਾਹਰ ਨਹੀਂ ਸੀ ਜਾਣ ਦੇਣਾ ਚਾਹੁੰਦਾ।

ਇਸ ਲਈ ਇਹ ਚੋਰ-ਉਚੱਕੇ ਸੌਦਾਗਰ ਭਾਰਤੀ ਮਾਲ ਨੂੰ ਘੱਟ ਤੋਂ ਘੱਟ ਮੁੱਲ ਉਤੇ ਜਾਂ ਮੁਫਤ ਵਿਚ ਲੈਣ ਦੀ ਕੋਸ਼ਿਸ਼ ਕਰਦੇ, ਪਜ ਸਿੱਧੀ ਲੁੱਟਮਾਰ ਦਾ ਇਹ ਇਸਤੇਮਾਲ ਓਦੋਂ ਤਕ ਨਹੀਂ ਸੀ ਕਰ ਸਕਦੇ, ਇਸ ਲਈ ਇਕ ਤਰੀਕਾ ਕੱਢਿਆ ਇਹਨਾਂ ਨੇ ਅਫਰੀਕਾ, ਅਮਰੀਕਾ ਆਦਿ ਦੂਜੀਆਂ ਕਾਲੋਨੀਆਂ ਦੇ ਲੁੱਟ ਦੇ ਮਾਲ ਜਾਂ ਪੱਛਮੀ ਦੀਪ ਸਮੂਹ ਅਤੇ ਸਪੇਨੀ ਅਮਰੀਕਾ ਵਿਚ ਗੁਲਾਮਾਂ ਨੂੰ ਵੇਚਕੇ ਮਿਲੀ ਚਾਂਦੀ ਦੇ ਬਦਲੇ ਹਿਦੁਸਤਾਨ ਦਾ ਮਾਲ ਲੈਣਾ ਸ਼ੁਰੂ ਕੀਤਾ। ਇਹ ਵਤੀਰਾ ਕਾਫੀ ਅਰਸੇ ਤਕ ਜਾਰੀ ਰਿਹਾ।

ਪਲਾਸੀ ਦੇ ਯੁੱਧ(1757) ਵਿਚ ਜਿੱਤ ਤੋਂ ਬਾਅਦ ਅੰਗਰੇਜ਼ ਸੌਦਾਗਰਾਂ ਦੀ ਲੁੱਟਮਾਰ ਦਾ ਰਸਤਾ ਖੁਲ੍ਹ ਗਿਆ। ਕੰਪਨੀ ਦੇ ਨੌਕਰਾਂ ਦੀਆਂ ਹਰਕਤਾਂ ਦੀਆਂ ਸ਼ਿਕਾਇਤਾਂ ਕਰਦੇ ਹੋਏ ਉਸ ਸਮੇਂ ਬੰਗਾਲ ਦੇ ਗਵਰਨਰ(ਨਵਾਬ) ਮੀਰ ਕਾਸਿਮ ਨੇ ਮਈ 1762 ਵਿਚ ਅੰਗਰੇਜ਼ ਵਗਰਨਰ ਨੂੰ ਲਿਖਿਆ :

"ਕਿਸਾਨਾਂ ਵਪਾਰੀਆਂ ਆਦਿ ਦਾ ਮਾਲ ਅਸਬਾਬ ਚੌਥਾਈ ਕੀਮਤ ਤੇ ਜ਼ਬਰਦਸਤੀ ਉਠਾ ਲੈ ਜਾਂਦੇ ਹਨ ਅਤੇ ਕੁੱਟ ਮਾਰ ਕਰਕੇ ਜ਼ੁਲਮ ਕਰਕੇ ਉਹ ਕਿਸਾਨਾਂ ਆਦਿ ਨੂੰ ਉਸ ਮਾਲ ਦੇ ਪੰਜ ਰੁਪਏ ਦੇਣ ਲਈ ਮਜ਼ਬੂਰ ਕਰਦੇ ਹਨ ਜਿਸਦੀ ਕੀਮਤ ਸਿਰਫ ਇਕ ਰੁਪਿਆ ਹੁੰਦੀ ਹੈ।"

ਬਕਸਰ ਦੇ ਯੁੱਧ(1764) ਵਿਚ ਜਿੱਤ ਤੋਂ ਬਾਅਦ ਅੰਗਰੇਜ਼ ਸੌਦਾਗਰਾਂ ਦੀ ਜਿੱਤ ਦਾ ਇਕ ਨਵਾਂ ਭਾਗ ਸ਼ੁਰੂ ਹੁੰਦਾ ਹੈ। ਕਾਰੀਗਰਾਂ ਨੂੰ ਲੁੱਟਣ ਦੇ ਨਾਲ ਨਾਲ ਹੁਣ ਇਹਨਾਂ ਕਿਸਾਨਾਂ ਨੂੰ ਵੀ ਲੁੱਟਣਾ ਸ਼ੁਰੂ ਕਰ ਦਿਤਾ ਹੁਣ ਵਪਾਰ ਘੱਟ ਸੀ ਤੇ ਲੁੱਟ ਜ਼ਿਆਦਾ।

1772 ਵਿਚ "ਹਿਦੁਸਤਾਨ ਦੇ ਮਾਮਲਿਆਂ ਉਤੇ ਵਿਚਾਰ" ਨਾਂ ਦੀ ਕਿਤਾਬ ਵਿਚ ਇਕ ਅੰਗਰੇਜ਼ ਸੌਦਾਗਰ ਵਿਲੀਅਮ ਵੋਲਟਸ ਨੇ ਲਿਖਿਆ ਹੈ!

"..... ਅੰਗਰੇਜ਼ ਆਪਣੇ ਕਰਮਚਾਰੀਆਂ ਅਤੇ ਕਾਲੇ ਚਮਚਿਆਂ ਨੂੰ ਨਾਲ ਲੈ ਕੇ ਮਨਮਾਨੇ ਢੰਗ ਨਾਲ ਮਿਥਦੇ ਸਨ ਕਿ ਹਰ ਮਾਲ ਬਣਾਉਣ ਵਾਲਾ ਕਿੰਨਾ ਮਾਲ ਦੇਵੇਗਾ ਅਤੇ ਉਸ ਮਾਲ ਲਈ ਉਸਨੂੰ ਕੀ ਕੀਮਤ ਮਿਲੇਗੀ।.....ਵਿਚਾਰੇ ਬੁਨਣ ਵਾਲੇ ਦੀ ਰਜ਼ਾਮੰਦੀ ਜ਼ਰੂਰੀ ਨਹੀਂ ਸੀ ਸਮਝੀ ਜਾਂਦੀ। ਕਿਉਂਕਿ ਕੰਪਨੀ ਦਾ ਕੰਮ ਕਰਨ ਵਾਲੇ ਕਰਮਚਾਰੀ ਅਕਸਰ ਮਰਜ਼ੀ ਦੇ ਕਾਗਜ਼ ਉਤੇ ਉਹਨਾਂ ਤੋਂ ਦਸਖਤ ਕਰਵਾ ਲੈਂਦੇ ਸਨ ਅਗਰ ਬੁਣਨ ਵਾਲਾ ਦਿਤੀ ਗਈ ਕੀਮਤ ਲੈਣ ਤੋਂ ਇਨਕਾਰ ਕਰ ਦਿੰਦਾ ਤਾਂ ਉਹਨਾਂ ਨੂੰ ਬੰਨ ਕੇ ਬੈਂਤਾਂ ਨਾਲ ਕੁਟਾਈ ਕੀਤੀ ਜਾਂਦੀ। :...ਕੁਝ ਬੁਨਕਰਾਂ(ਜੁਲਾਹਿਆਂ) ਦੇ ਨਾਂ ਵੀ ਆਮ ਤੌਰ ਉਤੇ ਕੰਪਨੀ ਦੇ ਪੇਪਰਾਂ ਵਿਚ ਦਰਜ ਹੁੰਦੇ ਸਨ ਅਤੇ ਉਹਨਾਂ ਨੂੰ ਦੂਜਿਆਂ ਦਾ ਕੰਮ ਕਰਨ ਦੀ ਇਜ਼ਾਜਤ ਨਹੀਂ ਹੁੰਦੀ। ਉਹਨਾਂ ਨੂੰ ਗੁਲਾਮਾਂ ਦੀ ਤਰਾਂ ਇਕ ਦਲਾਲ ਤੋਂ ਦੂਜੇ ਹੱਥ ਵੇਚ ਦਿਤਾ ਜਾਂਦਾ ਹੈ। ਇਸ ਮਹਿਕਮੇ ਵਿਚ ਜੋ ਬੇਈਮਾਨੀ ਹੁੰਦੀ ਹੈ ਕਲਪਨਾ ਤੋਂ ਵੀ ਪਰੇ ਦੀ ਗੱਲ ਹੈ। ਲੇਕਿਨ ਸਭ ਦਾ ਨਤੀਜਾ ਇਹ ਹੁੰਦਾ ਹੈ ਕਿ ਵਿਚਾਰਾ ਜੁਲਾਹਾ ਠੱਗਿਆ ਜਾਂਦਾ ਹੈ। ਕਿਉਂਕਿ ਕੰਪਨੀ ਦੇ ਕਰਮਚਾਰੀ ਅਤੇ ਉਹਨਾਂ ਨਾਲ ਮਿਲੇ ਹੋਏ ਕਪੜੇ ਤੋਂ ਘਟੋ ਘੱਟ 15 ਫੀ ਸਦੀ ਅਤੇ ਕਦੇ ਕਦੇ ਤਾਂ 40 ਫੀ ਸਦੀ ਘੱਟ ਹੁੰਦੀ ਹੈ ਜੋ ਉਂਝ ਬਾਜ਼ਾਰ ਵਿਚ ਵੇਚਣ ਤੋਂ ਮਿਲਦੀ ਹੈ।"

ਇਹ ਸੀ ਅੰਗਰੇਜ਼ ਸੌਦਾਗਰਾਂ ਦਾ ਘੱਟ ਤੋਂ ਘੱਟ ਮੁੱਲ ਤੇ ਭਾਰਤੀ ਮਾਲ ਲੈਣ ਦਾ ਤਰੀਕਾ। 1765 ਵਿਚ ਬੰਗਾਲ ਬਿਹਾਰ ਉੜੀਸਾ ਦੀ ਦੀਵਾਨੀ ਹੱਥ ਵਿਚ ਆਉਂਦੇ ਹੀ ਉਹਨਾਂ ਕਿਸਾਨਾਂ ਨੂੰ ਬੁਰੀ ਤਰਾਂ ਲੁੱਟਣਾ ਸ਼ੁਰੂ ਕੀਤਾ। ਬੰਗਾਲ ਵਿਚ ਸਿੱਧੇ ਰਾਜ ਤੋਂ ਬਾਅਦ ਲੁੱਟ ਹੋਰ ਵੀ ਵਧ ਗਈ। ਉਹਨਾਂ ਨੇ ਕਿਸਾਨਾਂ ਉਤੇ ਲਗਾਨ ਤੇਜ਼ੀ ਨਾਲ ਵਧਾਉਣਾ ਸ਼ੁਰੂ ਕੀਤਾ। 1764-65 ਬੰਗਾਲ ਦੇ ਆਖਰੀ ਹਿਦੁਸਤਾਨੀ ਰਾਜ ਵਿਚ 8 ਲੱਖ 17 ਹਜ਼ਾਰ ਪੌਂਡ ਮਾਲ ਗੁਜ਼ਾਰੀ ਵਸੂਲ ਕੀਤੀ ਗਈ ਸੀ। ਲੇਕਿਨ ਕੰਪਨੀ ਨੇ ਰਾਜ ਸੰਭਾਲਦੇ ਹੀ ਕੀ ਕੀਤਾ ਇਸਨੇ ਪਹਿਲੇ ਸਾਲ ਹੀ 1765-66 ਵਿਚ 14 ਲੱਖ 70 ਹਜ਼ਾਰ ਪੌਂਡ ਮਾਲ ਗੁਜ਼ਾਰੀ ਵਸੂਲ ਕੀਤੀ। ਇਹ ਮਾਲ ਗੁਜ਼ਾਰੀ ਵਧਾ ਕੇ 1771-72 ਵਿਚ 23 ਲੱਖ 43 ਹਜ਼ਾਰ ਪੌਂਡ ਅਤੇ 1775-76 ਵਿਚ 28 ਲੱਖ 18 ਹਜ਼ਾਰ ਪੌਂਡ ਹੋ ਗਈ। 1793 ਵਿਚ ਜਦੋਂ ਲਾਰਡ ਕਾਰਨਵਾਲਿਸ ਨੇ "ਇਸਤਮਰਾਰੀ ਬੰਦੋਬਸਤ" ਕੀਤਾ ਤਾਂ ਇਹ ਵੱਧ ਕੇ 34 ਲੱਖ ਪੌਂਡ ਹੋ ਗਈ।

ਇਸ ਮਾਲ ਗੁਜ਼ਾਰੀ ਦਾ ਇਕ ਵੱਡਾ ਹਿਸਾ ਮੁਨਾਫੇ ਦੇ ਰੂਪ ਵਿਚ ਇੰਗਲੈਂਡ ਭੇਜਿਆ ਜਾਂਦਾ। ਬਾਕੀ ਇੰਗਲੈਂਡ ਭੇਜਣ ਲਈ ਖਰੀਦੇ ਗਏ ਭਾਰਤੀ ਮਾਲ ਦੀ ਕੀਮਤ ਚੁਕਾਉਣ ਦੇ ਲਈ "ਲਾਗਤ ਪੂੰਜੀ ਦੇ ਨਾਂ ਉਤੇ ਅੱਡ ਰਖ ਲਿਆ ਜਾਂਦਾ।" ਇਸ ਤਰਾਂ ਅੰਗਰੇਜ਼ ਸੌਦਾਗਰ ਹਿਦੁਸਤਾਨ ਦਾ ਮਾਲ ਖਰੀਦਣ ਲਈ ਰੁਪਿਆ ਹਿਦੁਸਤਾਨ ਤੋਂ ਹੀ ਵਸੂਲ ਕਰਨ ਲਗੇ। ਆਪਣੀ ਜੇਬ ਵਿਚੋਂ ਕਾਣੀ ਕੌਡੀ ਖਰਚੇ ਬਿਨਾਂ ਅੰਗਰੇਜ਼ੀ ਸੌਦਾਗਰਾਂ ਦੀ ਹਿਦੁਸਤਾਨੀ ਮਾਲ ਖਰੀਦਣ ਦੀ ਇੱਛਾ ਇਸ ਤਰਾਂ ਪੂਰੀ ਹੋਈ। ਅੰਗਰੇਜ਼ ਸੌਦਾਗਰਾਂ ਨੇ ਕਿਸਾਨਾਂ ਨੂੰ ਖੂਬ ਲੁੱਟਣਾ ਸ਼ੁਰੂ ਕੀਤਾ ਦੂਜੇ ਪਾਸੇ ਨਹਿਰਾਂ ਦੀ ਸਫਾਈ ਅਤੇ ਨਿਰਮਾਣ ਜਹੇ ਖੇਤੀ ਦੇ ਕੰਮਾਂ ਉਤੇ ਘੱਟ ਤੋਂ ਘੱਟ ਖਰਚ ਕਰਨਾ ਸ਼ੁਰੂ ਕੀਤਾ। ਨਤੀਜਾ ਕੀ ਹੋਇਆ? ਕੰਪਨੀ ਦੇ ਰਾਜ ਦੇ ਛੇ ਸਾਲਾਂ ਵਿਚ 1770 ਵਿਚ ਬੰਗਾਲ ਬਿਹਾਰ—ਅਤੇ ਉੜੀਸਾ ਵਿਚ ਭਿਆਨਕ ਕਾਲ ਪਿਆ। ਇਸ ਵਿਚ ਲਗਭਗ ਇਕ ਕਰੋੜ ਆਦਮੀ ਮਾਰੇ ਗਏ।

ਇਕ ਤਿਹਾਈ ਜਨ ਸੰਖਿਆ ਖਤਮ ਹੋ ਗਈ ਪਰ ਕੀ ਮਾਲ ਗੁਜ਼ਾਰੀ ਦੀ ਵਸੂਲੀ ਵਿਚ ਕੋਈ ਕਮੀ ਰਿਆਇਤ ਕੀਤੀ ਗਈ? ਨਹੀਂ ਇਸਦੇ ਉਲਟ ਹੋਰ ਵੀ ਸਖਤੀ ਨਾਲ ਪਿਛਲੇ ਸਾਲ ਤੋਂ ਵੀ ਜ਼ਿਆਦਾ ਉਗਰਾਹੀ ਗਈ। ਈਸਟ ਇੰਡੀਅਨ ਕੰਪਨੀ ਨੇ 1765-84 ਤੱਕ ਦੇ ਆਪਣੀ ਮਰਜ਼ੀ ਦੀ ਹਕੂਮਤ ਵਿਚ ਸੂਬਾ ਬੰਗਾਲ ਦੀ ਜੋ ਬੁਰੀ ਹਾਲਤ ਕੀਤੀ ਉਸ ਤੇ 1787 ਵਿਚ ਪ੍ਰਕਾਸ਼ਿਤ "ਭਾਰਤ ਵਿਚ ਅੰਗਰੇਜ਼ਾਂ ਦੇ ਸਵਾਰਥਾਂ ਉਤੇ ਇਕ ਨਜ਼ਰ" ਵਿਚ ਆਪਣਾ ਵਿਚਾਰ ਪੇਸ਼ ਕਰਦੇ ਹੋਏ ਬ੍ਰਿਟਿਸ਼ ਪਾਰਲੀਮੈਂਟ ਦਾ ਮੈਂਬਰ ਵਿਲੀਅਮ ਫੁਲਾਰਟਨ ਨੇ ਲਿਖਿਆ :—

"ਪੁਰਾਣੇ ਜ਼ਮਾਨੇ ਵਿਚ ਬੰਗਾਲ ਦੇ ਦੇਹਾਤ, ਦੇਸ਼ ਦੇ ਅੰਨ ਭੰਡਾਰ ਸਨ ਪੂਰਬ ਵਿਚ ਇਹ ਪ੍ਰਦੇਸ਼ ਤਿਆਰ ਮਾਲ ਅਤੇ ਦੌਲਤ ਦਾ ਖਜ਼ਾਨਾ ਸੀ ਲੇਕਿਨ ਸਾਡੀ ਬੁਰੀ ਹੁਕਮਤ ਨੇ ਐਨਾ ਜ਼ੋਰਾਂ ਸ਼ੋਰਾਂ ਨਾਲ ਕੰਮ ਸ਼ੁਰੂ ਕੀਤਾ ਕਿ ਵੀਹ ਸਾਲ ਦੇ ਥੋੜੇ ਸਮੇਂ ਵਿਚ ਹੀ ਦੇਹਾਤ ਦੇ ਬਹੁਤ ਸਾਰੇ ਇਲਾਕੇ ਵੀਰਾਨ(ਬੰਜਰ) ਹੋ ਗਏ। ਖੇਤ ਵਾਹੇ ਬੀਜੇ ਨਹੀਂ ਜਾਂਦੇ। ਬਹੁਤ ਸਾਰੀ ਜ਼ਮੀਨ ਉਤੇ ਜੰਗਲੀ ਝਾੜੀਆਂ ਉੱਗ ਆਈਆਂ ਹਨ। ਕਿਸਾਨਾਂ ਨੂੰ ਲੁੱਟਿਆ ਜਾਂਦਾ ਹੈ ਕਾਰੀਗਰਾਂ ਨੂੰ ਤੰਗ ਕੀਤਾ ਜਾਂਦਾ ਹੈ। ਲੋਕਾਂ ਨੂੰ ਵਾਰ ਵਾਰ ਕਾਲ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਬਾਦੀ ਦਾ ਘਟਣਾ ਸ਼ੁਰੂ ਹੋ ਗਿਆ।"

18 ਸਤੰਬਰ 1798 ਨੂੰ ਗਵਰਨਰ ਜਨਰਲ ਲਾਰਡ ਕਾਰਨਵਾਲਿਸ ਨੇ ਰਿਪੋਰਟ ਭੇਜੀ :

"ਮੈਂ ਮਜ਼ੇ ਨਾਲ ਜ਼ੋਰ ਦੇ ਕੇ ਕਹਿ ਸਕਦਾ ਹਾਂ ਕਿ ਹਿਦੁਸਤਾਨ ਵਿਚ ਕੰਪਨੀ ਦੀ ਜ਼ਮੀਨ ਦਾ ਇਕ ਤਿਹਾਈ ਹਿਸਾ ਜੰਗਲ ਬਣ ਗਿਆ ਹੈ, ਜਿਸ ਵਿਚ ਸਿਰਫ ਜੰਗਲੀ ਜਾਨਵਰ ਰਹਿੰਦੇ ਹਨ।"

1793 ਵਿਚ ਬੰਗਾਲ ਬਿਹਾਰ ਵਿਚ ਜ਼ਮੀਨ ਦਾ 'ਸਥਾਈ ਬੰਦੋਬਸਤ' ਕਰਕੇ ਕਿਸਾਨਾਂ ਦੀ ਬਰਬਾਦੀ ਲਈ ਨਵਾਂ ਕਦਮ ਚੁਕਿਆ ਗਿਆ। ਇਸ ਬੰਦੋਬਸਤ ਦੇ ਕਾਰਨ ਕਿਸਾਨਾਂ ਦਾ ਜ਼ਮੀਨ ਉਤੇ ਮਾਲਕਾਨੇ ਦਾ ਹੱਕ ਜਾਂਦਾ ਰਿਹਾ ਅਤੇ ਨਵਾਂ ਜ਼ਿਮੀਦਾਰ ਵਰਗ(ਜਮਾਤ) ਪੈਦਾ ਹੋ ਗਿਆ ਜੋ ਕਿਸਾਨਾਂ ਨੂੰ ਕਿਸੇ ਵੀ ਤਰਾਂ ਦਾ ਮੁਆਵਜ਼ਾ ਦਿਤੇ ਬਗੈਰ ਉਹਨਾਂ ਦੀ ਜ਼ਮੀਨ ਦਾ ਮਾਲਕ ਬਣ ਬੈਠਿਆ। ਇਸ ਜ਼ਿਮੀਦਾਰ ਜਮਾਤ ਨੂੰ ਪੈਦਾ ਕਰਕੇ ਅੰਗਰੇਜ਼ ਸੌਦਾਗਰਾਂ ਨੇ ਆਪਣੀ ਸਰਕਾਰ ਦੇ ਸਮਾਜਿਕ ਆਧਾਰ ਦੀ ਸਥਾਪਨੀ ਕੀਤੀ ਇਹ ਨਵੇਂ ਜ਼ਿਮੀਦਾਰ ਅੰਗਰੇਜ਼ੀ ਰਾਜ ਦੇ ਨੀਂਹ ਪੱਥਰ ਬਣੇ।

(ਚਲਦਾ)

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ--------------------------------
--------------------------------------------
--------------------------------------------
--------------------------------------------
ਨਵਾਂ ਪਤਾ ਸਟਰੀਟ/ਐਵੇਨਿਊ------------------
ਟਾਊਨ------------------------------------
ਸਟੇਟ-------------------------------------
ਪੋਸਟਲ ਕੋਡ--------------------------------
ਫੋਨ ਨੰਬਰ---------------------------------

NARWAL INSURANCE AGENCY LTD.
ALL KINDS OF INSURANCE:
*Renewals
*Financing
*Safe Driving Discounts
*Cars, Trucks, Vans Etc..
PLATES & DECALS
Autoplan
Open Monday to Saturday from 9 A.M. - 5 P.M.
OFF: 324-4944 RES: 325-4744
6415 MAIN ST., (at 48th Ave.) VANCOUVER, B.C


PRITPAL NARWAL, B.A. LL.B

PRITPAL SINGH NARWAL
NOTARY PUBLIC
B.A. (PU) LL.B. (KUK)
FORMER - (ADVOCATE & OATH COMMISIONER)
(Punjab & Haryana Highcourt)
PREFERRED AREA OF PRACTISE:
*All Conveyancing Deed & Transfer Documents
*To prepare Mortgage & Cancel Mortgages
*To prepare Leases
*To prepare Commercial Contracts
*To prepare Statutory Declarations
*To prepare Power of Attorney
*Authorized to Adminster Oaths
*Attest Signatures
*Authenticate Copies
*Passport *Change of Name
Also Help on Immigration Matters
BUS: 324-4944 RES: 325-4744 9:00 a.m. to 5.00 p.m. (Monday to Saturday)
6415 MAIN ST., (At 48th Ave.) VANCOUVER, B.C. V2W 2V5

# ਕੇਂਦਰ ਭਿੰਡਰਾਂਵਾਲੇ ਨੂੰ ਖਤਮ ਕਰਨਾ ਚਾਹੁੰਦਾ ਹੈ — ਟੌਹੜਾ

ਇੰਦੌਰ — ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖਤਮ ਕਰਨਾ ਚਾਹੁੰਦੀ ਹੈ ਪਰ ਸ਼੍ਰੋਮਣੀ ਕਮੇਟੀ ਇਸ ਦੀ ਆਗਿਆ ਨਹੀ ਦੇਵੇਗੀ।

ਸ੍ਰੀ ਟੌਹੜਾ ਨੇ ਪ੍ਰੈਸ ਕਾਨਫਰੰਸ ਵਿਚ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ ਇਹ ਸੂਚਨਾ ਹੈ ਕਿ ਸੰਤ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਵਿਚੋਂ ਗ੍ਰਿਫਤਾਰ ਕਰਨ ਲਈ ਛਾਪਾ ਮਾਰਾਂ ਨੇ ਯੂ ਪੀ ਵਿਚ ਇਕ ਥਾਂ ਅਭਿਆਸ ਕੀਤਾ ਪਰ ਸ੍ਰੀ ਟੌਹੜਾ ਨੇ ਜ਼ੋਰ ਨਾਲ ਕਿਹਾ ਕਿ ਅਜੇਹੀ 'ਕੋਸ਼ਿਸ਼' ਅਸਫਲ ਬਣਾ ਦਿੱਤੀ ਜਾਵੇਗੀ।

ਸ੍ਰੀ ਟੌਹੜਾ ਨੇ ਕਿਹਾ ਕਿ ਸ੍ਰੀ ਭਿੰਡਰਾਂਵਾਲਾ ਕੇਵਲ ਅਕਾਲੀ ਦਲ ਦੇ ਮੈਂਬਰ ਹੀ ਨਹੀਂ ਸਗੋਂ ਸ਼੍ਰੋਮਣੀ ਕਮੇਟੀ ਦੇ ਇਕ 'ਮਿਸ਼ਨਰੀ' ਹਨ ਅਤੇ ਇਸ ਸੰਸਥਾ ਵਿਚ ਉਹਨਾਂ ਨੂੰ "ਮਾਨਯੋਗ ਤੇ ਸਤਿਕਾਰਯੋਗ" ਥਾਂ ਹਾਸਲ ਹੈ।

ਸ੍ਰੀ ਟੌਹੜਾ ਨੇ ਖੰਡਨ ਕੀਤਾ ਕਿ ਸ੍ਰੀ ਭਿੰਡਰਾਂਵਾਲੇ ਮੁਜ਼ਰਮ ਹਨ ਜਿਵੇਂ ਕਿ ਸਰਕਾਰ ਕਹਿ ਰਹੀ ਹੈ। ਉਹਨਾਂ ਵਿਰੁਧ ਦਰਜ ਕੇਸਾਂ ਬਾਰੇ ਸ੍ਰੀ ਟੌਹੜਾ ਨੇ ਕਿਹਾ ਕਿ ਰਾਜਨੀਤਕ ਲਾਗਤਬਾਜ਼ੀ ਵਿਚ ਅਜਿਹੇ ਕੇਸ ਕਿਸੇ ਵਿਰੁਧ ਵੀ ਦਰਜ ਕੀਤੇ ਜਾ ਸਕਦੇ ਹਨ।

ਸ੍ਰੀ ਟੌਹੜਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਸੰਤ ਭਿੰਡਰਾਂਵਾਲੇ ਵਿਰੁਧ ਦਰਜ ਕੇਸ ਵਿਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਦ ਸੰਤ ਭਿੰਡਰਾਂਵਾਲੇ ਕੁਝ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਦੇਸ਼ ਧਰੋਹੀ ਕਿਹਾ ਜਾਂਦਾ ਹੈ ਪਰ ਕੌਮੀ ਆਗੂਆਂ ਵਲੋਂ ਕੀਤੀਆਂ ਜਾਂਦੀਆਂ ਅਜਿਹੀਆਂ ਤਕਰੀਰਾਂ ਉਤੇ ਕੋਈ ਇਤਰਾਜ਼ ਨਹੀਂ ਕੀਤਾ ਜਾਂਦਾ।

ਉਹਨਾਂ ਦਾਅਵਾ ਕੀਤਾ ਕਿ ਅਕਾਲੀ ਦਲ ਨੇ ਜਨਤਾ ਪਾਰਟੀ ਸਰਕਾਰ ਸਮੇਂ ਵੀ ਮੰਗਾਂ ਉਠਾਈਆਂ ਸਨ।

ਸ੍ਰੀ ਟੌਹੜਾ, ਜਿਨ੍ਹਾਂ ਨਾਲ ਭਰਪੂਰ ਸਿੰਘ ਬਲਬੀਰ ਤੇ ਬੀਬੀ ਰਾਜਿੰਦਰ ਕੌਰ ਵੀ ਸਨ ਨੇ ਕਿਹਾ ਕਿ ਇੰਦੌਰ ਵਿਚ ਅਕਾਲੀ ਦਲ ਦਾ ਯੂਨਿਟ ਛੇਤੀ ਹੀ ਕਾਇਮ ਕੀਤਾ ਜਾਵੇਗਾ।

# ਹਰਿਮੰਦਰ ਸਾਹਿਬ 'ਚ ਅਤਿਵਾਦੀਆਂ ਪਾਸ ਹਥਿਆਰ ਜਮ੍ਹਾਂ — ਲਸਕਰ

ਨਵੀਂ ਦਿੱਲੀ — ਕੇਂਦਰੀ ਗ੍ਰਹਿ ਮੰਤ੍ਰੀ ਪੀ ਸੀ ਸੇਠੀ ਨੇ ਲੋਕ ਸਭਾ ਵਿਚ ਦੱਸਿਆ ਕਿ ਦੇਸ਼ ਅੰਦਰ ਗੈਰ ਕਾਨੂੰਨੀ ਤੌਰ ਤੇ ਹਥਿਆਰਾਂ ਦੀ ਤਿਆਰੀ ਰੋਕਨ ਲਈ ਕਦਮ ਚੁੱਕੇ ਗਏ ਹਨ। ਉਹ ਪੰਜਾਬ ਦੇ ਮਸਲੇ ਬਾਰੇ ਇਕ ਸਵਾਲ ਦਾ ਉਤਰ ਦੇ ਰਹੇ ਸਨ।

ਪੰਜਾਬ ਵਿਚ ਅਤਿਵਾਦੀ ਸਰਗਰਮੀਆਂ ਦੇ ਵਧਣ ਅਤੇ ਉਹਨਾਂ ਵਲੋਂ ਨਜ਼ਾਇਜ਼ ਹਥਿਆਰਾਂ ਦੀ ਵਰਤੋਂ ਕੀਤੇ ਜਾਣ ਦੀਆਂ ਰਿਪੋਰਟਾਂ ਦੇ ਸਬੰਧ ਵਿਚ ਕਹੀ।

ਇਸ ਤੋਂ ਪਹਿਲਾਂ ਗ੍ਰਹਿ ਰਾਜ ਮੰਤਰੀ ਨਿਹਾਰ ਰੰਜਨ ਲਸਕਰ ਨੇ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਪੰਜਾਬ ਸਰਕਾਰ ਅਨੁਸਾਰ ਹਰਿਮੰਦਰ ਸਾਹਿਬ ਦੇ ਕੰਪਲੈਕਸ ਵਿਚ ਅਤਿਵਾਦੀ ਅਨਸਰਾਂ ਨੇ ਕੁਝ ਹਥਿਆਰ ਤੇ ਅਸਲਾ ਜਮਾਂ ਕੀਤਾ ਹੋਇਆ ਹੈ।

ਉਨਾਂ ਦਸਿਆ ਕਿ ਰਾਜ ਸਰਕਾਰ ਦੇ ਅਧਿਕਾਰੀਆਂ ਨੇ ਕਈ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਹੈ ਕਿ ਉਹ ਲੋੜੀਦੇ ਵਿਅਕਤੀਆਂ ਨੂੰ ਪੁਲੀਸ ਦੇ ਹਵਾਲੇ ਕਰ ਦੇਵੇ ਪਰ ਉਨ੍ਹਾਂ ਇਸ ਬਾਰੇ ਕੋਈ ਮਿਲਵਰਤਣ ਨਹੀਂ ਦਿਤੀ। ਉਨ੍ਹਾਂ ਕਿਹਾ ਕਿ ਸਥਿਤੀ ਤੇ ਨਜ਼ਰ ਰੱਖੀ ਜਾ ਰਹੀ ਹੈ।

# ਡਾ: ਗੰਗਾ ਸਿੰਘ ਢਿੱਲੋਂ ਪ੍ਰਧਾਨ ਨਨਕਾਣਾ ਸਾਹਿਬ ਫਾਊਂਡੇਸ਼ਨ ਦਿੱਲੀ ਵਿਚ ?

ਨਵੀਂ ਦਿੱਲੀ—ਸ: ਗੁਰਨਾਮ ਸਿੰਘ ਤੀਰ ਜੋ ਕਿ ਤੀਸਰੀ ਪੰਜਾਬੀ ਕਾਨਫਰੰਸ ਦੇ ਕਨਵੀਨਰ ਹਨ ਨੇ ਇਥੇ ਕਿਹਾ ਹੈ ਕਿ ਡਾ: ਗੰਗਾ ਸਿੰਘ ਢਿੱਲੋਂ ਪ੍ਰਧਾਨ ਨਨਕਾਣਾ ਸਾਹਿਬ ਫਾਊਂਡੇਸ਼ਨ ਜਿੰਨਾਂ ਨੂੰ 10 ਅਪਰੈਲ 82 ਨੂੰ ਦਿੱਲੀ ਤੋਂ ਡੀਪੋਟ ਕਰ ਦਿਤਾ ਗਿਆ ਸੀ 23 ਦਸੰਬਰ ਨੂੰ ਪੁਜ ਰਹੇ ਹਨ। ਉਹਨਾਂ ਕਿਹਾ ਕਿ ਡਾ: ਢਿੱਲੋਂ ਵਲੋਂ ਟੈਲੀਫੋਨ ਤੇ ਅਮਰੀਕਾ ਤੋਂ ਇਹ ਦੱਸਿਆ ਗਿਆ ਹੈ ਕਿ ਭਾਰਤ ਸਰਕਾਰ ਨੇ ਉਹਨਾਂ ਨੂੰ ਕਾਨਫਰੰਸ ਵਿਚ ਭਾਗ ਲੈਣ ਦੀ ਆਗਿਆ ਦੇ ਦਿੱਤੀ ਹੈ। ਪਿਛਲੇ ਸਾਲ ਜਦੋਂ ਡਾ: ਗੰਗਾ ਸਿੰਘ ਢਿੱਲੋਂ ਵਿਸ਼ਵ ਸਿੱਖ ਕਨਵੈਨਸ਼ਨ ਜਿਸਨੂੰ ਕਿ ਅਕਾਲੀ ਦਲ (ਲੌਂਗੋਵਾਲ) ਨੇ ਆਰਗੇਨਾਈਜ਼ ਕੀਤਾ ਸੀ ਵਿਚ ਹਿਸਾ ਲੈਣ ਜਦੋਂ ਭਾਰਤ ਆਏ ਸਨ ਉਹਨਾਂ ਨੂੰ ਡੀਪੋਟ ਕਰ ਦਿੱਤਾ ਗਿਆ ਸੀ। ਡਾ: ਗੁਰਨਾਮ ਸਿੰਘ ਤੀਰ ਨੇ ਕਿਹਾ ਡਾ: ਢਿੱਲੋਂ ਯੂ. ਐਸ. ਏ. ਦੇ ਪੰਜਾਬੀ ਰਾਈਟਰਜ਼ ਦੇ ਡੈਲੀਗੇਸ਼ਨਜ਼ ਦੀ ਪ੍ਰਤੀਨਿਧਤਾ ਕਰਨਗੇ।

# ਕਤਲ ਦਾ ਦੋਸ਼ੀ ਪਹਿਚਾਣ ਲਿਆ ਗਿਆ

ਮੋਗਾ—ਸਥਾਨਕ ਪੁਲੀਸ ਅਧਿਕਾਰੀਆਂ ਨੇ ਇਕ ਐਸੇ ਵਿਅਕਤੀ ਨੂੰ ਪਛਾਣਿਆਂ ਹੈ ਜਿਸ ਨੂੰ ਸ੍ਰੀ ਸੁਰਿੰਦਰ ਕੁਮਾਰ ਇਕ ਪੈਟਰੋਲ ਦੇ ਵਪਾਰੀ ਦਾ ਕਾਤਲ ਕਰਕੇ ਸਮਝਿਆ ਜਾਂਦਾ ਹੈ।

ਸ੍ਰੀ ਸੁਰਿੰਦਰ ਕੁਮਾਰ ਨੂੰ ਉਸਦੇ ਪੈਟਰੋਲ ਪੰਪ ਉਤੇ ਮੋਗੇ ਤੋਂ ਬਾਹਰ ਵਾਰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ ਸੀ। ਇਸ ਅਪਰਾਧ ਵਿਚ ਵਰਤੀ ਗਈ ਕਾਰ ਪਕੜ ਲਈ ਗਈ ਹੈ ਅਤੇ ਉਸਦੇ ਮਾਲਕ ਅੰਗਰੇਜ਼ ਸਿੰਘ ਨੂੰ ਪਹਿਚਾਣ ਲਿਆ ਗਿਆ ਹੈ। ਅਤੇ ਖਿਆਲ ਕੀਤਾ ਜਾਂਦਾ ਹੈ ਕਿ ਇਹ ਗੈਂਗ ਦਾ ਲੀਡਰ ਹੈ।

# ਬਿਦੇਸ਼ੀ ਹਥਿਆਰ ਅਤੇ ਸੁਵਾਮੀ ਧਰੇਂਦਰ ਬ੍ਰਹਮਚਾਰੀ

ਨਵੀਂ ਦਿੱਲੀ—ਪਿਛਲੇ ਕੁਝ ਦਿਨਾਂ ਵਿਚ ਨਜਾਇਜ਼ ਤੌਰ ਤੇ ਬਿਦੇਸ਼ੀ ਹਥਿਆਰਾਂ ਦਾ ਇਕ ਵੱਡਾ ਸਟਾਕ ਰੱਖਣ ਦੇ ਜ਼ੁਲਮ ਵਿਚ ਸ੍ਰੀ ਧਰੇਂਦਰ ਬ੍ਰਹਮਚਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਹੁਣ ਉਸਨੂੰ ਕਿਹਾ ਗਿਆ ਹੈ ਕਿ ਜੰਮੂ ਸ਼ਹਿਰ ਦੇ ਉਹਨਾਂ ਕਸਟਮ ਅਧਿਕਾਰੀਆਂ ਦੇ ਨਾਉਂ ਦੱਸੇ ਜਿਸ ਨੇ ਕਿ ਇਹ ਬਿਦੇਸ਼ੀ ਹਥਿਆਰਾਂ ਦੇ ਪੁਰਜਿਆਂ ਦੀ ਇਮਪੋਰਟ ਵਿਚ ਇਨਾਂ ਦੀ ਸਹਾਇਤਾ ਕੀਤੀ ਹੈ। ਇਸ ਕੇਸ ਦੀ ਸੁਣਾਈ ਹਾਲੇ ਚੱਲ ਰਹੀ ਹੈ।


Harcharan S. Sanghera

B.A.,(Hons.)B.T.

We wish to let everybody know, that Harry, top salesman has rejoined our firm, and is eager to help in matters of real estate.

ਨਵਾਂ ਸਾਲ Call 274-9586 ਮੁਬਾਰਕ

COMMISSIONER FOR OATHS

HEIN REAL ESTATE CORPORATION 272-3382



ਹਰਚਰਨ ਸਿੰਘ ਸੰਘੇੜਾ


# ਨਿਸ਼ਸਤਰੀਕਰਨ ਵਾਰਤਾ ਤੁਰੰਤ ਸ਼ੁਰੂ ਕਰਨ ਦਾ ਸੱਦਾ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਨਿਸ਼ਸਤਰੀਕਰਨ ਵਾਰਤਾ ਬਿਨਾਂ ਕਿਸੇ ਦੇਰੀ ਦੇ ਤੁਰੰਤ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ।

ਸ੍ਰੀਮਤੀ ਗਾਂਧੀ ਨੇ ਬੁਲਗਾਰੀਅਨ ਟੈਲੀਗ੍ਰਾਫਿਕ ਏਜੰਸੀ ਨੂੰ ਇਕ ਇੰਟਰਵੀਊ ਵਿਚ ਕਿਹਾ ਕਿ ਹਥਿਆਰ ਮੁਰੰਮਤ ਕਰਨ ਬਾਰੇ ਅਰਥ ਭਰਪੂਰ ਵਾਰਤਾ ਨ ਹੋਣ ਨਾਲ ਪ੍ਰਮਾਣੂ ਜੰਗ ਦਾ ਖਤਰਾ ਵਧ ਜਾਏਗਾ।

ਬਲਗਾਰੀਅਨ ਪ੍ਰਧਾਨ ਤੋਦੋਰ ਜ਼ਿਵਕੋਵ ਨੇ ਭਾਰਤ ਦੌਰੇ ਦੇ ਮੌਕੇ ਰਿਕਾਰਡ ਕਰਵਾਈ ਇੰਟਰਵਿਊ ਵਿਚ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਹਥਿਆਰ ਦੌੜ ਵਿਚ ਤੇਜ਼ੀ ਖਤਰਨਾਕ ਤੋਂ ਖਤਰਨਾਕ ਹਥਿਆਰ ਬਣਾਉਣ ਲਈ ਬੇਤਰਸੀ ਭਰੀ ਖੋਜ ਅਤੇ ਉਨ੍ਹਾਂ ਦੇ ਨਵੇਂ ਤੋਂ ਨਵੇਂ ਇਲਾਕਿਆਂ ਵਿਚ ਤਾਇਨਾਤੀ ਸਾਨੂੰ ਅਜੇਹੀ ਸਥਿਤੀ ਵਲ ਧੱਕ ਰਹੇ ਹਨ ਜਿਸ ਵਿਚ ਕੋਈ ਜੇਤੂ ਨਹੀਂ ਹੋਵੇਗਾ ਤੇ ਸ਼ਾਇਦ ਕੋਈ ਵੀ ਨਹੀਂ ਬਚੇਗਾ।

ਉਹਨਾਂ ਕਿਹਾ ਕਿ ਸਾਰੇ ਦੇਸ਼ਾਂ ਨੂੰ ਨਿਸ਼ਸ਼ਤਰੀਕਰਨ ਲਈ ਵਾਰਤਾ ਦੇ ਪੱਖੀ ਸਿੱਟਿਆਂ ਦੀ ਆਸ ਸੀ।

ਉਨ੍ਹਾਂ ਖੁਦ ਸੰਯੁਕਤ ਰਾਸ਼ਟਰ ਵਿਚ ਨਿਸ਼ਸਤਰੀਕਰਨ ਲਈ ਵਿਸ਼ੇਸ਼ ਅਜਲਾਸ ਵਿਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਾ ਕਰਨ ਅਤੇ ਅਤੇ ਪ੍ਰਮਾਣੂ ਹਥਿਆਰਾਂ ਦੇ ਸਾਰੇ ਧਮਾਕੇ ਤੁਰੰਤ ਮੁਅਤਲ ਕਰਨ ਲਈ 5 ਨੁਕਤੀ ਪ੍ਰੋਗਰਾਮ ਸੁਝਾਇਆ ਸੀ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਸਤਵੀਂ ਗੁਟਨਿਰਲੇਪ ਸਿਖਰ ਕਾਨਫਰੰਸ ਨੇ ਇਸ ਤਜ਼ਵੀਜ਼ ਦੀ ਪੁਸ਼ਟੀ ਕੀਤੀ। ਗੁਟਨਿਰਲੇਪ ਲਹਿਰ ਨੂੰ ਸੰਸਾਰ ਦੀ ਸਭ ਤੋਂ ਵੱਡੀ ਅਮਨ ਲਹਿਰ ਸਮਝਿਆ ਜਾਂਦਾ ਹੈ।

ਸ੍ਰੀਮਤੀ ਗਾਂਧੀ ਨੇ ਕਿਹਾ ਕਿ ਨਿਸ਼ਸ਼ਤਰੀਕਰਨ ਬਾਰੇ ਵਾਰਤਾ ਬਿਨਾਂ ਕਿਸੇ ਦੇਰੀ ਦੇ ਤੁਰੰਤ ਮੁੜ ਸ਼ੁਰੂ ਹੋਣੀ ਚਾਹੀਦੀ ਹੈ ਅਤੇ ਮਾਰੂ ਹਥਿਆਰਾਂ ਉਤੇ ਖਰਚ ਕੀਤੀ ਜਾਂਦੀ ਬੇਪਨਾਹ ਰਕਮ ਵਿਕਾਸ ਕੰਮਾਂ ਵਲ ਖਰਚੀ ਜਾਏ।

ਉਨ੍ਹਾਂ ਜ਼ੋਰ ਦੇਕੇ ਕਿਹਾ ਕਿ ਦੁਨੀਆਂ ਮੰਨਦੀ ਹੈ ਕਿ ਭਾਰਤ ਨੇ ਸੰਸਾਰ ਵਿਚ ਅਮਨ ਦਾ ਮਾਹੌਲ ਤਿਆਰ ਕਰਨ ਲਈ ਅਹਿਮ ਯੋਗਦਾਨ ਦਿਤਾ ਹੈ।

"ਅਸੀਂ ਆਪਣੀ ਕੌਮਾਂਤਰੀ ਜ਼ੁਮੇਂਵਾਰੀ ਨੂੰ ਗੰਭੀਰਤਾ ਨਾਲ ਲੈਂਦੇ ਹਾਂ, ਅਸੀਂ ਮਸਲਿਆਂ ਨੂੰ ਘੋਖਦਿਆਂ ਨਿਰਲੇਪ ਹੁੰਦੇ ਹਾਂ ਅਸੀਂ ਦੋਸਤੀ ਵਿਚ ਯਕੀਨ ਰਖਦੇ ਹਾਂ ਅਤੇ ਮਤਭੇਦ ਹਥਿਆਰਾਂ ਦੀ ਬਜਾਏ ਗਲਾਂ ਬਾਤਾਂ ਨਾਲ ਹਲ ਕਰਨੇ ਚਾਹੁੰਦੇ ਹਾਂ।"

# ਭਾਰਤੀ ਸੈਨਾ ਹਰ ਕਿਸਮ ਦੇ ਖਤਰੇ ਤੋਂ ਚੌਕਸ — ਕੇ ਪੀ ਸਿੰਘ ਦਿਓ

ਕਲਕੱਤਾ — ਦੇਸ਼ ਨੂੰ ਦਰਪੇਸ਼ ਕਿਸੇ ਵੀ ਕਿਸਮ ਦੇ ਖਤਰੇ ਦਾ ਸਾਹਮਣਾ ਕਰਨ ਲਈ ਸੁਰਖਿਆ ਫੌਜਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ ਇਹ ਗਲ ਰਖਿਆ ਰਾਜ ਮੰਤਰੀ ਸ੍ਰੀ ਕੇ ਪੀ ਸਿੰਘ ਦਿਓ ਨੇ ਕਹੀ।

ਉਨ੍ਹਾਂ ਕਿਹਾ ਕਿ ਸੁਰਖਿਆ ਯੋਜਨਾ ਅਨੁਸਾਰ ਸਾਰੀਆਂ ਸੁਰਖਿਆ ਫੌਜਾਂ ਕਿਸੇ ਵੀ ਖਤਰੇ ਦੇ ਸਾਹਮਣੇ ਲਈ ਇਕ ਦੂਜੇ ਨਾਲ ਫੌਰੀ ਤੌਰ ਤੇ ਤਾਲਮੇਲ ਕਰਨ ਦੇ ਸਮਰਥ ਹਨ। ਉਨ੍ਹਾਂ ਕਿਹਾ ਕਿ ਅਜੇ ਕੁਝ ਹੀ ਦਿਨ ਹੋਏ ਹਨ ਰੱਖਿਆ ਮੰਤਰੀ ਸ੍ਰੀ ਆਰ ਵੈਂਕਟਾਰਾਮਨ ਨੇ ਪਾਰਲੀਮੈਂਟ ਨੂੰ ਦਸਿਆ ਹੈ ਕਿ ਪਾਕਿਸਤਾਨ ਵਲੋਂ ਖਤਰਨਾਕ ਮਿਜ਼ਾਈਲਾਂ ਦੀ ਧੜਾਧੜ ਪ੍ਰਾਪਤੀ ਨਾਲ ਹਿੰਦ ਨੂੰ ਪੈਦਾ ਹੋਏ ਖਤਰੇ ਦਾ ਟਾਕਰਾ ਕਰਨ ਲਈ ਹਿੰਦ ਦੀਆਂ ਫੌਜਾਂ ਪੂਰੀ ਤਰਾਂ ਤਿਆਰ ਹਨ ਅਤੇ ਇਹਨਾਂ ਫੌਜਾਂ ਨੂੰ ਲੋੜ ਅਨੁਸਾਰ ਹੋਰ ਨਵੀਨਤਮ ਹਥਿਆਰਾਂ ਨਾਲ ਲੈਸ ਕਰਨਾ ਚਾਹੀਦਾ ਹੈ।

ਜਦੋਂ ਸ੍ਰੀ ਦਿਓ ਦਾ ਬਿਆਨ ਬੰਬੇ ਹਾਈ ਖੇਤਰ ਵਿਚ ਤਾਇਨਾਤ ਪਾਕਿਸਤਾਨੀ ਪਨਡੁਬੀਆਂ ਨਾਲ ਸਬੰਧਤ ਰੀਪੋਰਟਾਂ ਵਲ ਦੁਆਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਬਾਰੇ ਉਹ ਕੁਝ ਨਹੀਂ ਕਹਿਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਫੇਰ ਵੀ ਹਿੰਦ ਸਰਕਾਰ ਸਭ 'ਕਿਸਮ ਦੇ ਖਤਰਿਆਂ ਤੋਂ ਚੌਕਸ ਹੈ ਪਰ ਇਸ ਬਾਰੇ ਕੋਈ ਪੱਕੀ ਖਬਰ ਨਹੀਂ ਹੈ ਕਿ ਪਾਕਿਸਤਾਨ ਦੀਆਂ ਪਣਡੁਬੀਆਂ ਭਾਰਤੀ ਪਾਣੀਆਂ ਵਿਚ ਚੋਰੀ ਛਿਪੇ ਆਉਂਦੀਆਂ ਹਨ।

# ਅੱਡੇ ਤੇ ਖੜੀ ਬੱਸ ਫੂਕ ਦਿੱਤੀ

ਮਾਨਸਾ — ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਬਰਨਾਲਾ ਡਿਪੂ ਦੀ ਪੀ ਯੂ ਸੀ 3415 ਬੱਸ ਕੁਝ ਅਨਪਛਾਤੇ ਵਿਅਕਤੀਆਂ ਨੇ ਰਾਤ ਨੂੰ ਲਗ ਭਗ ਸਾਢੇ ਬਾਰਾਂ ਬਜੇ ਮਾਨਸਾ ਬੱਸ ਅੱਡੇ ਉਤੇ ਹੀ ਜਲਾ ਦਿੱਤੀ। ਬੱਸ ਸੜ ਕੇ ਪੂਰੀ ਤਰ੍ਹਾਂ ਸੁਆਹ ਬਣ ਗਈ।

ਮਾਨਸਾ ਦੇ ਪੁਲੀਸ ਸਟੇਸ਼ਨ ਨੂੰ ਲੋਕਾਂ ਵਲੋਂ ਉਸੇ ਵੇਲੇ ਫੋਨ ਕੀਤਾ ਗਿਆ ਪਰ ਪੁਲੀਸ ਮੌਕੇ ਉਤੇ ਨਹੀਂ ਪੌਜੀ। ਸਵੇਰੇ ਛੇ ਵਜੇ ਪੈਪਸੂ ਰੋਡਵੇਜ਼ ਦੇ ਕਰਮਚਾਰੀ ਇਕ ਬੱਸ ਵਿਚ ਸਵਾਰ ਹੋ ਕੇ ਥਾਣੇ ਗਏ ਤਾਂ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ ਪਰ ਅਜੇ ਤਕ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ।


ਭਾਰਤ ਜਾਣ ਦੀ ਤਿਆਰੀ ਹੈ ?

East West Travel Ltd.

ਨਵਾਂ ਸਾਲ  ਮੁਬਾਰਕ

ਹਵਾਈ ਟਿਕਟਾਂ

ਸਭੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।

International and Domestic Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta T2A 0R5

# ਧਾਰਮਿਕ ਦਰਪਣ

## ਜਪੁਜੀ ਦੀ ਬਾਣੀ ਕਦੋਂ ਲਿਖੀ ਗਈ ?

**ਪ੍ਰਕਾਸ਼ ਸਿੰਘ**

ਗੁਰੂ ਨਾਨਕ ਸਾਹਿਬ ਦੀਆਂ ਜਨਮ-ਸਾਖੀਆਂ ਵਿਚ ਲਿਖਿਆ ਹੈ ਕਿ ਜਦ ਗੁਰੂ ਜੀ ਸੁਲਤਾਨਪੁਰ ਰਹਿੰਦੇ ਸਨ ਤਾਂ ਨਿਤ ਅੰਮ੍ਰਿਤ ਵੇਲੇ ਇਸ਼ਨਾਨ ਲਈ, ਨੇੜੇ ਵਗਦੀ ਵੇਂਈ ਨਦੀ ਤੇ ਜਾਇਆ ਕਰਦੇ ਸਨ । ਜਦ ਉਹ ਸਤਾਈ ਕੁ ਸਾਲਾਂ ਦੇ ਹੋਏ ਤਾਂ ਇਕ ਦਿਨ ਤੜਕੇ ਹੀ ਉਹ ਵੇਂਈ ਤੇ ਗਏ ਜਦ ਉਨ੍ਹਾਂ ਨਦੀ ਵਿਚ ਚੁੱਭੀ ਮਾਰੀ ਤਾਂ ਤਿੰਨ ਦਿਨ ਅਲੋਪ ਰਹੇ। ਕੁਝ ਪਤਾ ਨਾ ਲੱਗ ਸਕਿਆ ਕਿ ਉਹ ਕਿਥੇ ਗਏ। ਸਾਖੀ-ਕਾਰਾਂ ਦਾ ਕਥਨ ਹੈ ਕਿ ਗੁਰੂ ਜੀ ਨੂੰ ਪਰਮਾਤਮਾ ਦੇ ਦਰਸ਼ਨ ਹੋਏ। ਪਰਮਾਤਮਾ ਨੇ ਗੁਰੂ ਨਾਨਕ ਤੇ ਤ੍ਰੁੱਠ ਕੇ ਦੈਵੀ ਕਿਰਪਾ ਕੀਤੀ ਅਤੇ ਉਹਨਾਂ ਨੂੰ ਆਦੇਸ਼ ਦਿਤਾ ਕਿ ਉਹ 'ਨਾਮ ਜਪਾਣ' ਅਤੇ ਮਾਨਵਤਾ ਨੂੰ ਸੱਚੇ ਧਰਮ ਦਾ ਰਸਤਾ ਦੱਸਣ। ਰੱਬੀ ਮਿਹਰ ਸਦਕਾ ਗੁਰੂ ਜੀ ਨੂੰ ਅੰਮ੍ਰਿਤ ਦਾ ਪਿਆਲਾ ਦਿਤਾ। ਸਾਖੀਆਂ ਵਿਚ ਅੰਕਿਤ ਹੈ ਕਿ ਇਸ ਆਤਮ-ਤਜਰਬੇ ਦੇ ਅਗੰਮੀ ਅਸਰ ਹੇਠ ਗੁਰੂ ਜੀ ਨੇ 'ਮੂਲ ਮੰਤਰ' ਉਚਾਰਨ ਕੀਤਾ, ਜੋ ਕਿ ਜਪੁਜੀ ਸਾਹਿਬ ਦੇ ਆਦਿ ਵਿਚ ਹੈ।

'ਪੁਰਾਤਨ ਜਨਮ-ਸਾਖੀ', ਜੋ ਕਿਲਗਭਗ ੧੬੩੫ ਈ: ਵਿਚ ਲਿਖੀ ਗਈ, ਵਿਚ ਗੁਰੂ ਨਾਨਕ ਸਾਹਿਬ ਦੇ ਵੇਂਈ ਨਦੀ ਵਿਚ ਅਲੋਪ ਹੋਣ ਵਾਲੀ ਸਾਖੀ ਦਾ ਵਰਨਣ ਇਉਂ ਕੀਤਾ ਹੈ :—

"ਇਕ ਦਿਨਿ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾ ਪ੍ਰਤਿ ਦਰੀਆ ਵੈਦਾ ਆਹਾ, ਸੁ ਇਕਿ ਦਿਨਿ ਇਕੁ ਖਿਜਮਤਿਦਾਰੁ ਲੈ ਕਰਿ ਗਇਆ, ਕਪੜੇ ਲਾਹਿ ਖਿਸਮਤਿਦਾਰ ਕੋ ਹਵਾਲੇ ਕੀਤੇ, ਆਪਿ ਨਾਵਣਿ ਪਇਆ। ਜਿਉਂ ਪਇਆ ਤਿਉਂ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੇ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ਼ ਕੀਤੀ 'ਜੀ ਨਾਨਕ ਹਾਜਰੁ ਹੈ।' ਤਬਿ ਸਚੀ ਦਰਗਾਹੁ ਦਰਸਨੁ ਹੋਆ, ਸਾਹਿਬੁ ਮਿਹਰਵਾਨੁ ਹੋਆ।'

ਦਰਗਾਹ ਵਿਖੇ ਗੁਰੂ ਜੀ ਨੂੰ ਅੰਮ੍ਰਿਤ ਦਾ ਕਟੋਰਾ ਮਿਲਿਆ ਜੋ ਸਤਿਗੁਰਾਂ ਨੇ ਪੀਤਾ। ਅਕਾਲਪੁਰਖ ਨੇ ਤ੍ਰੁਠ ਕੇ ਕਹਿਆ :

"ਨਾਨਕੁ ਮੈਂ ਤੇਰੇ ਨਾਲਿ ਹਾਂ। ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲਵੇਗਾ ਸੋ ਸਭ ਮੈਂ ਨਿਹਾਲੁ ਕੀਤੇ ਹੈਨਿ। ਤੂ ਜਾਇ ਕਰਿ ਮੇਰਾ ਨਾਮੁ ਜਾਪਿ, ਅਰੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰ ਥੀਂ ਨਿਰਲੇਪੁ ਰਹੁ; ਨਾਮ, ਦਾਨ ਇਸ਼ਨਾਨ ਸੇਵਾ, ਸਿਮਰਨ ਵਿਚਿ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ। ਤੂ ਏਹਾ ਕਿਰਤਿ ਕਰਿ।"

"ਤਬ.....ਆਗਿਆ ਹੋਈ, 'ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ ? ਕਹੁ।' ਤਬ ਬਾਬਾ ਬੋਲਿਆ, ਧੁਨਿ ਅਨਹਦੁ ਉਠੀ :

ਸ੍ਰੀ ਰਾਗ ਮਹਲਾ ੧

ਕੋਟਿ ਕੋਟਿ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥

... ... ... ... ... ... ... ...

ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

ਤਬਿ ਫਿਰਿ ਆਵਾਜੁ ਹੋਆ, ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ ਤੂੰ ਮੇਰੇ ਹੁਕਮ ਦੀ ਸਿਫਤਿ ਕਰੁ। ਜੋ ਕਿਆ ਕਿਆ ਹੋਆ, ਅਤੇ ਮੇਰੇ ਦਰਿ ਵਿਚ ਕਿਆ ਸੁਣਿਆ ਬਜੰਤ੍ਰ ਗਾਵਨ ਹਾਰੇ।' ਤਬਿ ਬਾਬਾ ਬੋਲਿਆ ਧੁਨਿ ਉਠੀ :

ਰਾਗੁ ਆਸਾ ਜਪੁ ਮ: ੧ ॥ ਸਲੋਕ ॥

ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥

ਸਾਖੀਕਾਰ ਨੇ ਅੱਗੇ ਇਉਂ ਲਿਖਿਆ ਹੈ :

"ਹੁਕਮ ਹੋਆ 'ਨਾਨਕ ਜਿਸੁ ਉਪਰਿ ਤੇਰੀ ਨਦਰਿ ਤਿਸੁ ਉਪਰਿ ਮੇਰੀ ਨਦਿਰ। ਜਿਸੁ ਉਪਰਿ ਤੇਰਾ ਕਰਮੁ, ਤਿਸ ਉਪਰਿ ਮੇਰਾ ਕਰਮੁ। ਮੇਰਾ ਨਾਉਂ ਪਾਰਬ੍ਰਹਮੁ ਪਰਮੇਸਰੁ, ਅਰੁ ਤੇਰਾ ਨਾਉਂ ਗੁਰੂ ਪਰਮੇਸਰ।' ਤਬ ਗੁਰੂ ਨਾਨਕ ਪੈਰੀ ਪਇਆ ਸਿਰਪਾਉ ਦਰਗਾਹੋਂ ਬਾਬੇ ਨੂੰ ਮਿਲਿਆ ਸਬਦੁ ਧੁਨਿ ਉਠੀ ਗੁਰੂ ਧਨਾਸਰੀ ਹੋਆ ਮਹਲ ੧ ਆਰਤੀ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ...........

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇਆ ਜਾਤੇ ਤੇਰੇ ਨਾਮਿ ਵਾਸਾ ॥੪॥੧॥੭॥੯॥

ਤਬਿ ਆਗਿਆ ਉਨ੍ਹਾਂ ਸੇਵਕਾਂ ਨੋ ਹੋਈ, ਜੋ 'ਨਾਨਕ ਕਉ ਉਸੀ ਘਾਟਿ ਪਹੁਚਾਇ ਆਵਹੁ।' ਤਬਿ ਗੁਰੂ ਨਾਨਕ ਤੀਸਰੇ ਦਿਨਿ ਉਸੀ ਘਾਟਿ ਆਇ ਨਿਕਲਿਆ।

ਅਗੇ ਲਿਖਿਆ ਹੈ ਕਿ : "ਡੇਰਾ ਸਭੁ ਲੁਟਾਇ ਦੂਰਿ ਕੀਤੋਸੁ। ਲੋਕੁ ਬਹੁਤੁ ਜੁੜਿ ਗਏ, ਫਕੀਰਾਂ ਨਾਲ ਜਾਇ ਬੈਠਾ। ਨਾਲੇ ਮਰਦਾਨਾ ਡੂਮੁ ਜਾਇ ਬੈਠਾ।

ਪੁਰਾਤਨ ਜਨਮ-ਸਾਖੀ ਦੇ ਹਫਜ਼ਾਬਾਦ ਵਾਲੇ ਨੁਸਖੇ ਦੇ ਉਤਾਰੇ ਵਿਚ ਇਹ ਸਾਖੀ ਇੰਜ ਹੀ ਹੈ। ਪਰ ਜਿਥੇ ਇਹ ਲਿਖਿਆ ਹੈ ਕਿ 'ਤੂੰ ਮੇਰੇ ਹੁਕਮ ਦੀ ਸਿਫਤਿ ਕਰੁ' ਤਾਂ ਉਸ ਅਗੇ ਪਾਠ ਇਉਂ ਹੈ:—

"ਅਜੀ ਜੀਉ ਕਾ ਆਖਿਆ ਹੋਆ ਕਿਆ ਹੈ ਅਤੇ ਮੇਰੀ ਨਦਰ ਵਿਚ ਕਿਆਂ ਆਖਿਆ ਸੁਣਿਆ ਜਾਵੈ ? ਅਤੇ ਜੰਤ ਤੇਰੇ ਹੁਕਮ ਨਾਲ ਗਾਵਣਹਾਰ ਹੈ।" ਤਬ ਬਾਬਾ ਬੋਲਿਆ ਰਾਗ ਆਸਾ ਵਿਚ ਜਪੁ ਕੀਤਾ, ਮਹਲਾ ੧ ਸਲੋਕ :

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥
ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਜਪੁ ਸੰਪੂਰਣ ਕੀਤਾ।

ਪੁਰਾਤਨ ਜਨਮ-ਸਾਖੀ ਵਿਚ ਹੀ ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਮਿਲਾਪ ਵਰਨਣ ਹੈ ਉਥੇ ਜਪੁਜੀ ਸਾਹਿਬ ਦਾ ਵੀ ਜ਼ਿਕਰ ਹੈ। ਸਾਖੀ ਇਉਂ ਹੈ :

"ਆਗਿਆ ਪਰਮੇਸਰ ਕੀ ਹੋਈ, ਜੋ ਇਕੁ ਸਿਖੁ ਜਾਤਿ ਭੱਲਾ ਖਡੂਰ ਵਿਚਿ "ਗੁਰੂ ਗੁਰੂ" ਜਪੈ। ਅਤੇ ਹੋਰ ਸਾਰਾ ਖਡੂਰ ਦੁਰਗਾ ਨੂੰ ਮੰਨੈ। ਅਤੇ ਓਸ ਸਿਖ ਦੇ ਨਾਲਿ ਸਭ ਖੇਚਰੀ ਕਰਨਿ। ਤਿਹਣਾ ਦੇ ਮਹਲੇ ਰਹੇ, ਤਿਸ ਦਾ ਪੁਜਾਰੀ ਲਹਿਣਾ ਰਹੇ। ਤਬ ਇਕਿ ਦਿਨਿ ਉਹੁ ਸਿਖੁ ਬੈਠਾ ਜਪੁ ਪੜਦਾ ਥਾ, ਤਬ ਗੁਰੂ ਅੰਗਦਿ ਜੀ ਸੁਣਿਆ, ਸੁਣਿ ਕਰਿ ਪੁਛਿਆ 'ਜੋ ਏਹੁ ਸਬਦ ਕਿਸਦਾ ਹੈ ?' ਤਬ ਸਿਖੁ ਬੋਲਿਆ, ਆਖਿਓਸੁ 'ਜੀ ਏਹੁ ਸਬਦੁ ਗੁਰੂ ਨਾਨਕ ਦਾ ਹੈ।' ਤਦਾਂਹੁ ਗੁਰੂ ਅੰਗਦ ਜੀ ਉਸ ਸਿਖ ਦੇ ਨਾਲਿ ਨਾਲਿ ਰਲਿ ਆਇਆ, ਆਇ ਪੈਰੀਂ ਪਇਆ। ਦਰਸਨੁ ਦੇਖਣੇ ਨਾਲ ਹਥਹੁ ਪੈਰਹੁ ਘੁੰਗਰੂ ਤੋੜਿ ਸੁਟਿਆਸੁ, ਗੁਰੂ ਗੁਰੂ ਲਗਾ ਜਪਣਿ। ਟਹਲ ਕਰਣਿ ਆਵੈ, ਭਾਂਡੇ ਮਾਂਜੈ, ਪਖਾ ਫੇਰੈ।

ਪੁਰਾਤਨ ਜਨਮ-ਸਾਖੀ ਤੋਂ ਵੀ ਪਹਿਲਾਂ ਦੀ ਗਵਾਹੀ ਜੋ ਗੁਰੂ ਜੀ ਦੇ ਜੀਵਨ ਸਬੰਧੀ ਪ੍ਰਾਪਤ ਹੁੰਦੀ ਹੈ ਉਹ ਭਾਈ ਗੁਰਦਾਸ ਜੀ(੧੫੫੮-੧੬੩੯) ਦੀ ਪਹਿਲੀ ਵਾਰ ਹੈ। ਭਾਈ ਸਾਹਿਬ ਅਨੁਸਾਰ

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।

... ... ... ... ... ... ... ... ..

ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ।

... ... ... ... ... ... ... ... ...

ਸੋਦਰ ਆਰਤੀ ਗਾਵੀਐਹਿ ਅੰਮ੍ਰਿਤ ਵੇਲੇ ਜਾਪ ਉਚਾਰਾ ॥"

ਸਪਸ਼ਟ ਹੈ ਕਿ ਕਰਤਾਰਪੁਰ ਵਿਖੇ ਜਪੁਜੀ ਦਾ ਪਾਠ ਹੁੰਦਾ ਸੀ।

ਗੁਰੂ ਨਾਨਕ ਦੇਵ ਆਪਣੀਆਂ ਲੰਮੀਆਂ ਉਦਾਸੀਆਂ ਤੋਂ ਵਾਪਸ ਪਰਤ ਕੇ ੧੫੨੧ ਈ: ਦੇ ਨੇੜੇ ਕਰਤਾਰਪੁਰ ਆ ਵਸੇ ਸਨ। ਓਦੋਂ ਸਤਿਗੁਰੂ ਜੀ ਦੇ ਸਿਖਾਂ ਦਾ ਨਿਤ ਕਰਮ ਸੀ ਅੰਮ੍ਰਿਤ ਵੇਲੇ ਜਪੁਜੀ ਦਾ ਪਾਠ ਤੇ ਸ਼ਾਮ ਨੂੰ ਸੋਦਰ ਆਰਤੀ ਦਾ ਗਾਇਨ ਕਰਨਾ।

ਜਪੁਜੀ ਸਾਹਿਬ ਦੀਆਂ ਪਉੜੀਆਂ ਕਦੋਂ ਉਚਾਰਨ ਹੋਈਆਂ ? ਕੀ ਇਹ ਸਾਰੀਆਂ ਇਕੋ ਵੇਲੇ ਹੀ ਉਚਾਰੀਆਂ ਗਈਆਂ ਜਾਂ ਕੁਝ ਇਕ ਸਮੇਂ ਕੁਝ ਕਿਸੇ ਹੋਰ ? ਇਸ ਬਾਰੇ ਕੁਝ ਭਰੋਸੇ ਨਾਲ ਕਹਿਣਾ ਸੰਭਵ ਨਹੀਂ। ਜੋ ਨਿਸਚਤ ਪਰਤੀਤ ਹੁੰਦਾ ਹੈ ਉਹ ਇਹ ਹੈ ਕਿ ਜਪੁਜੀ ਸਾਹਿਬ ਓਦੋਂ ਮੁਕੰਮਲ ਸੀ ਜਦ ਕਿ ਗੁਰੂ, ਨਾਨਕ ਦੇਵ ਆਪ ਦੇ ਜੀਵਨ ਦੇ ਅਖੀਰਲੇ ਸਮੇਂ ਕਰਤਾਰਪੁਰ ਆ ਕੇ ਟਿਕੇ, ਜਿਵੇਂ ਕਿ ਉਪਰ ਦਸਿਆ ਗਿਆ ਹੈ।

ਇਹ ਜ਼ਰੂਰੀ ਨਹੀਂ ਕਿ ਸਿਖ-ਸੇਵਕਾਂ ਨੂੰ ਇਹ ਪਤਾ ਹੋਵੇ ਕਿ ਇਸ ਬਾਣੀ ਦੇ ਉਚਾਰੇ ਜਾਣ ਦੀ ਠੀਕ ਠੀਕ ਤਰੀਕ ਕੀ ਹੈ, ਕਿਉਂ ਜੁ ਇਹੋ ਜਹੀਆਂ ਉੱਚੀਆਂ ਰਚਨਾਵਾਂ ਜਾਂ ਧਰਮ-ਗ੍ਰੰਥਾਂ ਉਪਰ ਕੋਈ ਤਰੀਕ ਨਹੀਂ ਲਿਖੀ ਹੁੰਦੀ। ਇਹੋ ਜਿਹੀਆਂ ਰਚਨਾਵਾਂ ਉਤਨਾ ਹੀ ਸਮਾਂ-ਬਧ ਨਹੀਂ ਹੁੰਦੀਆਂ ਜਿਤਨਾ ਕਿ ਇਹ ਅਸੀਮਤ ਸਿਧਾਂਤ ਸਿਖਾਂਦੀਆਂ ਹਨ।

ਪਰ ਜਪੁਜੀ ਦੇ ਉਚਾਰਨ ਸਮੇਂ ਬਾਰੇ ਕਈ ਖਿਆਲ ਪ੍ਰਚਲਤ ਹਨ, ਜੋ ਕਿ ਵਖ ਵਖ ਜਨਮ-ਸਾਖੀਆਂ ਅਤੇ ਟੀਕਿਆਂ ਦੇ ਆਧਾਰ ਤੇ ਬਣੇ ਜਾਪਦੇ ਹਨ, ਉਹ ਇਸ ਤਰ੍ਹਾਂ ਹਨ :—

'ਜਪੁਜੀ ਸਾਹਿਬ' ਦੀਆਂ ਅੰਤਮ ਪਉੜੀਆਂ ਦੇ ਪ੍ਰਮਾਰਥ ਦਾ ਵਰਨਣ ਕਰਦੇ ਹੋਏ ਪੋਥੀ ਹਰਿ ਜੀ ਜੋ ਕਿ ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਸੈਂਚੀ (ਪਹਿਲੀ ਸੈਂਚੀ ਰਚਿਤ ਮਿਹਰਬਾਨ, ਦੂਜੀ ਸੈਂਚੀ ਰਚਿਤ ਹਰਿ ਜੀ ਤੇ ਚਤੁਰਭੁਜ) ਦਾ ਭਾਗ ਹੈ ਵਿਚ 'ਮੁੰਦਾ ਸੰਤੋਖ ਸਰਮੁ ਪਤੁ ਝੋਲੀ ———ਵਾਲੀ ਪਉੜੀ ਤੋਂ ਅਗਲੀਆਂ ਪਉੜੀਆਂ ਸਿੱਧਾਂ ਪ੍ਰਤੀ ਉਪਦੇਸ਼ ਦਸਦੇ ਹੋਏ ਲਿਖਿਆ ਹੈ :

"ਤਬ ਸਿਧਹੁ ਗੁਰੂ ਬਾਬੇ ਨਾਨਕ ਜੀ ਕੰਉ ਨਮਸਕਾਰ ਕੀਆ। ਜਿ ਧੰਨਿ ਹੋ ਨਾਨਕ !.....ਤਬ ਫੇਰਿ ਸਿਧਹੁ ਕਹਿਆ ਜਿ, "ਏ ਨਾਨਕ ਜੀ ! ਤੂ ਪੂਰਾ ਭੈਆ ਹੈਂ। ਪਣੁ ਜੀ, ਇਬ ਤੂ ਇਨ ਸਿਧਹੁ ਕੇ ਕਹਿਐ ਜੋਗ ਮਹਿ ਆਉ। ਅਜ ਤੂ ਮੁੰਦ੍ਰਾ ਪਹਿਰੁ ਅਰੁ ਝੋਲੀ ਪਤ੍ਰ ਲੇਹਿ। ਬਿਭੂਤ ਲਗਾਇ, ਖਿਥਾ ਡੰਡਾ ਲੇਹਿ ਜਿਤੁ, ਤੇਰਾ ਪੰਥ ਚਲੈ।" ਤਬ ਗੁਰੂ ਬਾਬਾ ਨਾਨਕੁ ਜੀ ਬੋਲਿ ਉਠਿਆ :

ਪਉੜੀ

ਮੁੰਦਾ ਸੰਤੋਖ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

... ... ... ... ... ... ... ...

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੩॥"

ਕੁਝ ਟੀਕਾਕਾਰਾਂ(ਜਿਵੇਂ ਭਾਈ ਮਨੀ ਸਿੰਘ ਜੀ) ਨੇ ਵੀ ਲਿਖਿਆ ਹੈ ਕਿ ਜਪੁਜੀ ਦਾ ਉਪਦੇਸ਼ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਪ੍ਰਤੀ ਕੀਤਾ। ਗੁਰੂ ਜੀ ਜਦ ਸੁਮੇਰ ਪਰਬੱਤ ਤੇ ਪੁੱਜੇ ਤਾਂ ਉਥੇ ਕਈ ਸਿੱਧਾਂ ਨਾਲ ਵਿਚਾਰ ਵਟਾਂਦਰਾ ਹੋਇਆ। ਸਿੱਧਾਂ ਨੇ ਗੁਰੂ ਸਾਹਿਬ ਦੀ ਆਤਮਕ ਵਡਿਆਈ ਅਨੁਭਵ ਕੀਤੀ ਤੇ ਉਨ੍ਹਾਂ ਕਈ ਪਰਕਾਰ ਦੇ ਪ੍ਰਸ਼ਨ ਕੀਤੇ। ਗੁਰੂ ਜੀ ਨੇ ਜੋ ਉਤਰ ਦਿਤੇ ਉਹ ਸਾਹਿਬਾਂ ਨੇ ਦੋ ਬਾਣੀਆਂ ਦੇ ਰੂਪ ਵਿਚ ਸੁਰਖਿਅਤ ਕਰ ਦਿਤੇ। ਇਕ ਤਾਂ ਸਿਧ ਗੋਸਟਿ ਦੇ ਰੂਪ ਵਿਚ ਜੋ ਕਿ ਹੈ ਹੀ ਪ੍ਰਸ਼ਨੋਤਰੀ ਰੂਪ ਵਿਚ ਅਧਿਆਤਮਕ ਗੋਸਟ, ਅਤੇ ਦੂਜੇ ਜਪੁਜੀ ਦੀ ਬਾਣੀ ਦੀ ਸ਼ਕਲ ਵਿਚ ਇਹੋ ਜਿਹੇ ਟੀਕਾਕਾਰਾਂ ਨੇ ਇਹ ਲਿਖਿਆ ਹੈ ਕਿ ਸਿੱਧਾਂ ਨੇ ਸਭ ਤੋਂ ਜ਼ਰੂਰੀ ਤੇ ਸਭ ਤੋਂ ਵੱਡਾ ਜੋ ਪ੍ਰਸ਼ਨ ਗੁਰੂ ਜੀ ਤੇ ਕੀਤਾ ਉਹ ਇਹ ਸੀ ਕਿ ਬ੍ਰਹਮ ਦਾ ਸਰੂਪ ਕੀ ਹੈ ਤੇ ਉਸ ਦੇ ਗੁਣ ਕੀ ਹਨ ? ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਜੋ ਸੰਖੇਪ ਰੂਪ ਵਿਚ ਉਤਰ ਦਿਤਾ ਉਹ ਜਪੁਜੀ ਦੇ ਆਦਿ ਵਿਚ ਮੂਲ ਮੰਤਰ ਹੈ ਅਤੇ ਬਾਕੀ ਦੀਆਂ ੩੮ ਪੌੜੀਆਂ ਇਸੇ ਮੂਲ ਮੰਤਰ ਦੀ ਵਿਆਖਿਆ ਹੈ।

ਕੁਝ ਕੁ ਟੀਕਾਕਾਰਾਂ ਅਤੇ ਸੂਝਵਾਨ ਖੋਜੀਆਂ ਦੀ ਇਹ ਰਾਏ ਹੈ ਕਿ ਇਹ ਬਾਣੀ ਸਿੱਧਾਂ ਪ੍ਰਤੀ ਨਹੀਂ ਸਗੋਂ ਕਿਸੇ ਅਗਿਆਸੂ ਤਾਂਈਂ ਉਪਦੇਸ਼ ਹੈ। ਭਾਵ ਇਹ ਕਿ ਇਸ ਬਾਣੀ ਦੁਆਰਾ ਜੀਵ ਨੂੰ ਸਿਖਿਆ ਦਿਤੀ ਗਈ ਹੈ ਕਿ ਰੱਬੀ ਗਿਆਨ ਕੀ ਹੈ ਤੇ ਮਨੁੱਖਾ ਜੀਵਨ ਤੇ ਆਚਾਰ ਨੂੰ ਕਿਵੇਂ ਉੱਚਿਆਂ ਢਾਲਿਆਂ ਜਾ ਸਕਦਾ ਹੈ।

ਭਾਈ ਜੋਧ ਸਿੰਘ ਜੀ ਦੇ ਕਥਨ ਅਨੁਸਾਰ : 'ਜਪੁਜੀ ਸਾਹਿਬ ਵਿਚ ਕਈ ਥਾਂ ਪ੍ਰਸ਼ਨ ਆਉਣ ਕਰਕੇ, ਮਲੂਮ ਹੁੰਦਾ ਹੈ, ਕਿ ਟੀਕਾਕਾਰਾਂ ਨੂੰ ਇਹ ਯਤਨ ਕਰਨਾ ਪਿਆ ਹੈ। ਪਰ ਇਹ ਨਿਯਮ ਸਾਰੇ ਮਹਾਤਮਾਵਾਂ ਦਾ ਹੈ ਕਿ ਆਪਣੀ ਸਿਖਿਆ ਦੇਂਦੇ ਹੋਏ ਜੋ ਪ੍ਰਸ਼ਨ ਉਹਨਾਂ ਤੇ ਹੋ ਸਕਦੇ ਹਨ ਉਹ ਭੀ ਸਾਫ਼ ਕਰ ਦਿੰਦੇ ਹਨ।'

ਭਾਈ ਜੋਧ ਸਿੰਘ ਜੀ ਨੇ ਵੀ ਆਪਣੇ ਟੀਕੇ ਵਿਚ ਅਰਥ ਸਪਸ਼ਟ ਕਰਨ ਲਈ ਇਹ ਮੰਨਿਆ ਹੈ ਕਿ ਇਹ ਉਪਦੇਸ਼ ਕਿਸੇ ਜਗਿਆਸੂ ਪ੍ਰਤੀ ਹੈ ਜੋ ਪ੍ਰਸ਼ਨ ਕਰਦਾ ਹੈ ਤੇ ਗੁਰੂ ਜੀ ਅਗੋਂ ਉਤਰ ਦਿੰਦੇ ਹਨ। ਪਰ ਨਾਲ ਬੇਨਤੀ ਕਰ ਦਿਤੀ ਹੈ ਕਿ ਇਹ ਮਨੌਤ ਕੇਵਲ ਅਰਥ ਸਪਸ਼ਟ ਕਰਨ ਲਈ ਹੈ।

ਕਈ ਹੋਰ ਕਹਿੰਦੇ ਹਨ ਕਿ ਗੁਰੂ ਅੰਗਦ ਦੇਵ ਜੀ ਨੂੰ 'ਸਿਧ ਗੋਸਟਿ' ਸੁਣਾਂਦੇ-ਸੁਣਾਂਦੇ ਜਪੁਜੀ ਦਾ ਉਪਦੇਸ਼ ਵੀ ਸੁਣਾਇਆ ਗਿਆ। ਇਸ ਸਬੰਧ ਵਿਚ ਸ਼ਿਬੂ ਨਾਥ ਬਾਹਮਣ ਦੇ ਹੱਥ-ਲਿਖਤੀ ਟੀਕੇ ਵਿਚੋਂ ਕੁਝ ਟੁਕੜੀਆਂ ਹੇਠਾਂ ਦਿਤੀਆਂ ਜਾਂਦੀਆਂ ਹਨ। ਇਹ ਟੀਕਾ ੧੭੦੧ ਈ: ਦਾ ਲਿਖਿਆ ਹੋਇਆ ਹੈ। ਸ਼ਿਬੂ ਨਾਥ ਲਿਖਦਾ ਹੈ ਕਿ ਕਰਤਾਰਪੁਰ ਵਿਖੇ ਗੁਰੂ ਬਾਬੇ ਨੇ ਆਪਣੇ ਸਿਖ ਅੰਗਦ ਦੇਵ ਨਾਲ ਇੰਜ ਗੱਲਬਾਤ ਕੀਤੀ :

".....ਜਿ ਪੁਰਖਾ ਅੰਗਦਾ ! ਪਾਰਬ੍ਰਹਮ ਕੀ ਆਗਿਆ ਹੋਈ ਹੈ ਕਿ ਮੇਰੀ ਸਿਫਤਿ ਕਰਣੀ ਆਰੁ ਲੋਕਾਂ ਤੇ ਕਰਵਾਣੀ। ਪੁਰਖਾ ! ਇਕ ਐਸੀ ਸਿਫਤਿ ਕਰੀਐ, ਜੋੜੁ ਬੰਧੀਐ।....."

'ਤਬ ਗੁਰੂ ਬਾਬੇ ਨਾਨਕ ਪਾਸਿ ਗੁਰੂ ਅੰਗਦ ਬੇਨਤੀ ਕੀਤੀ, ਜੀ ਮਿਹਰਵਾਨ ਜਿ ਕਿ ਤੇਰੀਅਹੁ ਮੁਹਹੁ ਨਿਕਲਦਾ ਹੈ ਸੁ ਜਾਪੁ ਹੈ ਜੀ। ਕੀਤਾ ਲੋੜੀਐ ਸੁ ਕਰੀਐ।'

ਸ਼ਿਬੂ ਨਾਥ ਬਾਹਮਣ ਨੇ ਫਿਰ ਅਗੇ ਵੇਰਵੇ ਸਹਿਤ ਗੱਲ-ਬਾਤ ਲਿਖੀ ਹੈ:—

"ਤਬ ਗੁਰੂ ਨਾਨਕ ਜੀ ਸ੍ਰੀ ਪਾਰਬ੍ਰਹਮ ਪਰਮੇਸ਼ਰ ਕੀ ਉਸਤਤਿ ਸਲਾਹਿ ਕੀ ਕਾ ਜਪੁ ਕੀਤਾ।...... ਆਗਿਆ ਪਰਮੇਸਰ ਕੀ ਨਾਲਿ ਬੋਲਿਆ ਕਿ, 'ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕੁ ਹੋਸੀ ਭੀ ਸਚੁ ॥੧॥' ਏਹੁ ਸਲੋਕ ਮੁਢਿ ਜਪੁ ਦੇ ਗੁਰੂ ਬਾਬੇ ਨਾਨਕ ਜੀ ਰਖਿਆ। ਫਿਰ ਅੰਗਦ ਸਿਖ ਨੂੰ ਆਗਿਆ ਕੀਤੀਅਨੁ, ਕਿ, 'ਪੁਰਖਾ ! ਤੂੰ ਜਿਹੇ ਸਿ ਵੇਹ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕ ਹੈਨਿ ਸਿ ਤੂ ਓਹੋ ਸਲੋਕ ਸ਼ਬਦ ਲੈ ਕੇ ਸੋਦਰੋ ਸਭਿ ਏਸੇ ਜਪੈ ਵਿਚ ਆਣਿ ਆਣਿ ਬਣਾਇ ਤੇ ਮੈਨੋ ਸੁਣਾਇਦਾ ਜਾਹਿ। ਜਿਉਂ ਜਿਉਂ ਪਰਮੇਸ਼ਰ ਦੀ ਸਿਫਤਿ ਦੀਆਂ ਪਉੜੀਆਂ ਹੈਨਿ ਤਿਉਂ ਤਿਉਂ ਆਣਿ ਆਣਿ ਬਣਾਏ ਅਤੇ ਬਣਾਇੰਦਾ ਜਾਹਿ। ਜਪੁ ਰਾਸਿ ਕਰਿ। ਸ਼ਬਦ ਸਲੋਕ ਸਭ ਬਾਬੇ ਨਾਨਕ ਦੇ ਅਰੁ ਆਗਿਆ ਬਾਬੇ ਨਾਨਕ ਦੀ ਨਾਲਿ ਜਿਉਂ ਜਿਉਂ ਉਤਮ ਪਉੜੀਆਂ ਸਨਿ ਪਾਰਬ੍ਰਹਮ ਦੀ ਸਿਫਤ ਸਲਾਹ ਦੀਆਂ ਤਿਉਂ ਤਿਉਂ ਬਾਬੇ ਨਾਨਕ ਦੇ ਹਜ਼ੂਰਿ ਅੰਗਦੁ ਸਿਖ ਬਣਾਇ ਚੁਣਿ ਚੁਣਿ ਬਾਬੇ ਨਾਨਕ ਨੂੰ ਸੁਣਾਇਦਾ ਜਾਇ।"

ਸ਼ਿਬੂ ਨਾਥ ਦੀ ਇਸ ਭੂਮਿਕਾ ਅਨੁਸਾਰ ਬਾਣੀ ਸਾਰੀ ਸ੍ਰੀ ਗੁਰੂ ਨਾਨਕ ਦੇਵ ਨੇ ਰਚੀ ਤੇ ਸ੍ਰੀ (ਗੁਰੂ) ਅੰਗਦ ਦੇਵ ਜੀ ਨੂੰ ਸੁਣਾਈ, ਜਿਨ੍ਹਾਂ ਨੇ ਆਦਿ ਗੁਰੂ ਦੀ ਆਗਿਆ ਅਨੁਸਾਰ ਸਲੋਕ ਤੇ ਪਉੜੀਆਂ ਗੁਰੂ ਨਾਨਕ ਸਾਹਿਬ ਦੀ ਇਛਾ ਤੇ ਪਰਵਾਨਗੀ ਅਨੁਸਾਰ ਬੀੜਨ ਤੇ ਲਿਖਣ ਦਾ ਕਾਰਜ ਕੀਤਾ। ਇਹ ਵੀ ਇਸ਼ਾਰਾ ਹੈ ਕਿ ਜਪੁਜੀ ਦੀ ਬਾਣੀ ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਵਿਚੋਂ ਚੁਣ ਕੇ ਲਿਖੀ ਗਈ, ਕਿਉਂਕਿ ਅਗੇ ਸ਼ਿਬੂ ਨਾਥ ਨੇ ਲਿਖਿਆ ਹੈ ਕਿ—

'ਬਾਬਾ ਨਾਨਕ ਆਖੇ 'ਸਾਬਾਸਿ ਪੁਰਖਾ, ਏਹ ਇਥਾਉ ਲਗਦੀ ਹੈ। .....ਸਲੋਕ ਇਥਾਉ ਬਣਦਾ ਹੈ।' ਬਾਣੀ ਤਾਂ ਸਭ ਗੁਰੂ ਬਾਬੇ ਨਾਨਕ ਦੇ ਮੁਖ ਦੀ ਹੈ ਪਰ ਬਣਾਈ ਅੰਗਦ ਸਿਖ ਦੇ ਵਿਚਿ। ਗੁਰੂ ਬਾਬਾ ਖੁਸ਼ੀ ਹੋਇਆ ....ਤਬ ਬਾਬੇ ਨਾਨਕ ਆਪਣਾ ਖਜਾਨਾ ਅੰਗਦਿ ਸਿਖ ਦੇ ਹਵਾਲੇ ਕੀਤਾ। ਕਹਿਓਸੁ 'ਪੁਰਖਾ, ਹੁਣ ਤੂ ਜਪੁ ਕਰਿ, ਸਿਫਤ ਪਾਰਬ੍ਰਹਮ ਦੀ।' ਤਬ ਬਾਬੇ ਨਾਨਕ ਦੇ ਹਜ਼ੂਰਿ ਗੁਰੂ ਅੰਗਦ ਬਾਬੇ ਦੀ ਬਾਣੀ ਦਾ ਜੋੜ ਬੰਧਿਆ। ਜਪੁ ਦਾ ॥੩੮॥ ਅਠਤੀਸ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਰਿ ਕਢੀ ਹੈ।"

ਡਾਕਟਰ ਮੋਹਨ ਸਿੰਘ ਨੇ ਇਕ ਹੋਰ ਹੱਥ-ਲਿਖਤੀ ਟੀਕੇ ਦਾ ਜ਼ਿਕਰ ਕਰਦੇ ਹੋਏ ਇਹ ਲਿਖਿਆ ਹੈ ਕਿ ਇਸ ਟੀਕੇ ਅਨੁਸਾਰ ਜਦ ਗੁਰੂ ਨਾਨਕ ਦੇਵ ਸਿੱਧਾਂ ਨੂੰ ਮਿਲਣ ਲਈ ਸੁਮੇਰ ਪਰਬਤ ਤੇ ਗਏ ਤਾਂ ਉਥੇ ਉਨ੍ਹਾਂ ਜਪੁ ਉਚਾਰਨ ਕੀਤੀ। ਇਸ ਦਾ ਹਵਾਲਾ ਇਸ ਟੀਕੇ ਵਿਚੋਂ ਇੰਜ ਹੈ :—

"......ਗੁਰੂ ਅੰਗਦ ਨੇ ਸਾਹਿਬਾਂ ਨੂੰ ਕਿਹਾ ਜੋ ਬੈਰਾਗੀਆਂ ਕੇ ਮਹੰਤੇ ਨੇ ਮੇਰੇ ਸੇ ਪੂਛਾ ਸੀ ਜੋ ਤੁਮਾਰਾ ਮਾਲਾ ਮੰਤ੍ਰ ਕੌਨ ਸਾ ਹੈ ਤਾਂ ਮੈਨੇ ਕਹਾ ਜੋ ਮੈਨੂੰ ਯਾਦ ਨਹੀਂ। ਤਾਂ ਗੁਰੂ ਨਾਨਕ ਜੀ ਕਹਾ ਹੇ ਪੁਰਖਾ ! ਹਮ ਨੇ ਮਾਲਾ ਮੰਤ੍ਰ ਤਾਂ ਅਗੇ ਹੀ ਬਣਾਇਆ ਹੂਆ ਹੈ। ਤੁਮ ਕੋ ਯਾਦ ਨਹੀਂ ਜਬ ਹਮ ਨੇ ਧਰਤੀ ਦਾ ਸੈਲ ਕਰਕੇ ਸੁਮੇਰ ਪੈ ਗਏ ਸੇ ਤਬ ਹਮ ਨੇ ਬਨਾਯਾ ਸੀ।"

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਜਪੁਜੀ ਦੇ ਉਚਾਰਨ ਸਬੰਧੀ ਇਉਂ ਲਿਖਿਆ ਹੈ :—

"..... ਬੈਠ ਕਹੇ ਅੰਗਦ ਸੰਗ ਬਚਨਾ।
ਪਰਉਪਕਾਰ ਜਿਨਹਿ ਮਨ ਰਚਨਾ।
ਅਬ ਤੁਮ ਜਗਤ ਉਧਾਰਨ ਕਾਰਨ।
ਮੂਲ ਮੰਤ੍ਰ ਸਭ ਕਰਹੁ ਸੁਧਾਰਨ।...।

ਇਉਂ ਜਦ ਗੁਰੂ ਨਾਨਕ ਦੇਵ ਨੇ ਆਪਣੇ ਅਨਿੰਨ ਸਿੱਖ ਅੰਗਦ ਦੇਵ ਨੂੰ ਇਹ ਬਚਨ ਕਹੇ ਤਾਂ(ਗੁਰੂ) ਅੰਗਦ ਸਾਹਿਬ ਨੇ 'ਜਪੁਜੀ' ਦੀ ਰਚਨਾ ਸੰਕਲਨ ਕੀਤੀ :

"ਸੁਨਿ ਸ੍ਰੀ ਅੰਗਦ ਬੰਦਨ ਠਾਨੀ।
ਬੀਨ ਬੀਨ ਕੀਨੇ ਗੁਰਬਾਨੀ।
ਆਨਿ ਸੁਨਾਵਨ ਕੀਨਿ ਸੁਹਾਨੀ।
ਤਬਿ 'ਜਪੁ' ਨਾਮ ਧਰਯੋ ਗੁਰਬਾਨੀ।"

ਅਜੋਕੇ ਟੀਕਾਕਾਰਾਂ ਵਿਚੋਂ ਪ੍ਰੋ: ਸਾਹਿਬ ਸਿੰਘ ਦਾ ਖਿਆਲ ਇੰਜ ਹੈ:—

"ਜਿਉਂ ਜਿਉਂ ਪਾਠਕ ਸੱਜਣ ਗਹੁ ਨਾਲ ਇਸ ਬਾਣੀ ਵਿਚ ਜੁੜਨਗੇ, ਇਹ ਗੱਲ ਸਾਫ ਦਿਸਣ ਲੱਗ ਪਏਗੀ ਕਿ ਇਹ ਸਾਰੀ ਵਿਚਾਰ ਇਕੋ ਹੀ ਤੁਕ ਦੇ ਦੁਆਲੇ ਹੈ : "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ?" ਬੜੀ ਉਚੀ ਉਡਾਰੀ ਹੈ। ਮਨੁੱਖਾ ਜੀਵਨ ਦੇ ਇਕ ਅਤਿ ਜ਼ਰੂਰੀ ਪਹਿਲੂ ਤੇ ਡੂੰਘੀ ਵਿਚਾਰ ਹੈ। ਇਸ ਬਾਣੀ ਦਾ ਸਾਰਾ ਮਿਲਵਾਂ ਮਜ਼ਮੂਨ ਇਉਂ ਦਸ ਰਿਹਾ ਹੈ ਕਿ ਇਹ ਇਕਾਂਤ ਸਮੇਂ, ਇਕਾਂਤ ਥਾਂ ਤੇ ਇਕਾਂਤ-ਚਿਤ ਹੋ ਕੇ ਲਿਖੀ ਗਈ ਹੈ।"

ਅਗੇ ਚਲ ਕੇ ਆਪ ਲਿਖਦੇ ਹਨ—"ਪ੍ਰਸ਼ਨਾਂ ਉਤਰਾਂ ਨੂੰ ਛੱਡ ਕੇ ਜਿਉਂ ਜਿਉਂ ਇਸ ਬਾਣੀ ਦੀ ਡੂੰਘਾਈ ਵਿਚ ਚੁਭੀ ਲਾਵਾਂਗੇ, ਤਿਉਂ ਤਿਉਂ ਇਹ ਸਵਾਦਲੀ ਸਮਝ ਆਵੇਗੀ ਕਿ ਇਹ ਸਾਰੀ ਵਿਚਾਰ 'ਕਿਵ ਕੂੜੈ ਤੁਟੈ ਪਾਲਿ ?' ਦੇ ਧੁਰੇ ਦੇ ਦੁਆਲੇ ਘੁੰਮ ਰਹੀ ਹੈ, ਜੋ ਕਿਸੇ ਜੁੜੇ ਮਨ ਦੀ ਉਡਾਰੀ ਦਾ ਹੀ ਨਤੀਜਾ ਹੋ ਸਕਦਾ ਹੈ, ਪ੍ਰਸ਼ਨਾਂ ਉਤਰਾਂ ਦਾ ਨਹੀਂ ਹੋ ਸਕਦਾ।"

ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਇਹ ਬਾਣੀ ਬੜੀ ਗੰਭੀਰ ਹੈ ਤੇ 'ਕਿਵ ਕੂੜੈ ਤੁਟੈ ਪਾਲਿ' ਦੇ ਧੁਰੇ ਦੁਆਲੇ ਘੁੰਮਦੀ ਹੈ। ਪਰ ਇਸ ਗੱਲ ਤੋਂ ਇਹ ਸਿਧ ਨਹੀਂ ਹੁੰਦਾ ਕਿ ਇਹ ਬਾਣੀ ਇਕੋ ਵਾਰੀ ਹੀ ਲਿਖੀ ਗਈ।

ਕੁਝ ਕੁ ਇਤਿਹਾਸਕਾਰਾਂ ਦੀ ਰਾਏ ਹੈ ਕਿ ਜਪੁਜੀ ਦੀਆਂ ਵਖੋ ਵਖ ਪਉੜੀਆਂ ਜਾਂ ਵੱਖ ਵੱਖ ਪਉੜੀਆਂ ਦੇ ਜੁਟ ਵੱਖ ਵੱਖ ਸਮਿਆਂ ਤੇ ਉਚਾਰਨ ਕੀਤੇ ਗਏ। ਜਦੋਂ ਤੇ ਜਿਉਂ ਜਿਉਂ ਵੀ ਅਜਿਹੇ ਅਉਸਰ ਬਣਦੇ ਰਹੇ, ਸਤਿਗੁਰੂ ਜੀ ਨੇ ਬਾਣੀ ਉਚਾਰੀ। ਜਿਵੇਂ ਕਿ ਮਿਸਾਲ ਵਜੋਂ, ਕਈ ਸਾਖੀਕਾਰਾਂ ਨੇ ਲਿਖਿਆ ਹੈ ਕਿ ੨੨ਵੀਂ ਪਉੜੀ ਗੁਰੂ ਨਾਨਕ ਸਾਹਿਬ ਨੇ ਉਦੋਂ ਉਚਾਰਨ ਕੀਤੀ ਜਦ ਕਿ ਉਨ੍ਹਾਂ ਨੇ ਕਾਜ਼ੀਆਂ ਤੇ ਮੌਲਾਣਿਆਂ ਨਾਲ ਮੱਕੇ ਤੇ ਬਗ਼ਦਾਦ ਵਿਖੇ ਗੋਸ਼ਟਾਂ ਕੀਤੀਆਂ, ਇਸ ਪਉੜੀ ਵਿਚਲੀ ਪਹਿਲੀ ਤੁਕ ਦਾ ਹਵਾਲਾ ਆਮ ਤੌਰ ਤੇ ਦਿੱਤਾ ਜਾਂਦਾ ਹੈ। ਉਹ ਹੈ :—

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥"

ਕਿਹਾ ਜਾਂਦਾ ਹੈ ਕਿ ਸਤਿਗੁਰੂ ਜੀ ਨੇ ਬਗ਼ਦਾਦ ਦੇ ਪੀਰ ਦੇ ਬੇਟੇ ਨੂੰ ਇਕ ਅੱਖ ਦੇ ਝਪਕਾਰੇ ਵਿਚ ਹੀ ਕਈ ਆਕਾਸ਼ਾਂ ਤੇ ਪਾਤਾਲਾਂ ਦੇ ਦਰਸ਼ਨ ਕਰਵਾ ਦਿੱਤੇ।

ਡਾ: ਸੁਰਿੰਦਰ ਸਿੰਘ ਕੋਹਲੀ ਦੀ ਰਾਏ ਪ੍ਰੋ: ਸਾਹਿਬ ਸਿੰਘ ਨਾਲ ਰਲਦੀ ਹੈ ਜਦ ਉਹ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਨੇ ਜਪੁਜੀ ਸਾਹਿਬ ਓਦੋਂ ਉਚਾਰਨ ਕੀਤਾ ਜਦ ਕਿ ਆਪਣੇ ਸਿੱਖਾਂ ਦੀ ਆਤਮਕ ਅਗਵਾਈ ਕਰਨ ਲਈ ਕਰਤਾਰਪੁਰ ਆ ਕੇ ਟਿਕ ਚੁਕੇ ਸਨ।

ਕੁਝ ਕੁ ਪੁਰਾਣੇ ਤੇ ਅਜੋਕੇ ਟੀਕਾਕਾਰਾਂ ਦੀ ਇਹ ਰਾਏ ਹੈ ਕਿ ਭਾਵੇਂ ਜਪੁਜੀ ਸਾਹਿਬ ਦੀ ਰਚਨਾ ਗੁਰੂ ਨਾਨਕ ਸਾਹਿਬ ਦੀ ਹੈ ਪਰ ਇਸ ਦੀ ਸੰਕਲਨਾ ਗੁਰੂ ਅੰਗਦ ਦੇਵ ਨੇ ਆਦਿ ਗੁਰੂ ਦੀ ਆਗਿਆ ਅਨੁਸਾਰ ਕੀਤੀ ਜਪੁਜੀ ਇਕੋ ਸਮੇਂ ਰਚੀ ਗਈ ਰਚਨਾ ਨਹੀਂ ਹੈ। ਕੁਝ ਹਿਸਾ ਵੇਂਈ ਨਦੀ ਵਿਚ ਪ੍ਰਵੇਸ਼ ਸਮੇਂ ਉਚਾਰਨ ਹੋਇਆ ਤੇ ਕੁਝ ਸਿਧ ਗੋਸ਼ਟ ਜਾਂ ਹੋਰ ਮੌਕਿਆਂ ਤੇ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਵਿਚੋਂ ਵੱਖ ਵੱਖ ਛੰਦਾਂ ਤੇ ਵੱਖ ਵੱਖ ਰੂਪਾਂ ਦੇ ਸ਼ਬਦ ਪਉੜੀਆਂ ਤੇ ਸਲੋਕਾਂ ਦੇ ਰੂਪ ਵਿਚ ਚੁਣ ਕੇ ਗੁਰੂ ਨਾਨਕ ਦੀ ਸਲਾਹ ਅਨੁਸਾਰ(ਗੁਰੂ) ਅੰਗਦ ਸਾਹਿਬ ਨੇ ਵਿਉਂਤ-ਬੰਦ ਕੀਤੇ।

ਜਦ ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਸ੍ਰੀ ਕਰਤਾਰਪੁਰ ਵਿਖੇ ਅਠ ਕੁ ਸਾਲ ਰਹੇ ਤਾਂ ਸਤਿਗੁਰੂ ਜੀ ਨੇ ਆਪ ਦੀ ਆਤਮਕ ਉਨਤੀ ਲਈ ਆਪ ਨੂੰ ਸਮੇਂ ਸਮੇਂ ਜੋ ਉਪਦੇਸ਼ ਦਿਤੇ ਅਤੇ ਪਰਮਾਰਥ ਦੀਆਂ ਜੋ ਗੱਲਾਂ ਸਮਝਾਈਆਂ ਉਹ ਆਦਿ ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਲਹਿਣਾ ਜੀ ਲਿਖਦੇ ਗਏ। ਇਸ ਗੱਲ ਨੂੰ ਸਵਿਸਥਾਰ

(ਬਾਕੀ ਪੰਨਾ 15 ਤੇ)

(ਪੰਨਾ 8 ਦੀ ਬਾਕੀ)

ਦਿਉ ਗੁੜ ਦੀ ਰੋੜੀ
ਕਲਮਦਾਨ ਵਿਚ ਘਿਓ
ਜੀਵੇ ਮੁੰਡੇ ਦਾ ਪਿਉ
ਕਲਮਦਾਨ ਵਿਚ ਕਾਨੀ
ਜੀਵੇ ਮੁੰਡੇ ਦੀ ਨਾਨੀ

ਇਉਂ ਥਾਂ ਥਾਂ ਤੇ ਧੂਣੀਆਂ ਭਖਦੀਆਂ ਤੇ ਮਘਦੀਆਂ ਹਨ। ਲੋਹੜੀ ਵਾਲੀ ਰਾਤ ਕੋਈ ਤਿਲ ਸੁਟਦਾ ਹੈ। ਕੋਈ ਕੁਝ ਕੋਈ ਕੁਝ। ਲੋਹੜੀ ਵਾਲੀ ਰਾਤ ਲੋਕ ਸ਼ਰਾਬ ਵੀ ਕਾਫੀ ਪੀਂਦੇ ਹਨ ਤੇ ਕਈ ਥਾਵਾਂ ਤੇ ਦੰਗੇ ਫਸਾਦ ਵੀ ਹੁੰਦੇ ਹਨ। ਲੋਕ ਖੁਸ਼ੀ ਨਾਲ ਖੌਰੂ ਪਾਉਂਦੇ ਹਨ।

## ਮਾਘੀ

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਰਾਤ ਨੂੰ ਖੀਰਾਂ ਰਿੰਨੀਆਂ ਜਾਂਦੀਆਂ ਹਨ। ਫਿਰ ਸਵੇਰ ਨੂੰ ਖਾਂਦੇ ਹਨ। ਸਵੇਰ ਨੂੰ ਠੰਡੇ ਪਾਣੀ ਨਾਲ ਨਹਾਉਣਾ ਵੀ ਇਕ ਸ਼ਗਨ ਸਮਝਿਆ ਜਾਂਦਾ ਹੈ। ਇਹ ਮੇਲਾ ਮੁਕਤਸਰ ਵਿਖੇ ਲਗਦਾ ਹੈ। ਇਸ ਮੌਕੇ ਤੇ ਭਾਰੀ ਰੌਣਕ ਹੁੰਦੀ ਹੈ। ਪੇਂਡੂ ਟੂਰਨਾਮੈਂਟ ਕਈ ਥਾਵਾਂ ਤੇ ਹੁੰਦੇ ਹਨ ਤੇ ਕਈ ਹੋਰ ਮੁਕਾਬਲੇ ਕਰਵਾਏ ਜਾਂਦੇ ਹਨ।

## ਬਸੰਤ ਪੰਚਮੀ

ਇਹ ਵੀ ਸਰਦ ਰੁੱਤ ਤੋਂ ਬਾਅਦ ਦਾ ਤਿਉਹਾਰ ਹੈ। ਠੰਡ ਦੇ ਖਾਤਮੇ ਤੋਂ ਬਾਅਦ ਜਦੋਂ ਬਸੰਤ ਰੁੱਤ ਆਉਂਦੀ ਹੈ ਤਾਂ ਇਹ ਕਹਿੰਦੇ ਹਨ "ਆਈ ਬਸੰਤ ਪਾਲਾ ਉਡੰਤ।" ਇਸ ਮੌਸਮ ਦੀ ਰੌਣਕ ਬਹੁਤ ਨਿਰਾਲੀ ਹੁੰਦੀ ਹੈ। ਮੁੰਡੇ ਪੀਲੀਆਂ ਪੱਗਾਂ ਬੰਨਦੇ ਹਨ ਅਤੇ ਕੁੜੀਆਂ ਪੀਲੀਆਂ ਚੁੰਨੀਆਂ ਲੈਂਦੀਆਂ ਹਨ। ਪਤੰਗ ਵੀ ਇਸ ਦਿਨ ਉਡਾਏ ਜਾਂਦੇ ਹਨ। ਪਟਿਆਲੇ, ਛੇਹਰਟੇ, ਬਟਾਲੇ ਆਦਿ ਥਾਵਾਂ ਤੇ ਬਹੁਤ ਰੌਣਕ ਹੁੰਦੀ ਹੈ।

## ਹੋਲ਼ੀ

ਹੋਲਿਕਾ ਦੇ ਅੱਗ ਵਿਚ ਭਸਮ ਹੋ ਜਾਣ ਤੋਂ ਪਿਛੋਂ ਇਹ ਤਿਉਹਾਰ ਦੇ ਰੂਪ ਵਿਚ ਸ਼ੁਰੂ ਹੋਇਆ। ਇਸ ਨੂੰ ਮਨਾਉਣ ਲਈ ਰੰਗਾਂ ਦੀ ਵਰਤੋਂ ਹੁੰਦੀ ਹੈ। ਇਹ ਬਹੁਤ ਰੰਗੀਨ ਤਿਉਹਾਰ ਹੈ। ਪ੍ਰਹਿਲਾਦ ਦੇ ਪਿਤਾ ਜੋ ਕਿ ਬਹੁਤ ਹੰਕਾਰੀ ਸਨ। ਪ੍ਰਹਿਲਾਦ ਦੀ ਭੂਆ ਹੋਲਿਕਾ ਜਿਹੜੀ ਇਸ ਦਿਨ ਅੱਗ ਵਿਚ ਭਸਮ ਹੋਈ ਸੀ। ਇਸ ਤਿਉਹਾਰ ਤੇ ਕਾਫੀ ਲੜਾਈ ਝਗੜੇ ਵੀ ਹੋ ਜਾਂਦੇ ਹਨ। ਪਰ ਫਿਰ ਵੀ ਇਹ ਤਿਉਹਾਰ ਸਭਿਆਚਾਰ ਨੂੰ ਉਜਾਗਰ ਕਰਦਾ ਹੈ।

## ਕਰਵਾ ਚੌਥ

ਇਹ ਤਿਉਹਾਰ ਜ਼ਨਾਨੀਆਂ ਆਪਣੇ ਸੁਹਾਗ ਭਾਗ ਦੀ ਸੁੱਖ ਸਦੀਵੀ ਕਰਨ ਦੀ ਇੱਛਿਆ ਨਾਲ ਚੁਨਾਉਂਦੀਆਂ ਹਨ। ਸਵੇਰੇ ਵਰਤ ਰੱਖੇ ਜਾਂਦੇ ਹਨ। ਪਿਛੋਂ ਸਾਰਾ ਦਿਨ ਕੁਝ ਨਹੀਂ ਖਾਧਾ ਪੀਤਾ ਜਾਂਦਾ। ਮਾਂਹ ਦੀ ਦਾਲ ਖਾਸ ਤੌਰ ਤੇ ਰਿੰਨੀ ਜਾਂਦੀ ਹੈ। ਰਾਤ ਨੂੰ ਜਦੋਂ ਚੰਦ ਚੜ੍ਹਦਾ ਹੈ ਤਾਂ ਔਰਤਾਂ ਵਰਤ ਖੋਲਦੀਆਂ ਹਨ। ਇਹ ਵਰਤ ਉਹ ਆਪਣੇ ਸੁਹਾਗ ਦੀ ਰਾਖੀ ਲਈ ਰਖਦੀਆਂ ਹਨ।

ਉਪਰੋਕਤ ਤਿਉਹਾਰਾਂ ਦੀ ਬੁਨਿਆਦੀ ਸਾਂਝ ਇਕ ਹੈ। ਚਾਹੇ ਉਹ ਕਿਸੇ ਵੀ ਰੁੱਤ ਦਾ ਤਿਉਹਾਰ ਕਿਉਂ ਨਾ ਹੋਵੇ। ਇਨ੍ਹਾਂ ਤੋਂ ਬਿਨਾਂ ਪੰਜਾਬ ਦੇ ਹਰ ਪਿੰਡ ਵਿਚ ਦੇਸੀ ਮਹੀਨੇ ਦੀ ਪਹਿਲੀ ਤਾਰੀਖ ਨੂੰ ਸੰਗਰਾਂਦ ਮਨਾਈ ਜਾਂਦੀ ਹੈ। ਗੁਰੂਆਂ ਦੇ ਜਨਮ ਦਿਨਾਂ ਨੂੰ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

ਪਰ ਅੱਜ ਉਹ ਤਿਉਹਾਰ ਤਾਂ ਰਹੇ ਨਹੀਂ ਜੋ ਕੁਝ ਸਮਾਂ ਪਹਿਲਾਂ ਸੀ। ਸਮੇਂ ਦੇ ਬਦਲ ਰਹੇ ਗੇੜ ਨਾਲ ਤਿਉਹਾਰਾਂ ਦੀ ਸਾਡੇ ਜੀਵਨ ਤੇ ਮਹੱਤਤਾ ਕਾਫੀ ਘੱਟ ਰਹੀ ਹੈ ਜਿਸ ਨਾਲ ਪੰਜਾਬੀ ਸਭਿਆਚਾਰਕ ਜੀਵਨ ਤੇ ਵੀ ਅਸਰ ਪੈ ਰਿਹਾ ਹੈ। ਅੱਜ ਪੰਜਾਬ ਦੇ ਪੜ੍ਹੇ ਲਿਖੇ ਲੋਕ ਤਿਉਹਾਰਾਂ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ।

(ਪੰਨਾ 14 ਦੀ ਬਾਕੀ)

ਗੁਰਮੁਖ ਬਾਬਾ ਹਰੀ ਸਿੰਘ ਜੀ ਨੇ ਆਪਣੀ ਬਹੁਮੁੱਲੀ ਪੁਸਤਕ, ਰਾਹਨੁਮਾਇ ਦੀਦਾਰਿ ਹੱਕ' ਵਿਚ ਅੰਕਿਤ ਕੀਤਾ ਹੈ।

ਉਪਰ ਦਿੱਤੇ ਇਤਿਹਾਸਕ ਹਵਾਲਿਆਂ(ਭਾਈ ਗੁਰਦਾਸ, ਪੁਰਾਤਨ ਜਨਮ-ਸਾਖੀ, ਜਨਮ-ਸਾਖੀ ਰਚਿਤ ਮਿਹਰਬਾਨ, ਹਰਿ ਜੀ ਤੇ ਚਤੁਰ ਭੁਜ ਆਦਿ) ਅਤੇ ਕੁਝ ਟੀਕਿਆਂ ਵਿਚੋਂ ਦਿਤੇ ਗਏ ਹਵਾਲਿਆਂ ਦੀ ਰੌਸ਼ਨੀ ਵਿਚ ਸਿੱਟਾ ਇਹ ਨਿਕਲਦਾ ਹੈ ਕਿ ਜਪੁਜੀ ਦਾ ਮੂਲ ਮੰਤਰ ਕਾਫੀ ਨਿਸਚਤ ਤੌਰ ਤੇ ਸੁਲਤਾਨਪੁਰ ਲੋਧੀ ਉਚਾਰਨ ਹੋਇਆ—'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਦਾ ਸਲੋਕ ਉਥੇ ਹੀ ਉਚਾਰਿਆ ਗਿਆ। ਪਰ ਜਪੁਜੀ ਦਾ ਸੰਪੂਰਨ ਰੂਪ (ਜੋ ਕਿ ਹੁਣ ਸਾਨੂੰ ਪ੍ਰਾਪਤ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਵਿਚ ਆਦਿ ਬਾਣੀ ਕਰਕੇ ਅੰਕਿਤ ਹੈ) ਕਦੋਂ ਦਿਤਾ ਗਿਆ ? ਇਸ ਬਾਰੇ ਭਾਵੇਂ ਨਿਸਚਤ ਤੌਰ ਤੇ ਕੁਝ ਕਹਿਣਾ ਔਖਾ ਹੈ ਪਰ ਫਿਰ ਭੀ ਇਹ ਅਨੁਮਾਨ ਹੈ ਕਿ ਜਪੁਜੀ ਗੁਰੂ ਸਾਹਿਬ ਤੇ ਗੁਰੂ ਅੰਗਦ ਦੇਵ ਦੇ ਮਿਲਾਪ ਤੋਂ ਪਹਿਲਾਂ ਕਿਸੇ ਨਾ ਕਿਸੇ ਰੂਪ ਵਿਚ ਪਰਚਲਤ ਸੀ। ਇਹ ਭੀ ਅਨੁਮਾਨ ਹੈ ਕਿ ਜਪੁਜੀ ਦੀਆਂ ਪਉੜੀਆਂ ਸਾਰੀਆਂ ਇਕੋ ਸਮੇਂ ਉਚਾਰਨ ਨਹੀਂ ਹੋਈਆਂ।

ਪਰ ਇਸੇ ਉਦੇਸ਼ ਲਈ ਕਿ ਆਦਿ ਗੁਰੂ ਜੀ ਆਪਣੇ ਜਾਂਨਸ਼ੀਨ(ਗੁਰੂ) ਅੰਗਦ ਦੇਵ ਤੇ ਹੋਰ ਸਿਖ-ਸੇਵਕਾਂ ਦੀ ਅਗਵਾਈ ਖਾਤਰ ਆਪਣੀ ਸਿਖਿਆ ਦਾ ਕੋਈ ਤਤ-ਸਾਰ ਦੇ ਸਕਣ ਸਤਿਗੁਰੂ ਜੀ ਨੇ ਇਸ ਬਾਣੀ ਦਾ ਮੌਜੂਦਾ ਰੂਪ ਕਰਤਾਰਪੁਰ(ਰਾਵੀ) ਵਿਖੇ ਦਿਤਾ। ਹੋ ਸਕਦਾ ਹੈ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਈ ਇੰਜ ਜਪੁਜੀ ਸਾਹਿਬ ਦੀ ਪੋਥੀ(ਹੁਣ ਦੇ ਰੂਪ ਵਿਚ) ਗੁਰੂ ਨਾਨਕ ਦੇਵ ਨੇ(ਗੁਰੂ) ਅੰਗਦ ਦੇਵ ਤੋਂ ਲਿਖਵਾਈ ਹੋਵੇ।

ਜਪੁਜੀ ਸਾਹਿਬ ਵਿਚ ਗੁਰੂ ਜੀ ਨੇ ਆਪਣੇ ਵੇਲੇ ਦੇ ਪ੍ਰਚਲਤ ਮਤਾਂ ਤੇ ਟੀਕਾ-ਟਿਪਣੀ ਕੀਤੀ ਹੈ (ਜਿਵੇਂ ਕਿ ਪੰਡਤਾਂ, ਕਾਜ਼ੀਆਂ, ਸਿੱਧਾਂ-ਜੋਗੀਆਂ, ਆਦਿ ਦਾ ਜ਼ਿਕਰ ਹੈ), ਇਸ ਤੋਂ ਇਹ ਕਿਆਸ ਵੀ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਦੇਸ਼-ਦੇਸ਼ਾਂਤਰਾਂ ਦਾ ਰਟਨ ਕਰਦੇ ਹੋਏ ਇਹ ਬਾਣੀ ਵਖ ਵਖ ਹਿਸਿਆਂ ਵਿਚ ਉਚਾਰਨ ਕੀਤੀ ਹੋਏਗੀ। ਪਰ ਇਤਿਹਾਸਕ ਹਵਾਲਿਆਂ ਤੋਂ ਅਨੁਮਾਨ ਹੈ ਕਿ ਸਾਰੀ ਬਾਣੀ ਦੀ ਛਾਣ-ਬੀਣ ਕਰਕੇ ਤੇ ਮਥ ਕੇ ਗੁਰੂ ਸਾਹਿਬ ਨੇ ਮੌਜੂਦਾ ਸ਼ਕਲ ਦਿਤੀ।

ਲਜ਼ਤੇ ਲਮਸ ਨਿਗਾਹੋਂ ਸੇ ਭੀ ਮਿਲ ਸਕਤੀ ਹੈ
ਹੁਸਨ ਕੋ ਹਾਥ ਲਗਾ ਕਰ ਕੱਤੀ ਮੈਲਾ ਨ ਕਰੋ

# ਗੰਗਾ ਇਸ਼ਨਾਨ ਕਰਦੇ ਕਰਦੇ ਡਾਕੂਆਂ ਦੇ ਘਰ ਪੁੱਜ ਗਏ

ਭਾਗਲਪੁਰ — ਇਥੋਂ ਦਾ ਇਕ ਵਿਓਪਾਰੀ ਸ੍ਰੀ ਬਾਸੁਦੇਵ ਅਗਰਵਾਲ ਨੂੰ ਡਾਕੂ ਅਗਵਾ ਕਰ ਕੇ ਲੈ ਗਏ।

ਸਰਕਾਰੀ ਸੂਤਰਾਂ ਅਨੁਸਾਰ ਸ੍ਰੀ ਅਗਰਵਾਲ ਨੂੰ ਉਸ ਸਮੇਂ ਅਗਵਾ ਕੀਤਾ ਗਿਆ ਜਦੋਂ ਉਹ ਗੰਗਾ ਵਿਚ ਇਸ਼ਨਾਨ ਕਰ ਰਿਹਾ ਸੀ। ਉਸਨੂੰ ਇਕ ਕਿਸ਼ਤੀ ਵਿਚ ਬਿਠਾ ਕੇ ਦਿਆਰਾ ਨੂੰ ਲਿਜਾਂਦੇ ਦੇਖਿਆ ਗਿਆ।

ਘਟਨਾ ਵੇਲੇ ਮੌਜੂਦ ਲੋਕਾਂ ਨੂੰ ਅਗਵਾਕਾਰੀਆਂ ਨੇ ਕਿਹਾ ਕਿ ਉਹ ਅਗਰਵਾਲ ਦੇ ਪਰੀਵਾਰ ਨੂੰ ਇਹ ਸੁਨੇਹਾ ਦੇ ਦੇਣ ਕਿ ਉਸ ਨੂੰ ਤਾਂ ਰਿਹਾ ਕੀਤਾ ਜਾਏਗਾ ਜੇਕਰ ਉਹ ਇਕ ਲੱਖ ਰੁਪਿਆ ਦੇਣਗੇ।

ਭਾਗਲਪੁਰ ਦਿਆਰਾ ਇਲਾਕੇ ਵਿਚ ਪੁਲਸ ਵਲੋਂ ਛਾਣ ਬੀਣ ਕੀਤੇ ਜਾਣ ਦੇ ਬਾਵਜੂਦ ਵੀ ਕੁਝ ਹਥ ਪੱਲੇ ਨਹੀਂ ਪਿਆ ਹੈ।

**Interested Business Partner Required**

Indian settled abroad with financial resources interested to participate in a 2.3 CRORE chemical project in a joint sector at Naya Nangal. May write to Mr. S. Sandhu 10-IV Sector - 4 Naya Nangal - 140126 Punjab.

C/o CANADA DARPAN
P.O.BOX 67344 STN. 'O'
VANCOUVER, B.C. V5W 3T1

**ਬੇਸਮਿੰਟ ਸਵੀਟ ਕਿਰਾਏ ਲਈ ਖਾਲੀ**

ਸਰੀ ਵਿਚ ਦੋ ਬੈੱਡਰੂਮ ਸਵੀਟ ਸਰੀ ਪਲੇਸ ਦੇ ਨੇੜੇ ਖਾਲੀ ਹੈ। ਇਹ ਸਕੂਲ, ਬੱਸ ਸਟਾਪ ਤੇ ਸ਼ਾਪਿੰਗ ਸੈਂਟਰ ਦੇ ਨੇੜੇ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:—
ਫੋਨ :- 585-1805

**SANDHU VIDEO SHOP**

HAPPY NEW YEAR
ARE YOU STILL RENTING MOVIES?
BUY YOUR OWN!!! & SAVE MONEY!
ਵਧੀਆ ਕੁਆਲਿਟੀ ਦੀਆਂ ਰੀਕਾਰਡ ਕੀਤੀਆਂ ਮੂਵੀਆਂ ਖਰੀਦੋ
ਹੁਣ ਤੁਹਾਨੂੰ ਕਾਪੀ ਕੀਤੀਆਂ ਮੂਵੀਆਂ ਨਾਲ ਵੀਡੀਓ ਮਸ਼ੀਨਾਂ ਤੇ ਅੱਖਾਂ ਦੀ ਨਜ਼ਰ ਖਰਾਬ ਨਹੀਂ ਕਰਨੀ ਪਵੇਗੀ। ਸਾਥੋਂ ਅਸਲੀ ਮੂਵੀਆਂ ਖਰੀਦੋ!



Released or Releasing :

KARATE, ANGREJAAN, PASAND APNI APNI, HAM DUNNO, JAWAAB, BHAIE AKHAR BHAIE HOTE HAI BABU, WADE DIL WALA, MAIN AWAARA HUIN PUKAR, COOLIE, VIJETA, KASTURI



Sandhu's Video Shop Ltd.
5090 Victoria Dr.(35th & Victoria Dr.)
Vancouver, B.C.
Ph. 324-7727

MAIL ORDERS ACCEPTED!

## HAPPY NEW YEAR

# *FLY WITH US ON*

# *JAPAN AIR LINES*

## ਵੈਨਕੂਵਰ ਤੋਂ ਸਿਧੇ 747 ਰਾਹੀਂ ਦਿੱਲੀ ਪੁੱਜੋ




## ਮੁ - ਫ - ਤ - !

**ਬੀ. ਸੀ. ਤੇ ਅਲਬਰਟਾ ਤੋਂ ਮੁਫਤ ਫ਼ੋਨ ਡਾਇਲ ਕਰੋ!**

ਬੀ. ਸੀ. ਅਤੇ ਅਲਬਰਟਾ ਦੇ ਕਿਸੇ ਵੀ ਸ਼ਹਿਰ ਵਿਚੋਂ ਬਿਨਾਂ ਪੈਸੇ ਦਿੱਤਿਆਂ ਹੇਠਲੇ ਫ਼ੋਨਾਂ ਤੇ ਫ਼ੋਨ ਕਰਕੇ ਸਸਤੇ ਕਿਰਾਏ ਤੇ ਸੀਟਾਂ ਬੁੱਕ ਕਰਾਓ!



**ਮੁਫ਼ਤ ਫ਼ੋਨ ਕਰੋ**

B.C. 112-800-663-9079
Alta. 1-800-663-9079

ਅੱਜ ਹੀ ਅਡਵਾਂਸ ਸੀਟ ਬੁੱਕ ਕਰਾਓ, ਤਾਂ ਕਿ ਸਮੇਂ ਸਿਰ ਜਾਣ ਲਈ ਕੋਈ ਉਲਝਣ ਨਾ ਹੋਵੇ!

**ਮੁਫ਼ਤ ਫ਼ੋਨ ਕਰੋ**

**ਸਿੱਖ ਕੌਮ ਦੇ ਪਵਿੱਤਰ ਤੇ ਇਤਿਹਾਸਕ ਸ਼ਸ਼ਤਰ ਕੈਨੇਡਾ ਲਿਆਉਣ ਵਾਲੀ ਏਅਰ ਲਾਈਨ ਰਾਹੀਂ ਸਫਰ ਕਰੋ!**

ਹੁਣ ਤੁਸੀਂ ਭਾਰਤ ਜਾਣ ਲਈ ਮੰਗਲਵਾਰ ਤੇ ਵੀਰਵਾਰ ਦੀ ਫਲਾਈਟ ਲੈ ਸਕਦੇ ਹੋ

**VANCOUVER/TOKYO/HONGKONG/MANILA**
**BANKOK/NEW DELHI/LONDON**

***Famous for Orient Hospitality!***

*CONTACT:*

## *JAPAN AIRLINES AUTHORISED AGENTS*

ਜਾਪਾਨ ਏਅਰ ਲਾਈਨਜ਼ ਦੇ ਆਥੋਰਾਈਜ਼ਡ ਏਜੰਟ

# ਗੋਇਲ ਟਰੈਵਲਜ਼ ਇਨਕ

*MULTI-MILLION DOLLAR SELLER*

**4152 FRASER ST., VANCOUVER, B.C. CANADA**

**PHONE: [604]872-7658**

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖ਼ਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ 27ਵੀਂ — ਕੇਸਰ ਸਿੰਘ ਨਾਵਲਿਸਟ

## ਕਾਂਡ 45

ਸ਼ਾਹ ਵੇਲਾ ਲੰਘ ਗਿਆ ਸੀ। ਦੁਪਹਿਰਾਂ ਹੋਣ ਵਾਲੀਆਂ ਸਨ। ਮਿਸਟਰ ਡੈਨਹਾਮ ਨੇ ਭਾਈ ਸਾਹਬ ਨੂੰ ਕੋਠੜੀ ਵਿੱਚੋਂ ਕਢਵਾ ਕੇ ਦੱਸਿਆ—"ਤੁਹਾਨੂੰ ਅੱਜ ਰਾਤ ਨੂੰ ਦੇਸ ਭੇਜਿਆ ਜਾ ਰਿਹਾ ਹੈ। ਜਹਾਜ਼ ਚੜ੍ਹਨ ਤੋਂ ਪਹਿਲੋਂ ਤੁਹਾਨੂੰ ਆਪਣੇ ਕੱਪੜੇ ਦਿੱਤੇ ਜਾਣਗੇ। ਦੁੱਧ, ਖੰਡ, ਘਿਓ, ਫਲ ਤੇ ਹੋਰ ਜੋ ਰਾਸ਼ਨ ਚਾਹੋਗੇ ਦਿੱਤਾ ਜਾਏਗਾ। ਬੁਰਸ਼ ਦਿੱਤੇ ਜਾਣਗੇ ਸਾਬਣ ਤੇਲ ਵੀ ਰਾਸ਼ਨ ਦੇ ਨਾਲ ਹੋਵੇਗਾ। ਤੁਸੀਂ ਨਹਾ ਧੋ ਕੇ ਖਾਣਾ ਪਕਾ ਕੇ ਸ਼ਾਮ ਤੱਕ ਤਿਆਰ ਹੋ ਜਾਓ।

ਅਜੇ ਉਹ ਗਿਆ ਹੀ ਸੀ ਕਿ ਕੋਠੜੀਆਂ ਖੋਲ੍ਹ ਦਿੱਤੀਆਂ ਗਈਆਂ। ਆਟਾ, ਦਾਲਾਂ, ਲੂਣ ਤੇ ਚਾਵਲ ਆਦਿ ਉਨ੍ਹਾਂ ਦੇ ਰਾਸ਼ਨ ਵਿਚ ਪਹਿਲੋਂ ਹੀ ਮੌਜੂਦ ਸਨ। ਉਨ੍ਹਾਂ ਦੇ ਕਿਸੇ ਮੰਗ ਤੋਂ ਪਹਿਲੋਂ ਹੀ ਦੁੱਧ, ਚਾਹ, ਖੰਡ, ਬਟਰ, ਤੇਲ, ਸਾਬਣ, ਬੁਰਸ਼, ਟੁੱਥ ਪੇਸਟ, ਆਦ ਸਭ ਚੀਜ਼ਾਂ ਆ ਗਈਆਂ। ਇਕ ਟੋਕਰਾ ਕੇਲਿਆਂ ਦਾ ਆ ਪਹੁੰਚਾ। ਅੱਧੇ ਕੁ ਘੰਟੇ ਪਿਛੋਂ ਦੋ ਗੋਰੇ ਫੌਜੀ ਉਨ੍ਹਾਂ ਦੇ ਕੱਪੜੇ ਤੇ ਸਾਮਾਨ ਲੈ ਆਏ। ਚੈਨਚਾਇਆਂ ਦਾ ਫਲੈਟ ਹੈਟ, ਅਮਰੀਕਨ ਬੂਟ ਨਕਟਾਈਆਂ, ਕਾਲਰ ਤੇ ਹੱਥ ਵਾਲੀ ਘੜੀ ਗੁੰਮ ਸੀ। ਉਸ ਨੇ ਰੌਲਾ ਪਾ ਦਿਤਾ ਪਰ ਉਸ ਦਾ ਰੌਲਾ ਸੁਣਨ ਵਾਲਾ ਕੋਈ ਨਹੀਂ ਸੀ। ਭਾਈ ਸਾਹਬ ਦੇ ਸਾਮਾਨ ਵਿਚੋਂ ਵੀ ਚੀਜ਼ਾਂ ਗੁੰਮ ਸਨ ਪਰ ਉਨ੍ਹਾਂ ਨੇ ਕੋਈ ਵਾਵੇਲਾ ਨਾ ਕੀਤਾ ਜਦ ਉਨ੍ਹਾਂ ਨੂੰ ਆਪਣੇ ਪਰਵਾਰ ਦੀ ਫੋਟੋ ਨਾ ਮਿਲੀ ਤਾਂ ਉਹ ਤੜਫ ਉੱਠੇ। ਉਹ ਫੋਟੋ ਉਨ੍ਹਾਂ ਹਾਂਗਕਾਂਗ ਲੁਹਾਈ ਸੀ। ਉਸ ਫੋਟੋ ਵਿਚ ਕਰਤਾਰ ਸਿੰਘ ਨਵਾਂ ਚੰਦ ਵੀ ਉਨ੍ਹਾਂ ਦੇ ਪਰਵਾਰ ਨਾਲ ਖੜਾ ਸੀ। ਉਹ ਆਪਣੇ ਪਰਵਾਰ ਦੇ ਚਿਹਰੇ ਵੇਖਣ ਲਈ ਕਾਹਲੇ ਪਏ ਹੋਏ ਸਨ। ਭਾਈ ਸਾਹਬ ਤੇ ਠਾਕਰ ਸਿੰਘ ਦਾ ਸਾਮਾਨ ਰਲ ਮਿਲ ਗਿਆ ਸੀ। ਠਾਕਰ ਸਿੰਘ ਦੀਆਂ ਸੋਨੇ ਦੀਆਂ ਦੋ ਛਾਪਾਂ ਗੁੰਮ ਸਨ। ਸ਼ਿਵਦਿਆਲ ਦਾ ਸ਼ੇਵਿੰਗ ਦਾ ਸਾਮਾਨ ਹੈ ਨਹੀਂ ਸੀ। ਉਸ ਨੇ ਚੈਨਚਇਆ ਦਾ ਸਾਮਾਨ ਮੰਗ ਕੇ ਸ਼ੇਵ ਕੀਤੀ। ਚੈਟਰਜੀ ਦਾ ਸਾਮਾਨ ਸਾਬਤ ਸੂਬਤ ਸੀ। ਚੈਨਚਇਆ, ਸ਼ਿਵਦਿਆਲ ਤੇ ਚੈਟਰਜੀ ਜੀ ਦੇ ਸਿਰਾਂ ਦੇ ਵਾਲ ਵੀ ਕਾਫੀ ਲੰਮੇ ਹੋ ਗਏ ਸਨ। ਉਨ੍ਹਾਂ ਤਿੰਨਾਂ ਆਪਸ ਵਿਚ ਇਕ ਦੂਜੇ ਦੇ ਸਿਰਾਂ ਦੇ ਵਾਲ ਵੀ ਛੋਟੇ ਕੀਤੇ।

ਜਦ ਉਹ ਨਹਾ ਧੋ ਕੇ ਤਿਆਰ ਹੋਏ ਤਾਂ ਉਨ੍ਹਾਂ ਨੂੰ ਇਉਂ ਜਾਪਿਆ ਜਿਵੇਂ ਉਹ ਆਪਣੇ ਆਪ ਵਿਚ ਆ ਗਏ ਹੋਣ। ਭਾਈ ਸਾਹਬ ਨੇ ਚੈਨਚਇਆ ਦੇ ਨਿੱਕੇ ਜਿਹੇ ਸ਼ੀਸ਼ੇ ਨੂੰ ਸਾਹਮਣੇ ਰੱਖ ਕੇ ਦਸਤਾਰ ਸਜਾਈ। ਉਨ੍ਹਾਂ ਦੀਆਂ ਅੱਖਾਂ ਪਰਮਾਤਮਾ ਦੇ ਸ਼ੁਕਰਾਨੇ ਵਿਚ ਸੱਜਲ ਹੋ ਆਈਆਂ। ਚੈਨਚਇਆ ਉਨ੍ਹਾਂ ਦੇ ਚਿਹਰੇ ਵੱਲ ਇਕ ਟੱਕ ਵੇਖੀ ਜਾ ਰਿਹਾ ਸੀ। ਭਾਈ ਸਾਹਬ ਨੇ ਆਕਾਸ਼ ਵੱਲ ਅੱਖਾਂ ਚੁਕੀਆਂ ਤੇ ਫਿਰ ਮੁੰਦ ਲਈਆਂ। ਚੈਨਚਇਆ ਆਪਣੇ ਮਨ ਵਿਚ ਸੋਚ ਰਿਹਾ ਸੀ ਕਿ ਉਹ ਕਿੰਨੇ ਭਾਗਾਂ ਵਾਲਾ ਹੈ ਜਿਸ ਨੂੰ ਅਜਿਹੇ ਜੋਧੇ ਦੀ ਸੰਗਤ ਪ੍ਰਾਪਤ ਹੋਈ ਹੈ।

ਦੁਪਹਿਰਾਂ ਹੋਣ ਵਾਲੀਆਂ ਸਨ। ਉਨ੍ਹਾਂ ਖਾਣਾ ਬਣਾਉਣ ਤੋਂ ਪਹਿਲੋਂ, ਬੰਦੇ ਦੀਆਂ ਉਂਗਲਾਂ ਜਿੰਨੇ ਜਿੰਨੇ ਮਲਾਈ-ਕੇਲੇ ਰੱਜ ਕੇ ਖਾਧੇ। ਭਾਈ ਸਾਹਬ ਨੇ ਕੜਾਹ ਪ੍ਰਸ਼ਾਦ ਤਿਆਰ ਕੀਤਾ। ਸ਼ਿਵਦਿਆਲ ਨੇ ਖੀਰ ਬਣਾਈ। ਚੈਟਰਜੀ ਨੇ ਚਾਵਲ ਉਬਾਲੇ। ਚੈਨਚਇਆ ਨੇ ਆਲੂ ਉਬਾਲ ਕੇ ਤੜਕਾ ਲਾਇਆ। ਠਾਕਰ ਸਿੰਘ ਨੇ ਪ੍ਰਾਉਂਠੇ ਬਣਾਏ। ਜਦ ਸਾਰਾ ਖਾਣਾ ਤਿਆਰ ਹੋ ਗਿਆ ਤਾਂ ਭਾਈ ਸਾਹਬ ਨੇ ਅਰਦਾਸਾ ਸੋਧਿਆ। ਸਭ ਨੇ ਮਨ ਭਰ ਕੇ ਖਾਣਾ ਖਾਧਾ।

ਉਹ ਸੁਸਤਾਉਣ ਲਈ ਇਕ ਰੁੱਖ ਦੀ ਛਾਵੇਂ ਬੈਠੇ ਗੱਲਾਂ ਕਰ ਰਹੇ ਸਨ। ਅੱਗੋਂ ਕੀ ਹੋਣ ਵਾਲਾ ਹੈ ਇਸ ਸੰਬੰਧ ਵਿਚ ਅੰਦਾਜ਼ੇ ਲਾ ਰਹੇ ਸਨ। ਜੋਧ ਸਿੰਘ ਦੇ ਅਚਾਨਕ ਗੁੰਮ ਹੋਣ ਕਰ ਕੇ ਉਨ੍ਹਾਂ ਦਾ ਸ਼ੱਕ ਪੱਕਾ ਹੋ ਚੁੱਕਾ ਸੀ ਕਿ ਉਸ ਸਭ ਭੇਤ ਖੋਲ੍ਹ ਦਿੱਤੇ ਹੋਣਗੇ। ਚੈਟਰਜੀ ਦਾ ਬੁਖਾਰ ਮੱਠਾ ਪੈ ਗਿਆ ਸੀ ਪਰ ਅਜੇ ਵੀ ਲੱਥਾ ਨਹੀਂ ਸੀ। ਉਹ ਬੜਾ ਕਮਜ਼ੋਰ ਹੋ ਗਿਆ ਸੀ। ਉਸ ਨੇ ਕਈ ਵਾਰੀ ਇਲਾਜ ਦੀ ਮੰਗ ਕੀਤੀ ਸੀ ਪਰ ਕਿਸੇ ਨੇ ਉਸ ਦੀ ਪਰਵਾਹ ਨਹੀਂ ਸੀ ਕੀਤੀ ਭਾਈ ਸਾਹਬ ਨੇ ਦਫਤਰ ਸਾਹਮਣੇ ਰੁਕ ਕੇ ਮੇਜਰ ਦੀ ਆਰਡਰਲੀ ਨੂੰ ਕਿਹਾ ਕਿ ਚੈਟਰਜੀ ਵਾਸਤੇ ਜੇ ਕੁੱਝ ਨਹੀਂ ਤਾਂ ਕੁਨੈਨ ਜ਼ਰੂਰ ਮਿਲ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਗੱਲ ਸੁਣਕੇ ਮੇਜਰ ਆਪ ਬਾਹਰ ਨਿਕਲ ਆਇਆ। ਭਾਈ ਸਾਹਬ ਨੂੰ ਆਪਣੇ ਦਫਤਰ ਅੱਗੇ ਖਲੋਤਾ ਵੇਖ ਕੇ ਉਹ ਬੜਾ ਖੁਸ਼ ਹੋ ਕੇ ਮਿਲਿਆ। ਉਸ ਦੇ ਮਨ ਵਿਚ ਆਈ ਕਿ ਸ਼ਾਇਦ ਉਹ ਢਿੱਲੇ ਪੈ ਕੇ ਉਸਦੇ ਦਫਤਰ ਕੋਈ ਈਨ ਮੰਨਣ ਆਏ ਹੋਣ। ਉਸ ਨੇ ਦਫਤਰ ਅੰਦਰ ਆਉਣ ਦਾ ਸੱਦਾ ਦਿੱਤਾ ਪਰ ਭਾਈ ਸਾਹਬ ਨੇ ਉਸ ਦੀ ਗੱਲ ਅਣਸੁਣੀ ਕਰਕੇ ਚੈਟਰਜੀ ਲਈ ਕੁਨੈਨ ਦੀ ਮੰਗ ਕੀਤੀ। ਉਸ ਨੇ ਉੱਤਰ ਦਿਤਾ—"ਜੇ ਉਸ ਨੂੰ ਲੋੜ ਹੈ ਤਾਂ ਉਹ ਆਪ ਆ ਕੇ ਲੈ ਜਾਵੇ। ਮੇਰੇ ਪਾਸ ਕੁਨੈਨ ਬਹੁਤ ਪਈ ਹੈ।"

ਚੈਟਰਜੀ ਮੇਜਰ ਪਾਸੋਂ ਕੁਨੈਨ ਲੈਣਲਈ ਗਿਆ। ਉਸ ਨੇ ਚਿੱਕ ਚੁੱਕ ਕੇ ਉਸ ਨੂੰ ਅੰਦਰ ਵਾੜ ਲਿਆ। ਅੱਧਾ ਘੰਟਾ ਲੰਘ ਗਿਆ। ਇਕੱ ਘੰਟਾ ਲੰਘ ਗਿਆ। ਚੈਟਰਜੀ ਵਾਪਸ ਨਾ ਆਇਆ। ਭਾਈ ਸਾਹਬ ਤੇ ਚੈਨਚਇਆ ਕਈ ਦਿਨਾਂ ਤੋਂ ਉਸ ਦੀ ਸਰੀਰਕ ਹਾਲਤ ਤੇ ਮਨ ਦੀ ਢਹਿੰਦੀ ਕਲਾ ਨੂੰ ਭਾਪਦੇ ਚਲੇ ਆ ਰਹੇ ਸਨ। ਉਨ੍ਹਾਂ ਨੂੰ ਕੁਝ ਤੌਖਲਾ ਹੋਣ ਲੱਗਾ। ਉਨ੍ਹਾਂ ਆਪਸ ਵਿਚ ਗੱਲਾਂ ਕਰਦਿਆਂ ਇਹ ਫੈਸਲਾ ਕੀਤਾ ਕਿ ਜੇ ਚੈਟਰਜੀ ਫਾਇਰਿੰਗ-ਸੁਕੇਡ ਦੇ ਸਾਹਮਣੇ ਖਲੋਣ ਦੀ ਹਿੰਮਤ ਕਰ ਸਕਦਾ ਹੈ ਤਾਂ ਅਜਿਹਾ ਕੋਈ ਕਾਰਨ ਨਹੀਂ ਕਿ ਉਹ ਉਸ ਉੱਤੇ ਸ਼ੱਕ ਕਰਨ ਲੱਗ ਪੈਣ।

ਲਹੁੜਾ ਵੇਲਾ ਹੋ ਗਿਆ। ਭਾਈ ਸਾਹਬ ਨੇਕਿਹਾ—"ਭਾਈ ਠਾਕਰ ਸਿੰਘ ਜੀ! ਚੈਟਰਜੀ ਅਜੇ ਤੱਕ ਨਹੀਂ ਮੁੜਿਆ। ਮੇਰੀ ਚਿੰਤਾ ਵੱਧ ਰਹੀ ਐ।"

"ਸਿੰਘ ਸਾਹਬ! ਚਿੰਤਾ ਦੀ ਕੋਈ ਗੱਲ ਨਹੀਂ। ਹੋ ਸਕਦਾ ਐ ਕਿ ਮੇਜਰ ਨੇ ਕਿਸੇ ਡਾਕਟਰ ਨੂੰ ਸੱਦਿਆ ਹੋਵੇ ਤੇ ਉਹਨੂੰ ਔਣ 'ਚ ਦੇਰ ਲੱਗ ਗਈ ਹੋਵੇ।"

ਚੈਨਚਇਆ, ਉਠ ਕੇ ਮੇਜਰ ਦੇ ਦਫਤਰ ਦੇ ਨੇੜੇ ਟਹਿਲਣ ਲੱਗ ਪਿਆ। ਇਕ ਗੋਰਾ ਫੌਜੀ ਚਿੱਕ ਚੁੱਕ ਕੇ ਅੰਦਰ ਗਿਆ। ਚੈਨਚਇਆ ਨੇ ਵੇਖ ਲਿਆ। ਨਾ ਮੇਜਰ ਸੀ ਆਪਣੇ ਦਫਤਰ ਵਿਚ ਤੇ ਨਾ ਹੀ ਚੈਟਰਜੀ ਸੀ ਉਥੇ। ਉਸ ਦਾ ਦਿਲ ਹਿੱਲ ਗਿਆ। ਉਸ ਨੇ ਛੇਤੀ ਛੇਤੀ ਤੁਰ ਕੇ ਭਾਈ ਸਾਹਬ ਨੂੰ ਆ ਦੱਸਿਆ। ਭਾਈ ਸਾਹਬ ਨੇ ਕਿਹਾ—"ਭਾਣਾ ਵਰਤ ਗਿਐ। ਚੈਟਰਜੀ ਦਿਲ ਛੱਡ ਗਿਐ।" ਭਾਈ ਸਾਹਬ ਉਠ ਕੇ ਆਪਣੀ ਕੋਠੜੀ ਵੱਲ ਤੁਰ ਪਏ। ਮੇਜਰ ਨੇ ਨੇੜੇ ਦੀ ਇਕ ਬਾਰਕ ਵਿਚੋਂ ਨਿਕਲਦਿਆਂ ਭਾਈ ਸਾਹਬ ਦੇ ਕੋਲ ਆ ਕੇ ਖੁਸ਼ੀ ਭਰੇ ਅੰਦਾਜ਼ ਵਿਚ ਦੱਸਿਆ—"ਸੁਕੁਮਾਰ ਚੈਟਰਜੀ ਨੇ ਆਪਣੀ ਮਰਜ਼ੀ ਨਾਲ ਮੈਨੂੰ ਸਭ ਕੁਝ ਦੱਸ ਦਿਤਾ ਹੈ।" ਉਸ ਨੇ ਇਕ ਗੋਰੇ ਸੰਤਰੀ ਨੂੰ ਹੁਕਮ ਦਿੱਤਾ ਕਿ ਚੈਟਰਜੀ ਦੀ ਕੋਠੀ ਵਿਚੋਂ ਉਸਦਾ ਸਾਰਾ ਸਾਮਾਨ ਇਕੱਠਾ ਕਰ ਕੇ ਉਸ ਦੇ ਦਫਤਰ ਵਿਚ ਪਹੁੰਚਾ ਦੇਵੇ।



## ਕਾਂਡ 46

ਅੱਧੀ ਰਾਤ ਸੀ। ਪੂਰਨਮਾਸ਼ੀ ਤੋਂ ਕੁਝ ਦਿਨ ਪਹਿਲੋਂ ਦਾ ਚੰਨ ਚਮਕ ਰਿਹਾ ਸੀ। ਤਾਰੇ ਜਗਮਗ ਜਗਮਗ ਕਰ ਰਹੇ ਸਨ। ਮਿਲਟਰੀ ਦੇ ਪਹਿਰੇ ਵਿਚ ਭਾਈ ਸਾਹਬ, ਚੈਨਚਇਆ, ਠਾਕਰ ਸਿੰਘ ਤੇ ਸ਼ਿਵਦਿਆਲ ਸਮੁੰਦਰੀ ਘਾਟ ਵੱਲ ਜਾ ਰਹੇ ਸਨ। ਘਾਟ ਉੱਤੇ ਪਹੁੰਚਣ ਸਾਰ ਉਨ੍ਹਾਂ ਕੁਝ ਹਿੰਦੁਸਤਾਨੀ ਚੇਹਰੇ ਵੇਖੇ। ਉਹ ਵੀ ਮਿਲਟਰੀ ਦੇ ਪਹਿਰੇ ਵਿਚ ਸਨ। ਉਹ ਆਪਸ ਵਿਚ ਇਕ ਦੂਜੇ ਵੱਲ ਵੇਖਦੇ ਰਹੇ। ਕਿਸੇ ਦੀ ਕਿਸੇ ਨੂੰ ਪਛਾਣ ਨਹੀਂ ਸੀ। ਭਾਈ ਸਾਹਬ ਤੇ ਉਨ੍ਹਾਂ ਦੇ ਸਾਥੀ, ਜੋਧ ਸਿੰਘ ਤੇ ਚੈਟਰਜੀ ਦੇ ਚਿਹਰੇ ਲੱਭ ਰਹੇ ਸਨ। ਜਹਾਜ਼ ਚੜ੍ਹਨ ਤੱਕ ਉਹ ਦੋਵੇਂ ਉਨ੍ਹਾਂ ਨੂੰ ਕਿਧਰੇ ਨਾ ਦਿੱਸੇ। ਭਾਈ ਸਾਹਬ ਨੇ ਆਪਣੀ ਦਰੀ, ਡੈੱਕ ਉੱਤੇ ਵਿਛਾਂਦਿਆਂ ਸਾਰ, ਨਿੱਕਾ ਜਿਹਾ ਸਿਰਹਾਣਾ ਸਿਰ ਹੇਠਾਂ ਰੱਖ ਕੇ ਲੇਟ ਕੇ ਅਕਾਸ਼ ਵੱਲ ਤੱਕਣਾ ਆਰੰਭ ਦਿੱਤਾ। ਉਨ੍ਹਾਂ ਦਾ ਮਨ ਦੇਸ਼ਾਂ ਪਰਦੇਸਾਂ ਦੀਆਂ ਉਡਾਰੀਆਂ ਲਾਉਣ ਲੱਗਾ। ਉਹ ਕਰਤਾਰ ਸਿੰਘ ਨਵਾਂ ਚੰਦ ਤੇ ਆਪਣੇ ਪਰਵਾਰ ਦੇ ਖਿਆਲਾਂ ਵਿਚ ਰੁੱਝ ਗਏ। ਚੈਨਚਇਆ ਨੇ ਉਨ੍ਹਾਂ ਦੇ ਖੱਬੇ ਪਾਸੇ ਨੰਗੇ ਡੈੱਕ ਉੱਤੇ ਲੇਟਦਿਆਂ ਕਿਹਾ—"ਇਨ੍ਹਾਂ ਦੋਹਾਂ ਵਿਚੋਂ ਇਕ ਮੈਨੂੰ ਯੂਪੀ ਦਾ ਜਾਪਦਾ ਹੈ। ਮੈਂ ਉਸ ਨੂੰ ਗੱਲਾਂ ਕਰਦਿਆਂ ਸੁਣਿਆ ਹੈ।"

"ਠੀਕ ਹੈ। ਬਾਕੀ ਤਿੰਨੇ ਪੰਜਾਬੀ ਹਨ।"

"ਪਤਾ ਕਰਨਾ ਚਾਹੀਦਾ ਹੈ ਇਨ੍ਹਾਂ ਬਾਰੇ।"

"ਦਿਨ ਚੜ੍ਹੇ ਆਪੇ ਪਤਾ ਚਲ ਜਾਵੇਗਾ। ਮੇਰਾ ਖਿਆਲ ਹੈ ਕਿ ਜਹਾਜ਼ ਵਿਚ ਸਾਡੇ ਨਾਲ ਭੈੜਾ ਸਲੂਕ ਨਹੀਂ ਕਰਨ ਲੱਗੇ। ਆਪਸ ਵਿਚ ਮਿਲਣ ਦੀ ਮਨਾਹੀ ਵੀ ਨਹੀਂ ਕਰਨ ਲੱਗੇ।"

ਸਾਰੀ ਰਾਤ ਰੁਮਕ ਰੁਮਕ ਹਵਾ ਵਗਦੀ ਰਹੀ। ਠਾਕਰ ਸਿੰਘ ਤੇ ਸ਼ਿਵਦਿਆਲ ਇਕ ਚਾਦਰ ਵਿਛਾ ਕੇ ਘੂਕ ਸੁੱਤੇ ਪਏ ਸਨ। ਚੈਨਚਇਆ ਨੰਗੇ ਡੈੱਕ ਉੱਤੇ ਪਸਲੇਟੇ ਮਾਰਦਾ ਰਿਹਾ। ਭਾਈ ਸਾਹਬ ਦੀ ਇਕ ਖਿਣ ਵੀ ਅੱਖ ਨਾ ਲੱਗੀ। ਉਹ ਅੰਮ੍ਰਿਤ ਵੇਲੇ ਉਠ ਕੇ ਚੌਂਕੜੀ ਮਾਰ ਕੇ ਬਾਣੀ ਪੜ੍ਹਨ ਲੱਗ ਪਏ। ਜਦ ਨਵੇਂ ਨਿਕਲੇ ਸੂਰਜ ਦੀਆਂ ਕਿਰਨਾਂ ਉਨ੍ਹਾਂ ਦੇ ਚਿਹਰੇ ਉੱਤੇ ਪਈਆਂ ਤਾਂ ਉਨ੍ਹਾਂ ਦਾ ਚਿਹਰਾ ਚਮਕ ਉਠਿਆ। ਉਨ੍ਹਾਂ ਨੇ ਅੱਖਾਂ ਖੋਲ੍ਹੀਆਂ। ਆਕਾਸ਼ ਵੱਲ ਦੋਵੇਂ ਹੱਥ ਕਰਕੇ ਸ਼ੁਕਰਾਨਾ ਕੀਤਾ।

ਜਦ ਉਨ੍ਹਾਂ ਸੱਜੇ ਪਾਸੇ ਤੱਕਿਆ ਤਾਂ ਅਣ ਪਛਾਤੇ ਇਕ ਹਿੰਦੁਸਤਾਨੀ ਨੂੰ ਆਪਣੇ ਕੋਲ ਬੈਠਾ ਵੇਖ ਕੇ ਖੁਸ਼ ਹੋ ਗਏ। ਉਸ ਨੇ ਅੱਗੋਂ ਹੱਥ ਜੋੜ ਕੇ ਪੁਛਿਆ—"ਤੁਸੀਂ ਭਾਈ ਬਲਵੰਤ ਸਿੰਘ ਓ ਕਨੇਡਾ ਵਾਲੇ?"

ਭਾਈ ਸਾਹਬ ਨੇ ਸਿਰ ਹਾਂ ਵਿਚ ਹਿਲਾ ਕੇ ਜੁਆਬ ਦਿੱਤਾ—"ਤੁਸੀਂ ਠੀਕ ਬੁਝਿਐ।"

"ਮੇਰਾ ਨਾਮ ਹਰਨਾਮ ਸਿਹੁੰ ਐ। ਧੰਨ ਭਾਗ ਐ ਸਾਡੇ। ਤੁਹਾਡੇ ਦਰਸ਼ਨ ਹੋ ਗਏ।"

"ਭਾਈ ਹਰਨਾਮ ਸਿੰਘ ਜੀ! ਤੁਸੀਂ ਵੀ ਫੌਜੀ ਪਹਿਰੇ ਵਿਚ ਹੋ?"

"ਜੀ ਹਾਂ। ਮੇਰੇ ਨਾਲ ਹਰਚਰਨ ਦਾਸ, ਗੰਭੀਰ, ਯੂਪੀ ਵਾਲਾ ਤੇ ਮੰਗੂ ਗੜ੍ਹ ਸੰਕਰੀਆ ਤਿੰਨ ਹੋਰ ਬੰਦੇ ਐ। ਆਸਾਂ ਤੁਹਾਨੂੰ ਵੇਖਣ ਸਾਰ ਪਛਾਣ ਕੱਢ ਲਈ ਸੀ।"

ਭਾਬੋ ਨੇ ਝਿੜਕ ਦਿਤੀ
ਗਲ ਲੱਗ ਕੇ ਵੀਰ ਦੇ ਰੋਈ।

"ਮੇਰੇ ਨਾਲ ਦਰਸੀ ਚੈਨਚਇਆ, ਠਾਕਰ ਸਿੰਘ ਤੇ ਸ਼ਿਵਦਿਆਲ ਤਿੰਨ ਜਣੇ ਹੋਰ ਐ।"

"ਅਸਾਂ ਵੇਖ ਲਏ ਐ। ਇਕ ਤਾਂ ਮਦਰਾਸੀ ਲਗਦੈ।"

"ਭਾਈ ਹਰਨਾਮ ਸਿੰਘ ਜੀ! ਤੁਸੀਂ ਕਿਵੇਂ ਫੜੇ ਗਏ? ਕੀ ਜੁਰਮ ਐ ਤੁਹਾਡਾ?"

"ਜੀ! ਰਾਮ ਚੰਦ ਬਾਹਮਣ ਨੇ ਸਾਨੂੰ ਤੇਲ ਵਾਲੇ ਜਹਾਜ਼ ਤੇ ਭੇਜਿਆ ਸੀ। ਅਸੀਂ ਬਤਾਵੀਏ ਜਾ ਲੱਗੇ। ਜਰਮਨਾ ਨੂੰ ਜਾ ਮਿਲੇ। ਫੇਰ ਸਾਡਾ ਜਹਾਜ਼ ਗੋਰਿਆਂ ਫੜ ਲਿਆ। ਜਰਮਨਾਂ ਸਾਡੀਆਂ ਜ਼ਮਾਨਤਾਂ ਦੇ ਦਿੱਤੀਆਂ। ਬਦੋਵਾਲੀਆ ਹਰੀ ਸਿਹੁੰ ਵਿਚੋਂ ਹੀ ਨੱਸ ਗਿਆ। ਸਾਨੂੰ ਤੇ ਜਰਮਨਾ ਨੂੰ ਫੜ ਕੇ ਗੋਰੇ ਸਿੰਘਾਂਪੁਰ ਨੂੰ ਲੈ ਤੁਰੇ। ਕਈ ਮਹੀਨੇ ਨਰਕੀ ਕੋਠੀਆਂ 'ਚ ਡੱਕੀ ਰੱਖਿਐ ਗੋਰਿਆਂ। ਸਾਨੂੰ ਇਹ ਅਵਾਈ ਮਿਲੀ ਸੀ ਕਿ ਮਿਰਕਣ ਤੋਂ ਆਏ ਹੋਰ ਬੰਦੇ ਵੀ ਡੱਕੇ ਹੋਏ ਐ ਏਥੇ ਗੋਰਿਆਂ।"

ਏਨੇ ਨੂੰ ਉਸਦੇ ਤਿੰਨੇ ਸਾਥੀ ਹੱਥ ਜੋੜ ਕੇ ਭਾਈ ਸਾਹਬ ਪਾਸ ਆ ਬੈਠੇ। ਹੌਲੀ ਹੌਲੀ ਦਰਸੀ ਚੈਨਚਇਆ, ਠਾਕਰ ਸਿੰਘ ਤੇ ਸ਼ਿਵਦਿਆਲ ਵੀ ਤਿਆਰ ਹੋ ਕੇ ਉਥੇ ਆ ਜੁੜੇ। ਸੂਰਜ ਚਮਕ ਰਿਹਾ ਸੀ ਪਰ ਨਾਲ ਹੀ ਹਵਾ ਵੀ ਰੁਮਕ ਰੁਮਕ ਵਗ ਰਹੀ ਸੀ। ਚਿੱਟੇ ਚਿੱਟੇ ਸਮੁੰਦਰੀ ਪੰਛੀ ਉਨ੍ਹਾਂ ਦੇ ਜਹਾਜ਼ ਦੇ ਨਾਲ ਨਾਲ ਉਡਦੇ ਦਿੱਸ ਰਹੇ ਸਨ। ਸ਼ਿਵਦਿਆਲ ਤੇ ਠਾਕਰ ਸਿੰਘ ਅਮਰੀਕਾ ਤੋਂ ਨਹੀਂ ਸਨ ਆਏ। ਉਹ ਕੰਨ ਲਾ ਕੇ ਬਾਕੀ ਸਭ ਦੀਆਂ ਗੱਲਾਂ ਸੁਣਦੇ ਰਹੇ। ਹਰਚਰਨ ਦਾਸ ਨੇ ਪੁਛਿਆ—"ਸਾਨੂੰ ਅਵਾਈ ਮਿਲੀ ਸੀ ਕਿ ਸਾਡੇ ਨਾਲੋਂ ਪਹਿਲੋਂ ਵੀ ਕਈ ਕੈਦੀ, ਗੋਰਿਆਂ ਸਿੰਘਾਪੁਰ ਲਿਆਂਦੇ ਸੀ। ਉਨ੍ਹਾਂ ਵਿਚੋਂ ਇਕ ਮਸ਼ਹੂਰ ਗਦਰੀ ਦਸੀਦਾ ਸੀ ਅਮਰ ਸਿਹੁੰ ਅੰਜੀਨੀਅਰ। ਕਹਿੰਦੇ ਐ— ਸਿਆਮ ਤੋਂ ਫੜ ਕੇ ਲਿਆਏ ਸੀ ਤੇ ਬਰਮਾ ਨੂੰ ਲੈ ਗਏ।"

ਅਮਰ ਸਿੰਘ ਦੀ ਯਾਦ ਆਉਣ ਤੇ ਭਾਈ ਸਾਹਬ ਦਾ ਦਿਲ ਅਮਰ ਸਿੰਘ ਲਈ ਤੜਫ ਉੱਠਿਆ। ਉਹ ਨੀਵੀਂ ਪਾ ਕੇ ਕਈ ਚਿਰ ਮਨ ਹੀ ਮਨ ਵਿਚ ਅਮਰ ਸਿੰਘ ਨਾਲ ਗੱਲਾਂ ਕਰਦੇ ਰਹੇ। ਭਾਈ ਸਾਹਬ ਨੂੰ ਆਪਣੇ ਧਿਆਨ ਵਿਚ ਰੁੱਝਾ ਵੇਖ ਕੇ ਠਾਕਰ ਸਿੰਘ ਪੁੱਛਿਆ—"ਇਹ ਤਾਂ ਸਾਨੂੰ ਪਤੈ ਜਹਾਜ ਦੇਸ ਜਾ ਰਿਹੈ ਪਰ ਇਹ ਨਹੀਂ ਪਤਾ ਕਿ ਕਿਹੜੀ ਬੰਦਰਗਾਹ ਨੂੰ ਪਹਿਲਾਂ ਲੱਗੂ।"

ਮੰਗੂ ਬੋਲ ਪਿਆ "ਮੈਨੂੰ ਪਤੈ! ਆਪਾਂ ਪੀਨਾਂਗ ਜਾ ਕੇ ਲੱਗਾਂਗੇ।"

"ਪੀਨਾਂਗ ਦਾ ਸ਼ਬਦ ਸੁਣ ਕੇ ਭਾਈ ਸਾਹਬ ਨੇ ਮੰਗੂ ਦੇ ਚਿਹਰੇ ਉੱਤੇ ਨਜ਼ਰ ਸੁੱਟ ਕੇ ਫਿਰ ਨੀਵੀਂ ਪਾ ਲਈ। ਉਨ੍ਹਾਂ ਦਾ ਮਨ ਘੋੜੇ ਦੌੜਾਂਦਾ ਪਿੰਡ ਜਾ ਵੜਿਆ। ਉਨ੍ਹਾਂ ਨੂੰ ਆਪਣਾ ਸਾਰਾ ਪਿੰਡ ਸੁੰਨਸਾਨ ਦਿੱਸਿਆ। ਮਨ ਤਰਲੇ ਮੱਛੀ ਹੋਣ ਲੱਗਾ। ਉਹ ਸਾਰਾ ਜ਼ੋਰ ਲਾ ਕੇ ਆਪਣੀ ਪਤਨੀ ਤੇ ਬੱਚਿਆਂ ਦੇ ਚਿਹਰੇ ਆਪਣੀਆਂ ਅੱਖਾਂ ਅੱਗੇ ਲਿਆਉਣ ਲੱਗੇ ਪਰ ਕੋਈ ਵੀ ਚਿਹਰਾ ਸਾਬਤ ਸਬੂਤ ਨਾ ਦਿੱਸੇ। ਉਨ੍ਹਾਂ ਇਕ ਝਟਕਾ ਮਾਰ ਕੇ ਸਿਰ ਛੰਡਿਆ। ਉਨ੍ਹਾਂ ਦੀ ਦਸਤਾਰ ਢਿੱਲੀ ਹੋ ਗਈ। ਉਨ੍ਹਾਂ ਨੇ ਦਸਤਾਰ ਖੋਲ੍ਹ ਕੇ ਫਿਰ ਬੱਧੀ। ਉਨ੍ਹਾਂ ਦੇ ਕੋਲ ਬੈਠੇ ਨਵੇਂ ਆਏ ਕੈਦੀ ਉਨ੍ਹਾਂ ਵੱਲ ਤਕ ਰਹੇ ਸਨ ਪਰ ਉਹ ਦੂਰ ਕਿਧਰੇ ਉਡਾਰੀਆਂ ਲਾ ਰਹੇ ਸਨ।

ਜਹਾਜ਼ ਆਪਣੀ ਚਾਲੇ ਤੁਰਿਆ ਜਾ ਰਿਹਾ ਸੀ। ਧੁੱਪ ਵੱਧ ਰਹੀ ਸੀ। ਅਜੇ ਤੱਕ ਸ਼ਾਹ ਵੇਲੇ ਦਾ ਪ੍ਰਬੰਧ ਨਹੀਂ ਸੀ ਹੋਇਆ। ਉਨ੍ਹਾਂ ਦੇ ਰਾਖੇ ਸ਼ਰਪਸ਼ਾਇਰ ਰਜਮੰਟ ਦੇ ਛੇ ਗੋਰੇ ਫੌਜੀ ਅਜੇ ਸੁੱਤੇ ਹੀ ਉਠੇ ਸਨ। ਉਨ੍ਹਾਂ ਵਿਚੋਂ ਇਕ ਨੇ ਟੁੱਟੀ ਫੁੱਟੀ ਉਰਦੂ ਵਿਚ ਉਚੀ ਸਾਰੀ ਵਾਜ ਮਾਰ ਕੇ ਪੁਛਿਆ—"ਰਾਸ਼ਨ ਮਾਂਗਟਾ? ਆਓ! ਹਮ ਡੇਗਾ।"

ਠਾਕਰ ਸਿੰਘ ਉਠਿਆ ਹੀ ਸੀ ਕਿ ਉਸ ਦੇ ਨਾਲ ਸ਼ਿਵਦਿਆਲ ਵੀ ਤੁਰ ਪਿਆ। ਉਸ ਫੌਜੀ ਨੇ ਜਹਾਜ਼ ਦੇ ਇਕ ਕਮਰੇ ਦੀ ਚਾਬੀ ਸ਼ਿਵਦਿਆਲ ਨੂੰ ਫੜਾਂਦਿਆਂ ਕਿਹਾ—"ਟੁਮ ਰੱਖੋ! ਪਕਾਓ ਖਾਓ।" ਠਾਕਰ ਸਿੰਘ ਤੇ ਸ਼ਿਵਦਿਆਲ ਦੇ ਚਿਹਰੇ ਖਿੜ ਗਏ। ਉਨ੍ਹਾਂ ਫੋਲ ਕੇ ਵੇਖਿਆ। ਹਰ ਕਿਸਮ ਦਾ ਰਾਸ਼ਨ ਮੌਜੂਦ ਸੀ। ਬਸ ਫਲਾਂ ਤੇ ਸਬਜ਼ੀ ਦਾ ਘਾਟਾ ਸੀ। ਆਲੂਆਂ ਤੇ ਪਿਆਜ਼ਾਂ ਦੇ ਬੋਰੇ ਪਏ ਸਨ।

ਉਹ ਪਹਿਲਾਂ ਖਾਣਾ ਪਕਾਂਦਿਆਂ ਖਾਂਦਿਆਂ ਹੀ ਸਭ ਘੁਲ ਮਿਲ ਗਏ। ਜਦ ਚਾਹ ਬਣੀ ਤਾਂ ਜਾ ਕੇ ਉਨ੍ਹਾ ਨੂੰ ਪਤਾ ਲੱਗਾ ਕਿ ਦੁੱਧ ਤੋਂ ਬਿਨਾਂ ਹੀ ਪੀਣੀ ਪਵੇਗੀ। ਉਨ੍ਹਾਂ ਨੂੰ ਇਕ ਦੂਜੇ ਨੂੰ ਮਿਲ ਕੇ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਉਹ ਰਲ ਮਿਲ ਕੇ ਆਪੋ ਆਪਣੇ ਘਰ ਜਾ ਰਹੇ ਹੋਣ। ਉਨ੍ਹਾਂ ਦੋਹਾਂ ਵੇਲਿਆਂ ਦਾ ਖਾਣਾ ਇਕੋ ਵਾਰੀ ਪਕਾ ਲਿਆ ਸੀ। ਜਦ ਤਰਕਾਲਾਂ ਹੋਈਆਂ ਤਾਂ ਉਹ ਸਭ ਇਕੱਠੇ ਹੋ ਬੈਠੇ। ਸਭ ਦੇ ਮਨਾਂ ਵਿਚ ਚਿੰਤਾਂ ਜ਼ਰੂਰ ਸੀ ਪਰ ਉਨ੍ਹਾਂ ਦੇ ਚਿਹਰਿਆਂ ਤੋਂ ਉਨ੍ਹਾਂ ਚਿੰਤਾ ਦਾ ਕੋਈ ਪ੍ਰਗਟਾਵਾ ਨਹੀਂ ਸੀ ਹੋ ਰਿਹਾ।

ਜਦ ਉਨ੍ਹਾਂ ਦੇ ਰਾਖੇ ਫੌਜੀ ਉਨ੍ਹਾਂ ਪਾਸੋਂ ਲੰਘਦੇ ਤਾਂ ਸੀਟੀਆਂ ਮਾਰਦੇ, ਅੱਖਾਂ ਮਾਰਦੇ, ਖੁਸ਼ੀ ਖੁਸ਼ੀ ਲੰਘ ਜਾਂਦੇ। ਕਦੇ ਕਦੇ ਉਹ ਕੋਈ ਨਾ ਕੋਈ ਮਖੌਲ ਵੀ ਕਰ ਜਾਂਦੇ। ਰਾਤ ਪਈ ਸਮੁੰਦਰ ਵਿਚ ਨਿੱਕੇ ਜਿਹੇ ਤੂਫਾਨ ਕਰਕੇ ਜਹਾਜ਼ ਕੁੱਝ ਡੋਲਣ ਲਗ ਪਿਆ। ਸਭ ਲੋਕ ਆਪੋ ਆਪਣੀ ਥਾਂ ਟਿਕ ਗਏ ਪਰ ਗੋਰੇ ਫੌਜੀ ਨਸ਼ਾ ਪੀ ਕੇ ਅੱਧੀ ਰਾਤ ਤੱਕ ਖਰਮਸਤੀਆਂ ਕਰਦੇ ਰਹੇ। ਉਹ ਕੈਦੀਆਂ ਵਲੋਂ ਬਿਲਕੁਲ ਨਿਸ਼ਚਿੰਤ ਸਨ। ਉਹ ਜਾਣਦੇ ਸਨ ਕਿ ਸਮੁੰਦਰ ਵਿਚ ਛਾਲ ਮਾਰ ਕੇ ਕੋਈ ਵੀ ਕੰਢੇ ਤੱਕ ਨਹੀਂ ਜਾ ਸਕਦਾ। ਦੂਜੇ ਦਿਨ ਤੜਕੇ ਹੀ ਜਹਾਜ਼ ਖੜਾ ਹੋ ਗਿਆ। ਦੂਰੋਂ ਸ਼ਹਿਰ ਦਿੱਸਣ ਲਗ ਪਿਆ। ਭਾਈ ਸਾਹਬ ਨੇ ਅੰਦਾਜ਼ਾ ਲਾ ਲਿਆ ਕਿ ਉਹ ਪੀਨਾਂਗ ਪਹੁੰਚ ਗਏ ਹਨ।

ਸਾਰਾ ਦਿਨ ਜਹਾਜ਼ ਰੁਕਿਆ ਰਿਹਾ। ਚਾਰ ਫੌਜੀ ਬੇੜੀਆਂ ਲੈ ਕੇ ਸ਼ਹਿਰ ਨੂੰ ਚਲੇ ਗਏ। ਦੋ ਗੋਰੇ ਕਦੇ ਕਦੇ ਉਨ੍ਹਾਂ ਵੱਲ ਆ ਲੰਘਦੇ। ਜਦ ਚਾਰੇ ਫੌਜੀ ਸ਼ਹਿਰੋਂ ਮੁੜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੰਜ ਵਜੇ ਤੋਂ ਪਿਛੋਂ ਹੋਰ ਮੁਸਾਫਰ ਚੜ੍ਹਨਗੇ ਤੇ ਰਾਤੀਂ ਅੱਠ ਵਜੇ ਜਹਾਜ਼ ਰੰਗੂਨ ਵੱਲ ਤੁਰੇਗਾ।

(ਚਲਦਾ)

ਸੱਸ ਚੰਦਰੀ ਦੇ ਰੁਦਨ ਸੁਣਾਵਾਂ,
ਦੇਹਲੀ ਉੱਤੇ ਬਹਿ ਜਾ ਵੀਰਨਾ।

ਤੇਰੇ ਵੀਰ ਦਾ ਬਾਗੜੀ ਬੋਤਾ
ਉੱਠ ਕੇ ਮੁਹਾਰ ਫੜ ਲੈ।


**B & D Entertainment**
Vancouver, B.C.
ਵਲੋਂ
**ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ**

ਕਿਸੇ ਵੀ ਤਰਾਂ ਦਾ ਸਾਊਂਡ ਸਿਸਟਮ ਦਾ ਕੰਮ ਹੋਵੇ, ਸਪੈਸ਼ਲ ਵਿਆਹ ਦੀ ਪਾਰਟੀ ਅਤੇ ਵੱਡੇ ਤੋਂ ਵੱਡੇ ਸ਼ੋਅ ਲਈ ਜਾਂਦੀ ਕਿ ਹਰ ਤਰ੍ਹਾਂ ਦਾ ਸਟੀਰੀਓ, ਐਂਪਲੀਫਾਰ ਦਾ ਕੰਮ ਹੋਵੇ ਤਾਂ ਫੋਨ ਕਰੋ:

ਫ਼ੋਨ : 324-6360
(ਨੋਟ : ਬੁਕਿੰਗ ਲਈ ਇਕ ਹਫਤਾ ਪਹਿਲਾਂ ਫੋਨ ਕਰੋ।)



ਨਵੇਂ ਸਾਲ ਦੀ ਮੁਬਾਰਕ
**ਕਲੇਰ ਸਵੀਟ ਸ਼ੌਪ**
ਡੈਲਟਾ-ਸਰੀ ਵਿਚ ਮਠਿਆਈ ਦੀ ਦੁਕਾਨ, ਜਿਥੋਂ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਵਧੀਆ ਤੇ ਤਾਜੀ ਮਠਿਆਈ ਮਿਲਦੀ ਹੈ —
* ਲੱਡੂ * ਜਲੇਬੀ * ਛੋਲੇ ਭਠੂਰੇ * ਰਸ-ਮਲਾਈ * ਕਬਾਬ * ਗੁਲਾਬ ਜਾਮਨ ਆਦਿ ਹੋਰ ਵੀ ਕਈ ਕਿਸਮ ਦੀਆਂ ਮਠਿਆਈਆਂ ਮਿਲ ਸਕਦੀਆਂ ਹਨ

ਫ਼ੋਨ : 588-5512 ਬਲਬੀਰ ਕਲੇਰ
9371-120th St.(Scott Rd.) Delta, B.C.

# ਖੇਡ ਦਰਪਣ

## ਜਲੰਧਰ ਵਿਚ 'ਸੁਰਜੀਤ' ਭਲਾਈ ਹਾਕੀ ਮੈਚ ਖੇਡਿਆ ਜਾਵੇਗਾ

ਜਾਲੰਧਰ — 4 ਜਨਵਰੀ 1984 ਨੂੰ ਹਾਕੀ ਦੇ ਸਤਾਰਿਆਂ ਦੀ ਅਕਾਸ਼ ਗੰਗਾ ਜਲੰਧਰ ਉਤੇ ਹੋਵੇਗੀ ਜਦੋਂ ਪਾਕਿਸਤਾਨ ਦੇ ਹਸਨ ਸਰਦਾਰ ਤੇ ਹਨੀਫ ਤੇ ਭਾਰਤ ਦੇ ਜਫਰ ਇਕਬਾਲ ਤੇ ਮੁਹੰਮਦ ਸ਼ਾਹਿਦ ਵਰਗੇ ਉਘੇ ਖਿਡਾਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ 'ਸੁਰਜੀਤ ਭਲਾਈ ਮੈਚ' ਖੇਡਨਗੇ। ਪਾਕਿਸਤਾਨ ਦੀ ਟੀਮ ਅਤੇ ਸੁਰਜੀਤ ਦੀ ਟੀਮ ਵਿਚਕਾਰ ਖੇਡਿਆ ਜਾਣ ਵਾਲਾ ਹਿੰਦ ਦੇ ਹਾਕੀ ਇਤਹਾਸ ਵਿਚ ਇਸ ਕਿਸਮ ਦਾ ਪਹਿਲਾ ਮੈਚ ਸੰਸਾਰ ਪ੍ਰਸਿਧ ਸੈਂਟਰਹਾਫ ਅਜੀਤਪਾਲ, ਫਾਰਵਰਡ ਅਸ਼ੋਕ ਕੁਮਾਰ ਤੇ 'ਉਡਣੇ ਘੋੜੇ' ਸਮੀਉਲਾ ਤੇ ਖੁਦ ਸਾਬਕ ਕਪਤਾਨ ਸੁਰਜੀਤ ਸਿੰਘ ਨੂੰ ਇਕ ਵੇਰ ਫੇਰ ਇਕਠਿਆਂ ਖੇਡਦਿਆਂ ਦੇਖਣ ਦਾ ਮੌਕਾ ਮੁਹੱਈਆ ਕਰੇਗਾ।

ਇਸ ਮੈਚ ਦੇ ਮੁਖ ਪ੍ਰਾਹੁਣੇ ਖੇਡ ਮੰਤਰੀ ਬੂਟਾ ਸਿੰਘ ਹੋਣਗੇ।

ਮੈਚ ਦੀਆਂ ਟਿਕਟਾਂ 10 - 25 - 50 ਅਤੇ 100 ਰੁਪਏ ਦੀਆਂ ਹੋਣਗੀਆਂ।

ਇਸ ਤੋਂ ਮਗਰੋਂ 6 ਜਨਵਰੀ ਨੂੰ ਇਹ ਮੈਚ ਦਿੱਲੀ ਵਿਚ ਖੇਡਿਆ ਜਾਵੇਗਾ



ਸੁਰਜੀਤ

## ਗੁਰੂ ਨਾਨਕ ਦੇਵ ਵਰਸਿਟੀ ਨੇ ਕ੍ਰਿਕਟ ਚੈਂਪੀਅਨਸ਼ਿਪ ਜਿੱਤੀ

ਅੰਮ੍ਰਿਤਸਰ—ਮੇਜ਼ਬਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਕ੍ਰਿਕਟ(ਮਹਿਲਾ) ਚੈਂਪੀਅਨਸ਼ਿਪ ਜਿੱਤ ਲਈ ਹੈ। ਉਨ੍ਹਾਂ ਨੇ ਇਹ ਚੈਂਪੀਅਨਸ਼ਿਪ ਦਸਾਂ ਸਾਲਾਂ ਦੇ ਸਮੇਂ ਬਾਅਦ ਜਿੱਤੀ। ਇਹ ਮੁਕਾਬਲੇ ਯੂਨੀਵਰਸਿਟੀ ਕੈਂਪਸ ਵਿਚ ਸਮਾਪਤ ਹੋਏ।

ਫਾਈਨਲ ਮੈਚ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸਮਾਨੀਆ ਯੂਨੀਵਰਸਿਟੀ ਨੂੰ 9 ਵਿਕਟਾਂ ਨਾਲ ਕਰਾਰੀ ਹਾਰ ਦਿਤੀ। ਇਨ੍ਹਾਂ ਮੁਕਾਬਲਿਆਂ ਦੇ ਆਖਰੀ ਸਮਾਗਮ ਦੀ ਪ੍ਰਧਾਨਗੀ ਅੰਮ੍ਰਿਤਸਰ, ਜ਼ਿਲੇ ਦੇ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਨੇ ਕੀਤੀ ਅਤੇ ਜੇਤੂਆਂ ਨੂੰ ਇਨਾਮ ਵੰਡੇ।

## ਬਰਜਿੰਦਰ ਕਾਲਜ ਵਾਲੀਬਾਲ ਚੈਂਪੀਅਨ

ਕੋਟਕਪੂਰਾ—ਸਰਕਾਰੀ ਬਰਜਿੰਦਰ ਕਾਲਜ, ਫਰੀਦਕੋਟ ਦੀ ਵਾਲੀਬਾਲ ਟੀਮ ਨੇ ਜ਼ਿਲਾ ਵਾਲੀਬਾਲ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਮੱਤਾ ਕਲੱਬ ਨੂੰ 15-10, 15-7 ਅਤੇ 15-6 ਨਾਲ ਹਰਾ ਕੇ ਚੈਂਪੀਅਨਸ਼ਿਪ ਜਿੱਤ ਲਈ।

ਜ਼ਿਲਾ ਵਾਲੀਬਾਲ ਐਸੋਸੀਏਸ਼ਨ ਵਲੋਂ ਕਰਾਈ ਗਈ ਇਸ ਚੈਂਪੀਅਨਸ਼ਿਪ ਵਿਚ 8 ਟੀਮਾਂ ਨੇ ਹਿਸਾ ਲਿਆ। ਸੈਮੀ ਫਾਈਨਲ ਮੈਚਾਂ ਵਿਚ ਹਰੀ ਕੇ ਕਲਾਂ ਕਲੱਬ ਨੂੰ ਬਰਜਿੰਦਰ ਕਾਲਜ ਨੇ ਅਤੇ ਬਲਬੀਰ ਕਲੱਬ, ਫਰੀਦਕੋਟ ਨੂੰ ਮੱਤਾ ਕਲੱਬ ਨੇ ਹਰਾਇਆ।

## ਦਾਖਾ ਕਾਲਜ ਫਾਈਨਲ 'ਚ

ਲੁਧਿਆਣਾ—ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਾਖਾ ਨੇ ਪੰਜਾਬ ਯੂਨੀਵਰਸਿਟੀ ਫੁੱਟਬਾਲ ਚੈਂਪੀਅਨਸ਼ਿਪ ਦੇ ਜ਼ੋਨਲ ਸੈਮੀ ਫਾਈਨਲ ਵਿਚ ਗੋਬਿੰਦ ਨੈਸ਼ਨਲ ਕਾਲਜ, ਨਾਰੰਗਵਾਲ ਨੂੰ 1-0 ਗੋਲ ਨਾਲ ਹਰਾ ਦਿਤਾ। ਜੇਤੂ ਟੀਮ ਵਲੋਂ ਇਕ ਗੋਲ ਗੁਰਜੀਤ ਸਿੰਘ ਨੇ ਕੀਤਾ।

ਹੁਸਨੇ ਸੀਰਤ ਵੀ ਤੋ ਦੇਖੋ ਸੂਰਤ ਪੇ ਕਿਉਂ ਜਾਤੇ ਹੋ
ਦਿਲ ਕੋ ਹਰਾਰਤ ਪਹੁੰਚਾਤੀ ਹੈ ਕਿਆ ਗੋਰੀ ਕਿਆ ਕਾਲੀ ਧੂਪ

(ਪੰਨਾ 19 ਦੀ ਬਾਕੀ)

—ਮੈਨੂੰ ਅਜਿਹੀ ਕੋਈ ਪ੍ਰੇਸ਼ਾਨੀ ਨਹੀਂ ਡਾਂਸ ਕਰਨ ਵਿਚ। ਨਾ ਮੈਨੂੰ ਉਲਝਣ ਦਾ ਅਹਿਸਾਸ ਹੁੰਦਾ ਹੈ, ਨਾ ਨੀਰਸਤਾ ਦਾ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਮੈਂ ਜਿਸ ਤਰ੍ਹਾਂ ਦੇ ਵਾਤਾਵਰਣ ਵਿਚ ਪਲਿਆ ਤੇ ਵੱਡਾ ਹੋਇਆ ਹਾਂ, ਉਹ ਉਸ ਵਾਤਾਵਰਣ ਤੋਂ ਬਿਲਕੁਲ ਭਿੰਨ ਹੈ
ਜਿਸ ਵਿਚ ਡੈਡੀ ਦੀ ਪਰਵਰਿਸ਼ ਹੋਈ ਸੀ। ਕਲੱਬ ਜਾਂ ਡਿਸਕੋਥਿਕ ਵਿਚ ਜਾਣਾ ਮਾਡਰਨ ਸਭਿਅਤਾ ਦਾ ਇਕ ਜ਼ਰੂਰੀ ਹਿਸਾ ਹੈ। ਫਿਰ ਅਭਿਨੇ ਦੀ ਜੋ ਮੈਂ ਥੋੜ੍ਹੀ

ਬਹੁਤ ਟਰੇਨਿੰਗ ਪ੍ਰਾਪਤ ਕੀਤੀ ਹੈ ਇਸ ਨਾਲ ਇਹ ਗੱਲ ਮੇਰੇ ਦਿਲ 'ਚ ਅੰਕਿਤ ਹੋ ਗਈ ਹੈ ਕਿ ਅਭਿਨੇਤਾ ਨੂੰ ਹਰ ਸੂਰਤ ਵਿਚ ਉਹੀ ਕਰਨਾ ਚਾਹੀਦਾ ਹੈ।
ਜਿਸ ਦੀ ਆਸ ਵਿਸ਼ੇਸ਼ ਹਾਲਤ ਵਿਚ ਸੰਬੰਧਿਤ ਕਰੈਕਟਰ ਤੋਂ ਕੀਤੀ ਜਾਂਦੀ ਹੈ। ਇਸ ਲਈ ਮੈਂ ਕਿਸੇ ਸ਼ਰਮ, ਝਿਜਕ ਜਾਂ ਬਚਾਓ ਬਿਨਾਂ ਵੱਡੀ ਸਹੂਲਤ ਨਾਲ ਬਹੁਤ ਹੀ ਮੂਰਖ ਤੇ ਉਪਹਾਸ-ਜਨਕ ਹਰਕਤਾਂ ਵੀ ਕਰ ਸਕਦਾ ਹਾਂ।
? ਧਰਮ ਨੇ ਮੈਨੂੰ ਦਸਿਆ ਸੀ ਕਿ ਤੁਹਾਡੇ ਨਾਲ ਕਿਸੇ ਹੀਰੋਇਨ ਵਿਚ ਹਿਸਾ ਵੰਡਾਉਣਾ ਉਹਨਾਂ ਨੂੰ ਬਹੁਤ ਬੁਰਾ ਲਗੇਗਾ। ਪਰ ਹੁਣ ਤੁਸੀਂ ਨਾਸਿਰ ਹੁਸੈਨ ਦੀ ਫਿਲਮ 'ਜ਼ਬਰਦਸਤ' ਵਿਚ ਜਯਾ ਪ੍ਰਦਾ ਨਾਲ ਕੰਮ ਕਰ ਰਹੇ ਹੋ ਜਿਹੜੀ ਤੁਹਾਡੇ ਡੈਡੀ ਦੀ ਹੀਰੋਇਨ (ਪ੍ਰਾਣ ਲਾਲ ਮਹਿਤਾ ਦੀ ਫਿਲਮ ਧਰਮ ਔਰ ਕਾਨੂੰਨ 'ਚ) ਵੀ ਹੈ?
—ਇਸ ਵਿਚ ਬੁਰਾਈ ਕੀ ਹੈ?
ਦੇਖੋ, ਜੇ ਮੈਂ ਕੋਈ ਫਿਲਮ ਸਵੀਕਾਰ ਕੀਤੀ ਹੈ ਤਾਂ ਇਸ ਦਾ ਮਤਲਬ ਇਹੀ ਹੈ ਕਿ ਮੈਨੂੰ ਉਹ ਫਿਲਮ ਚੰਗੀ ਲਗੀ ਹੈ, ਆਪਣਾ ਰੋਲ ਪਸੰਦ ਆਇਆ ਹੈ ਤੇ ਡਾਇਰੈਕਟਰ ਦੇ ਸੂਝਵਾਨ ਹੋਣ ਤੇ ਮੈਨੂੰ ਪੂਰਾ ਭਰੋਸਾ ਹੈ। ਤੇ ਫਿਲਮ ਲਈ ਹੀਰੋਇਨ ਚੁਣਨ ਦੀ ਗੱਲ ਮੈਂ ਨਿਰਦੇਸ਼ਕ ਤੇ ਹੀ ਛਡ ਦੇਵਾਂਗਾ। ਬਾਕੀ ਸਾਰੀ ਕਾਸਟ ਦਾ ਫੈਸਲਾ ਕਰਨਾ ਉਹਨਾਂ ਦਾ ਹੀ ਕੰਮ ਹੈ।

ਮੈਂ ਕੌਣ ਹੁੰਦਾ ਹਾਂ ਦਖਲ ਦੇਣ ਵਾਲਾ? ਇਸ ਨੂੰ ਕਿਉਂ ਮਹਤਵ ਦਿਤਾ ਜਾਏ?
? ਤਾਂ ਕੀ ਅੰਮ੍ਰਿਤਾ ਸਿੰਘ ਨਾਲ ਵੀ ਤੁਹਾਡਾ ਸੰਬੰਧ ਬਿਲਕੁਲ ਪ੍ਰੋਫੈਸ਼ਨਲ ਕਿਸਮ ਦਾ ਹੈ? ਕੀ ਇਸ ਵਿਚ ਜਾਤੀ ਗੱਲਾਂ ਦਾ ਕੋਈ ਦਖਲ ਨਹੀਂ ਹੈ? ਲੋਕਾਂ ਨੇ ਤਾਂ ਪਰਦੇ ਤੋਂ ਦੂਰ ਵੀ ਇਕ ਦੂਸਰੇ ਨਾਲ ਤੁਹਾਨੂੰ ਦੇਖਿਆ ਹੈ?
—ਮੈਂ ਮੰਨਦਾ ਹਾਂ ਕਿ ਅੰਮ੍ਰਿਤਾ ਸਿੰਘ ਨਾਲ ਮੇਰੀ ਦੋਸਤੀ ਹੈ। ਮੈਂ ਇਹ ਵੀ ਮੰਨਦਾ ਹਾਂ ਕਿ ਅਸੀਂ ਦੋਨੋਂ ਕੇਵਲ ਦੋ ਪ੍ਰੋਫੈਸ਼ਨਲ ਆਰਟਿਸਟਾਂ ਦੀ ਹੈਸੀਅਤ ਨਾਲ ਨਹੀਂ ਮਿਲਦੇ। ਪਰ ਇਸ ਦੇ ਨਾਲ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਸਾਡੇ ਵਿਚ ਰੁਮਾਂਸ ਆਦਿ ਦਾ ਕੋਈ ਚੱਕਰ ਨਹੀਂ ਹੈ।
? ਜਿਸ ਤਰ੍ਹਾਂ ਤੁਸੀਂ ਸਿਗਰਟ ਤੇ ਸ਼ਰਾਬ ਦੇ ਵਿਰੋਧੀ ਹੋ, ਕੀ ਉਸੇ ਤਰ੍ਹਾਂ ਇਸ਼ਕਬਾਜ਼ੀ ਤੇ ਰੁਮਾਂਸ ਦੇ ਵੀ ਵਿਰੋਧੀ ਹੋ?
—ਸ਼ਰਾਬ, ਸਿਗਰਟ ਦੇ ਖਿਲਾਫ ਮੇਰੇ ਦਿਲ ਵਿਚ ਕੋਈ ਵੈਰ ਨਹੀਂ ਹੈ ਅਤੇ ਉਹਨਾਂ ਲੋਕਾਂ ਤੋਂ ਵੀ ਮੈਨੂੰ ਨੀਰਸਤਾ ਨਹੀਂ ਹੁੰਦੀ ਜਿਹਨਾਂ ਨੂੰ ਇਹਨਾਂ ਚੀਜ਼ਾਂ ਦਾ ਸ਼ੌਕ ਹੈ। ਪਰ ਮੇਰੀ ਗੱਲ ਵਖਰੀ ਹੈ।
ਮੈਂ ਜਦੋਂ ਵੀ ਇਕ ਅੱਧੀ ਵਾਰ ਸਿਗਰਟ ਜਾਂ ਸ਼ਰਾਬ ਨੂੰ ਮੂੰਹ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਬਹੁਤ ਬੁਰਾ ਲਗਿਆ। ਜਿਥੋਂ ਤਕ ਰੁਮਾਂਸ ਅਤੇ ਇਸ਼ਕ-ਬਾਜ਼ੀ ਦਾ ਸੰਬੰਧ ਹੈ, ਇਹ ਗੱਲਾਂ ਜਵਾਨੀ ਦੀ ਸ਼ੁਰੂਆਤ ਦਾ ਜ਼ਰੂਰੀ ਅੰਗ ਅਤੇ ਤਕਾਜ਼ਾ ਹਨ। ਆਖਿਰ ਇਸ਼ਕਬਾਜ਼ੀ ਵਿਚ ਹਰਜ਼ ਵੀ ਕੀ ਹੈ? ਸ਼ਰਤ ਕੇਵਲ ਇਹ ਹੈ ਕਿ ਇਸ ਨਾਲ ਕਿਸੇ ਦਾ ਕੋਈ 'ਨੁਕਸਾਨ' ਨਾ ਹੋਵੇ।
ਉਦਾਹਰਣ ਵਜੋਂ ਜਦੋਂ ਕਿਸੇ ਦੀਆਂ 6 ਗਰਲ ਫਰੈਂਡਜ਼ ਹਨ ਅਤੇ ਇਹਨਾਂ ਸਾਰੀਆਂ

ਨੂੰ ਇਸ ਗੱਲ ਦਾ ਪਤਾ ਹੈ ਤਾਂ ਉਹ ਮਜ਼ੇ ਨਾਲ ਫਲਰਟ ਕਰਦਾ ਰਹੇ। ਹਾਂ, ਜੇ ਆਦਮੀ ਕਿਸੇ ਨੂੰ ਧੋਖੇ ਵਿਚ ਰਖੇ, ਇਕ ਤੋਂ ਛੁਪਾ ਕੇ ਦੂਜੀ ਨਾਲ ਇਸ਼ਕ-ਪੇਚੇ ਲੜਾਉਂਦਾ ਰਹੇ ਤਾਂ ਇਹ ਜ਼ਰੂਰ ਗਲਤ ਗੱਲ ਹੋਵੇਗੀ।
? ਆਪਣੇ ਡੈਡੀ ਦੀ ਦੂਜੀ ਸ਼ਾਦੀ ਬਾਰੇ ਹੁਣ ਤੁਸੀਂ ਕੀ ਸੋਚਦੇ ਹੋ ਜਦ ਖੁਦ ਫਿਲਮਾਂ 'ਚ ਆ ਗਏ ਹੋ?
—ਦੇਖੋ, ਇਹ ਬਿਲਕੁਲ ਵਿਅਕਤੀਗਤ ਕਿਸਮ ਦਾ ਸਵਾਲ ਹੈ। ਮੇਰਾ ਖਿਆਲ ਹੈ ਕਿ ਕਿਸੇ ਹੋਰ ਦੇ ਕੰਮਾਂ ਬਾਰੇ ਫੈਸਲਾ ਦੇਣ ਦਾ ਮੈਨੂੰ ਕੋਈ ਹੱਕ ਨਹੀਂ। ਜੋ ਕੁਝ ਡੈਡੀ ਨੇ ਕੀਤਾ, ਉਹਨਾਂ ਦਾ ਆਪਣਾ ਅਨੁਭਵ, ਉਹਨਾਂ ਦਾ ਆਪਣਾ ਮਾਮਲਾ ਹੈ।
ਸਪਸ਼ਟ ਹੈ, ਉਹਨਾਂ ਦੇ ਜਜ਼ਬਾਤ, ਪ੍ਰਤੀਕਿਰਿਆ, ਉਹਨਾਂ ਦੀਆਂ ਭਾਵਨਾਵਾਂ ਨੂੰ ਮੈਂ ਠੀਕ ਠੀਕ ਸਮਝ ਹੀ ਨਹੀਂ ਸਕਦਾ। ਵੈਸੇ ਵੀ ਮੇਰੀ ਉਮਰ ਏਨੀ ਛੋਟੀ ਹੈ ਕਿ ਅਜਿਹੀਆਂ ਗੱਲਾਂ ਮੇਰੀ ਸਮਝ ਵਿਚ ਹੀ ਨਹੀਂ ਆ ਸਕਦੀਆਂ। ਕੋਈ ਵੀ ਵਿਅਕਤੀ ਉਸ ਸਥਿਤੀ ਤੋਂ ਪੂਰੇ ਤੌਰ ਤੇ ਜਾਣੂ ਨਹੀਂ ਹੋ ਸਕਦਾ ਜੋ ਕਿਸੇ ਹੋਰ ਵਿਅਕਤੀ ਦੇ ਦਿਲ ਤੇ ਗੁਜ਼ਰ ਰਹੀ ਹੋਵੇ।
ਦੂਸਰੇ ਜੋ ਕੁਝ ਕਰਦੇ ਹਨ, ਉਹਨਾਂ ਬਾਰੇ ਰਾਇ ਦੇਣ ਜਾਂ ਫੈਸਲਾ ਕਰਨ ਦਾ ਹੱਕ ਮੇਰੇ ਖਿਆਲ ਵਿਚ ਕਿਸੇ ਨੂੰ ਵੀ ਨਹੀਂ ਪਹੁੰਚਦਾ। ਕੋਈ ਵਿਅਕਤੀ ਵੀ ਪਸੰਦ ਨਹੀਂ ਕਰੇਗਾ ਕਿ ਦੂਜੇ ਉਸਦੇ ਕੰਮਾਂ ਬਾਰੇ ਘੋਖ ਰਖਣ ਜਾਂ ਉਹਨਾਂ ਬਾਰੇ ਫੈਸਲੇ ਸੁਣਾਉਣ। ਮੇਰੇ ਲਈ ਅਸਲੀ ਮਹੱਤਵ ਇਸ ਗੱਲ ਦਾ ਹੈ ਕਿ ਮੇਰੇ ਡੈਡੀ ਸਦਾ ਆਦਰਸ਼ ਕਿਸਮ ਦੇ ਪਿਤਾ ਰਹੇ ਹਨ।
ਉਨ੍ਹਾਂ ਕੋਲੋਂ ਮੈਨੂੰ ਉਨ੍ਹਾਂ ਨਾਲੋਂ ਵੀ ਵਧ ਪ੍ਰਾਪਤ ਹੋਇਆ ਹੈ ਜਿਸਦੀ ਕੋਈ ਵੀ ਬੇਟਾ ਆਪਣੇ ਬਾਪ ਕੋਲੋਂ ਆਸ ਰਖ ਸਕਦਾ ਹੈ।
? ਲਗਦਾ ਹੈ ਧਰਮ ਦਾ ਤੁਹਾਡੇ ਤੇ ਕੋਈ ਰੋਹਬ ਹੈ?
—ਰੋਹਬ ਤਾਂ ਸਚਮੁਚ ਹੈ। ਮੈਂ ਸਚਮੁਚ ਉਨ੍ਹਾਂ ਕੋਲੋਂ ਡਰਦਾ ਹਾਂ।
? ਅਜਿਹੀ ਹਾਲਤ ਵਿਚ ਤੁਸੀਂ ਖੁਦ ਨੂੰ ਸ਼ਾਇਦ ਆਪਣੀ ਮੰਮੀ ਨੇੜੇ ਜ਼ਿਆਦਾ ਮਹਿਸੂਸ ਕਰਦੇ ਹੋਵੋਗੇ। ਇਹ ਦਸੋ ਕਿ ਆਪਣੇ ਡੈਡੀ ਨੂੰ ਦਿਲ ਦੀ ਗਲ ਦਸਣ ਲਗਿਆਂ ਝਿਜਕ ਮਹਿਸੂਸ ਨਹੀਂ ਹੁੰਦੀ?
—ਜਿਥੋਂ ਤਕ ਕਰੀਬ ਹੋਣ ਦਾ ਸਬੰਧ ਹੈ, ਮੈਂ ਖੁਦ ਨੂੰ ਮਾਂ ਅਤੇ ਪਿਤਾ ਦੋਨਾਂ ਦੇ ਹੀ ਕਰੀਬ ਅਨੁਭਵ ਕਰਦਾ ਹਾਂ। ਪਰ ਮਾਂ ਨਾਲ ਇਹ ਨੇੜਤਾ ਕੁਝ ਵਧੇਰੇ ਹੀ ਹੈ। ਇਹੀ ਕਾਰਣ ਹੈ ਕਿ ਡੈਡੀ ਕੋਲ ਜਦ ਮੈਂ ਕੋਈ ਫਰਮਾਇਸ਼ ਕਰਨੀ ਹੁੰਦੀ ਹੈ ਤਾਂ ਬਸ ਮੰਮੀ ਨੂੰ ਦਸ ਦਿੰਦਾ ਹਾਂ ਅਤੇ ਉਹਨਾਂ ਦਵਾਰਾ ਮੇਰੀ ਫਰਮਾਇਸ਼ ਪੂਰੀ ਹੋ ਜਾਂਦੀ ਹੈ।



ਸੁਨੀਲ ਗਵਾਸਕਰ

## ਸੁਨੀਲ ਗਵਾਸਕਰ ਦਾ ਤੀਹਵਾਂ ਸੈਂਕੜਾ

ਨਵੀਂ ਦਿੱਲੀ—ਭਾਰਤ ਇਸ ਵੇਰ ਵੈਸਟ ਇੰਡੀਜ਼ ਤੋਂ ਕ੍ਰਿਕਟ ਮੈਚਾਂ ਦੀ ਲੜੀ ਵਿਚ ਸਾਰੇ ਮੈਚਾਂ ਵਿਚ ਹੀ ਬੁਰੀ ਤਰ੍ਹਾਂ ਹਾਰਿਆ ਹੈ ਪਰ ਮਦਰਾਸ ਵਿਚ ਹੋ ਰਹੇ ਛੇਵੇਂ ਅਤੇ ਆਖਰੀ ਮੈਚ ਵਿਚ ਸੁਨੀਲ ਗਵਾਸਕਰ ਨੇ ਤੀਹਵੀਂ ਸੈਂਚਰੀ ਬਣਾ ਕੇ ਆਪਣੇ ਆਪ ਨੂੰ ਦੁਨੀਆਂ ਵਿਚ ਸਭ ਤੋਂ ਵੱਧ ਸੈਂਕੜੇ ਬਣਾਉਣ ਵਾਲੇ ਵਿਅਕਤੀ ਦੀ ਹੈਸੀਅਤ ਵਿਚ ਕ੍ਰਿਕਟ ਦੇ ਖੇਤਰ ਵਿਚ ਸ਼ੋਹਰਤ ਦੀ ਉਚੀ ਚੋਟੀ ਤੇ ਖੜਾ ਕਰ ਲਿਆ ਹੈ।

## ਜਸਬੀਰ ਸਿੰਘ ਅੱਵਲ

ਜਗਰਾਉਂ—ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਏ ਪੰਜਾਬ ਸਕੂਲ ਖੇਡ ਮੁਕਾਬਲਿਆਂ ਦੌਰਾਨ ਸਰਕਾਰੀ ਹਾਈ ਸਕੂਲ ਮਲਕ ਤਹਿਸੀਲ ਜਗਰਾਉਂ ਦਾ ਇਕ ਵਿਦਿਆਰਥੀ ਜਸਵੀਰ ਸਿੰਘ ਡਿਸਕਸ ਥਰੋ ਪ੍ਰਤੀਯੋਗਤਾ ਵਿਚ ਜ਼ਿਲਾ ਲੁਧਿਆਣਾ ਚੋਂ ਪ੍ਰਥਮ ਅਤੇ ਪੰਜਾਬ ਵਿਚੋਂ ਤੀਸਰੇ ਸਥਾਨ ਤੇ ਰਿਹਾ।


ਜਗਦੀਸ਼ ਸਿੰਘ
ਨੋਟਰੀ ਪਬਲਿਕ

ਨਵਾਂ ਸਾਲ ਮੁਬਾਰਕ — ਨਵਾਂ ਸਾਲ ਮੁਬਾਰਕ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears)
Burnaby, B.C. V5H 2C8
PHONE—Off. 433-8366
Res. 324-4160
ਸਮਾਂ: ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)



JIM PATTISON
Pontiac Buick GMC TRUCKS
JIM PATTISON ON MAIN
SERVICE AFTER SALE
GM
1984 ਦੀਆਂ ਨਵੀਆਂ ਕੈਡਲਿਕ ਖਰੀਦੋ
ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ
PARLAD GILL



BUS. 879-4233 3434 MAIN ST. VANCOUVER, B.C. RES. 435-1834
ਨਵੇਂ ਸਾਲ ਦੀ ਮੁਬਾਰਕ

# ਫ਼ਿਲਮ ਦਰਪਣ

# ਮੈਨੂੰ ਡੈਡੀ ਦੇ ਅਰਮਾਨਾਂ ਦੀ ਪੂਰੀ ਕਦਰ ਹੈ — ਸੰਨੀ ਦਿਓਲ

ਸਾਡੀ ਬੰਬਈ ਫਿਲਮ ਇੰਡਸਟਰੀ ਵਿਚ ਸਭ ਤੋਂ ਵੱਡੀ ਗੱਲ ਜਿਹੜੀ ਵਾਪਰੀ ਹੈ, ਉਹ ਇਹ ਕਿ ਤੁਹਾਨੂੰ ਜੁਹੂ ਦੀ ਗਿਆਰ੍ਹਵੀਂ ਰੋਡ ਤੇ ਬੰਗਲਾ ਨੰ: 22 ਵਿਚ ਦੋ ਅਜਿਹੀਆਂ ਸ਼ਖ਼ਸੀਅਤਾਂ ਦੇ ਦਰਸ਼ਨ ਹੋਣਗੇ ਤੇ ਤੁਸੀਂ ਇਹ ਸੋਚਣ ਲਈ ਮਜਬੂਰ ਹੋ ਜਾਓਗੇ ਕਿ ਹੀਰੋਇਨ ਪੂਨਮ ਢਿਲੋਂ ਨਾਲ ਦੋਹਾਂ ਵਿਚੋਂ ਕਿਸ ਨੂੰ ਹੀਰੋ ਸਾਈਨ ਕੀਤਾ ਜਾਵੇ।

ਇਹ ਸ਼ਖ਼ਸੀਅਤਾਂ ਆਪਸ ਵਿਚ ਭਰਾ ਵੀ ਨਹੀਂ ਲਗਦੀਆਂ। ਇਥੇ ਹੀ ਬਸ ਨਹੀਂ, ਤੁਸੀਂ ਉਹਨਾਂ ਦੀ ਜੋੜੀ ਰੱਤੀ ਅਗਨੀਹੋਤਰੀ ਜਯਾ ਪ੍ਰਦਾ ਸ੍ਰੀ ਦੇਵੀ ਅਤੇ ਦੂਜੀਆਂ 'ਏ' ਗਰੇਡ ਦੀਆਂ ਅਭਿਨੇਤਰੀਆਂ ਨਾਲ ਵੀ ਬਣਾ ਸਕਦੇ ਹੋ—ਇਹ ਦੋ 'ਵਿਰੋਧੀ' ਸ਼ਖ਼ਸੀਅਤਾਂ ਹਨ ਸਟਾਰ ਪਿਉ ਧਰਮਿੰਦਰ ਤੇ ਸਟਾਰ-ਪੁਤਰ ਸੰਨੀ ਦਿਓਲ। ਦੋਹਾਂ ਨੂੰ ਇਕੋ ਤਰ੍ਹਾਂ ਦੀਆਂ ਰੁਮਾਂਟਿਕ ਭੂਮਿਕਾਵਾਂ ਮਿਲ ਰਹੀਆਂ ਹਨ। ਇਸ ਤਰ੍ਹਾਂ ਪਿਉ-ਪੁਤਰ ਦੇ ਸੰਬੰਧ ਵਿਚ ਅਜਿਹੀ ਗੱਲ ਸਾਡੀ ਫਿਲਮ ਇੰਡਸਟਰੀ ਵਿਚ ਪਹਿਲੀ ਵਾਰ ਵਾਪਰੀ ਹੈ।

ਫਿਲਮ ਨਿਰਮਾਤਾਵਾਂ ਨੂੰ ਸਟਾਰ-ਪੁਤਰਾਂ ਤੋਂ ਜਿਹੜੀ ਨਿਰਾਸ਼ਾ ਹੋ ਰਹੀ ਸੀ, ਉਨ੍ਹਾਂ ਦੀ ਨਿਰਾਸ਼ਾ ਨੂੰ ਆਸ਼ਾ ਵਿਚ ਬੰਨ੍ਹਣ ਵਾਲਾ ਇਕੋ-ਇਕ ਸਟਾਰ ਪੁਤਰ ਸੰਨੀ ਦਿਓਲ ਹੀ ਹੈ। ਸੰਨੀ ਸਚਮੁਚ ਆਦਰਸ਼ ਕਿਸਮ ਦਾ ਸਟਾਰ ਪੁਤਰ ਸਿਧ ਹੋਇਆ ਹੈ। ਆਪਣੇ ਪਿਤਾ ਧਰਮਿੰਦਰ ਵਾਂਗ ਉਸਦਾ ਵੀ ਲਚਕੀਲਾ (ਭਾਵਹੀਨ ਅਤੇ ਠੋਸ ਦੇ ਉਲਟ) ਚਿਹਰਾ ਹੈ।

ਭਾਵਨਾਵਾਂ ਦੇ ਭਰਪੂਰ ਪ੍ਰਦਰਸ਼ਨ ਲਈ ਅਜਿਹਾ ਚਿਹਰਾ ਹੋਣਾ ਬਹੁਤ ਜ਼ਰੂਰੀ ਹੈ। ਫਿਰ ਉਸ ਦੀ ਸ਼ਖ਼ਸੀਅਤ ਵੀ ਕਸਰਤੀ, ਰਿਸ਼ਟ-ਪੁਸ਼ਟ, ਤੇ ਸ਼ਾਨਦਾਰ ਹੈ। ਪਿਤਾ ਨਾਲ ਉਸਦੀ ਸਮਰੂਪਤਾ-ਸੂਰਤ, ਸ਼ਕਲ ਅਤੇ ਸਰੀਰ ਤਕ ਹੀ ਸੀਮਤ ਨਹੀਂ, ਉਸਦੀ ਮੁਸਕ੍ਰਾਹਟ, ਉਸ ਦੇ ਦੇਖਣ-ਭਾਕਣ ਦਾ ਅੰਦਾਜ਼. ਉਸ ਦੀ ਆਵਾਜ਼ ਅਤੇ ਸੰਵਾਦ ਬੋਲਣ ਦਾ ਢੰਗ ਵੀ ਧਰਮਿੰਦਰ ਨਾਲ ਮਿਲਦਾ ਜੁਲਦਾ ਹੈ।

ਉਹ ਸਮੁੰਦਰ ਪਾਰ ਰਹਿ ਆਇਆ ਹੈ ਅਤੇ ਵਿਦਿਆ ਵੀ ਪ੍ਰਾਪਤ ਕਰ ਚੁਕਾ ਹੈ। ਇਸ ਲਈ ਅੰਗਰੇਜ਼ੀ ਵਿਚ ਉਸਦੀ ਜਾਣਕਾਰੀ ਸਿਰਫ ਮਾਮੂਲੀ ਨਹੀਂ ਰਹੀ। ਫਿਰ ਉਸਨੂੰ ਇਹ ਹੁਨਰ ਵੀ ਆਉਂਦਾ ਹੈ ਕਿ ਉਸਨੂੰ ਕਿੰਨਾ ਬੋਲਣਾ ਚਾਹੀਦਾ ਹੈ ਤੇ ਕਿਥੇ ਜ਼ੁਬਾਨ ਨੂੰ ਬੰਦ ਕਰਨਾ ਹੈ।

ਉਦਾਹਰਣ ਵਜੋਂ, ਜਦੋਂ ਮੈਂ ਉਸਨੂੰ ਅੰਮ੍ਰਿਤਾ ਸਿੰਘ ਬਾਰੇ ਇਕ ਸਵਾਲ ਪੁਛਿਆ ਤਾਂ ਉਸਨੇ ਬਹੁਤ ਬੇਪ੍ਰਵਾਹੀ ਨਾਲ ਮੇਰੇ ਪ੍ਰਸ਼ਨ ਦਾ ਉਤਰ ਦਿਤਾ ਪਰ ਜਦ ਮੈਂ ਉਸ ਕੋਲ ਹੇਮਾ ਮਾਲਿਨੀ ਦਾ ਜ਼ਿਕਰ ਛੇੜਿਆ ਤਾਂ ਉਹ ਤੁਰੰਤ ਚੌਕੰਨਾ ਤੇ ਸੁਚੇਤ ਹੋ ਗਿਆ।

ਉਸਨੇ ਮੇਰੇ ਸਵਾਲ ਦਾ ਉਤਰ ਤਾਂ ਦਿਤਾ ਪਰ ਡਿਪਲੋਮੇਸੀ ਨਾਲ, ਆਪਣੀ ਜ਼ੁਬਾਨ ਤੋਂ ਹੇਮਾ ਮਾਲਿਨੀ ਦਾ ਨਾਂ ਲਏ ਬਿਨਾਂ। ਮੇਰਾ ਪਹਿਲਾ ਸਵਾਲ ਸੰਨੀ ਦੀ ਪਹਿਲੀ ਫਿਲਮ ਬਾਰੇ ਹੀ ਸੀ : ਆਪਣੀ ਪਹਿਲੀ ਫਿਲਮ 'ਬੇਤਾਬ' ਦੇ ਹਿਟ ਹੋ ਜਾਣ ਤੇ ਤੁਹਾਨੂੰ ਕੀ ਮਹਿਸੂਸ ਹੋਇਆ ? ਆਪਣੀ ਸਫਲਤਾ ਦਾ ਤੁਸੀਂ ਜਸ਼ਨ ਆਦਿ ਵੀ ਮਨਾਇਆ ਕਿ ਨਹੀਂ ?





ਉਸ ਨੂੰ ਦੇਖਦਿਆਂ ਹੀ ਵੀਹ ਸਾਲ ਪਹਿਲਾ ਦਾ ਧਰਮਿੰਦਰ ਯਾਦ ਆ ਜਾਂਦਾ ਹੈ। ਫਰਕ ਕੇਵਲ ਏਨਾ ਹੈ ਕਿ ਪਰਦੇ ਤੇ ਅਤੇ ਪਰਦੇ ਤੋਂ ਦੂਰ ਸੰਨੀ ਜਿਸ ਵਿਸ਼ਵਾਸ਼ ਦਾ ਪ੍ਰਦਰਸ਼ਨ ਕਰਦਾ ਹੈ, ਧਰਮਿੰਦਰ ਨੂੰ ਇਹ ਆਰੰਭਿਕ ਦੌਰ ਵਿਚ ਪ੍ਰਾਪਤ ਨਹੀਂ ਸੀ। ਪਰ ਇਸ ਤਰ੍ਹਾ ਦੇ ਫਰਕ ਤੇ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਧਰਮਿੰਦਰ ਜਦੋਂ ਫਿਲਮਾਂ ਵਿਚ ਆਪਣੀ ਕਿਸਮਤ ਅਜ਼ਮਾਉਣ ਲਈ ਬੰਬਈ ਆਇਆ ਸੀ ਤਾ ਉਹ ਇਕ ਪਿੰਡੋਂ ਆਇਆ ਇਕ ਸਕੂਲ ਮਾਸਟਰ ਦਾ ਲੜਕਾ ਸੀ। ਉਹ ਚੰਗੇ ਪੱਧਰ ਦੀ ਢੰਗ ਨਾਲ ਵਿਦਿਆ ਪ੍ਰਾਪਤ ਨਹੀਂ ਸੀ ਕਰ ਸਕਿਆ। ਉਸ ਦੀ ਦੇਖ-ਭਾਲ ਤੇ ਪਾਲਣ-ਪੋਸਣ ਵੀ ਖੁਸ਼ਹਾਲੀ ਦੇ ਵਾਤਾਵਰਣ ਵਿਚ ਨਹੀਂ ਸੀ ਹੋਈ।

ਸੰਨੀ ਫਿਲਮ ਸਟਾਰ ਦਾ ਪੁਤਰ ਹੋਣ ਕਰਕੇ ਸਾਰੀਆਂ ਸਹੂਲਤਾਂ ਦਾ ਲਾਭ ਉਠਾਉਂਦਾ ਰਿਹਾ। ਇਸ ਲਈ ਗੱਲਬਾਤ ਕਰਦੇ ਸਮੇਂ ਜੇ ਉਹ ਸਾਡੀਆਂ ਉਮੀਦਾਂ ਤੇ ਪੂਰਾ ਉਤਰ ਰਿਹਾ ਹੈ ਤਾਂ ਇਸ ਵਿਚ ਨਾ ਕੋਈ ਅਸਾਧਾਰਣ ਗੱਲ ਹੈ ਤੇ ਨਾ ਹੀ ਹੈਰਾਨੀਜਨਕ। ਜੇ ਕੋਈ ਪਿਤਾ ਅਸਾਧਾਰਣ ਹੈ ਤਾਂ ਇਹ ਕਿ ਉਸ ਦੇ ਸੁਭਾਅ ਵਿਚ ਵੀ ਹੰਕਾਰ ਦਾ ਨਹੀਂ, ਸ਼ਲੀਨਤਾ ਅਤੇ ਵਿਨੀਤਤਾ ਦਾ ਰੰਗ ਝਲਕਦਾ ਹੈ।

ਇਸ ਦਾ ਕਾਰਣ ਉਹ ਟਰੇਨਿੰਗ ਹੈ ਜੋ ਉਸ ਨੂੰ ਆਪਣੇ ਪਿਤਾ ਕੋਲੋਂ ਮਿਲੀ ਹੈ ਜਿਸ ਚ ਪਰੰਪਰਿਕ ਮੁਲਾਂ ਨੂੰ ਪੂਰੀ ਤਰ੍ਹਾਂ ਸਾਂਭ ਕੇ ਰਖਿਆ ਗਿਆ ਹੈ। ਕੁਝ ਸਾਲ ਪਹਿਲਾਂ ਤਕ ਧਰਮ ਅੰਗਰੇਜ਼ੀ ਵਿਚ ਰਵਾਨੀ ਨਾਲ ਗੱਲਬਾਤ ਨਹੀਂ ਕਰ ਸਕਦਾ ਸੀ। ਇਸ ਲਈ ਖੁਲ੍ਹਕੇ, ਆਜ਼ਾਦੀ ਨਾਲ ਉਹ ਕਿਸੇ ਵੀ ਵਿਸ਼ੇ ਤੇ ਸਲਾਹ-ਦੇਣ ਤੋਂ ਅਸਮਰਥ ਰਹਿੰਦਾ ਸੀ।

ਪਰ ਉਸ ਦੀ ਇਹ ਕਮੀ ਵੀ ਇਕ ਵਡੀ ਵਿਸ਼ੇਸ਼ਤਾ ਮੰਨੀ ਜਾਣ ਲਗ ਪਈ ਸੀ। ਲੋਕ ਉਸ ਦੀ ਝਿਜਕ ਨੂੰ ਦੇਖ ਕੇ ਇਹੀ ਸਮਝਦੇ ਸਨ ਕਿ ਵਿਚਾਰਾ ਬਹੁਤ ਸ਼ਰਮੀਲਾ ਹੈ, ਬਹੁਤ ਨਰਵਸ ਹੈ। ਪਰ ਉਸ ਸਮੇਂ ਉਸਦੀ ਸਾਰੀ ਝਿਜਕ ਗਾਇਬ ਹੋ ਜਾਂਦੀ ਸੀ ਜਦੋਂ ਉਹ ਹਿੰਦੀ ਜਾਂ ਪੰਜਾਬੀ ਬੋਲਦਾ ਸੀ। ਸੰਨੀ ਦਾ ਮਸਲਾ ਇਸ ਨਾਲ ਵਖਰਾ ਹੈ।

—ਮੈਂ ਬਹੁਤ ਖੁਸ਼ ਹਾਂ। ਰਿਲੀਜ਼ ਵਾਲੇ ਦਿਨ ਮੈਂ ਗੇਟੀ (ਸਿਨਮਾ) ਪਹੁੰਚ ਗਿਆ ਸੀ। ਉਥੇ ਕੁਝ ਦੇਰ ਤਕ ਦਰਸ਼ਕਾਂ ਨਾਲ ਬੈਠਾ ਰਿਹਾ। ਉਹਨਾਂ ਦੀ ਪ੍ਰਸੰਸਾ ਤੇ ਤਾੜੀਆਂ ਨਾਲ ਮੇਰਾ ਦਿਲ ਖਿੜ ਉਠਿਆ। ਪਰ ਉਸ ਤੋਂ ਅਗਲੇ ਹੀ ਦਿਨ ਮੈਨੂੰ 'ਸੋਹਣੀ ਮਹੀਂਵਾਲ' ਦੀ ਸ਼ੂਟਿੰਗ ਲਈ ਰੂਸ ਦੀ ਫਲਾਈਟ ਫੜਨੀ ਪਈ। ਉਥੋਂ ਹੀ ਕੁਝ ਦਿਨ ਹੋਏ ਮੈਂ ਪਰਤਿਆ ਹਾਂ।

? ਮੇਰੇ ਖਿਆਲ ਵਿਚ 'ਸੋਹਣੀ ਮਹੀਂਵਾਲ' ਵਿਚ ਜ਼ੀਨਤ ਅਮਾਨ ਵੀ ਤਾਂ ਹੈ। ਉਸਦੀ ਭੂਮਿਕਾ ਕੀ ਹੈ ?

—ਉਹ ਡਾਕੂ ਬਣੀ ਹੈ।

? ਡਾਕੂ ? ਕੀ ਉਸ ਕਹਾਣੀ ਵਿਚ ਕੋਈ ਔਰਤ ਡਾਕੂ ਵੀ ਹੈ ?

—ਦੇਖੋ, ਇਹ ਇਕ ਲੋਕ ਕਥਾ ਹੈ। ਲੋਕ ਕਥਾ ਨੂੰ ਫਿਲਮੀ ਰੂਪ ਦਿੰਦੇ ਸਮੇਂ ਆਦਮੀ ਨੂੰ ਇਸ ਵਿਚ ਥੋੜ੍ਹੀ ਬਹੁਤ ਤਬਦੀਲੀ ਕਰਨ ਦੀ ਛੋਟ ਜ਼ਰੂਰ ਮਿਲ ਸਕਦੀ ਹੈ।

? ਤੁਸੀਂ ਇਥੇ ਵੀ ਕੰਮ ਕਰ ਚੁਕੇ ਹੋ ਰੂਸ ਵਿਚ ਵੀ। ਇਥੇ ਅਤੇ ਉਥੇ ਕੰਮ ਕਰਨ ਦੇ ਢੰਗ ਵਿਚ ਤੁਹਾਨੂੰ ਕੋਈ ਫਰਕ ਮਹਿਸੂਸ ਹੋਇਐ ?

—ਕੋਈ ਖਾਸ ਫਰਕ ਨਹੀਂ ਮਹਿਸੂਸ ਹੋਇਆ। ਮੇਰਾ ਖਿਆਲ ਹੈ ਫਿਲਮ ਇੰਡਸਟਰੀ ਸਾਰੀ ਦੁਨੀਆਂ ਵਿਚ ਇਕੋ ਤਰ੍ਹਾਂ ਦੀ ਹੈ। ਫਿਰ ਉਮੇਸ਼ ਮਹਿਰਾ ਦੀ ਯੂਨਿਟ ਦੇ ਨਾਲ ਤਾਂ ਸਾਨੂੰ ਸਾਰਿਆਂ ਨੂੰ ਇਸ ਤਰ੍ਹਾਂ ਲਗਿਆ ਜਿਵੇਂ ਅਸੀਂ ਭਾਰਤ ਵਿਚ ਸ਼ੂਟਿੰਗ ਕਰ ਰਹੇ ਹੁੰਦੇ ਹਾਂ।

? ਇਸ ਫਿਲਮ ਦਾ ਰੂਸੀ ਸਹਿ-ਨਿਰਦੇਸ਼ਕ ਕੌਣ ਹੈ ਅਤੇ ਕਿੰਨੀ ਸ਼ੂਟਿੰਗ ਇਥੇ ਹੋਵੇਗੀ ਅਤੇ ਕਿੰਨੀ ਰੂਸ ਵਿ...

—ਉਹਨਾਂ ਦਾ ਨਾਂ ਛੇਜੋਵ ਹੈ। ਇਹ ਉਹ ਸਾਹਿਬ ਹਨ ਜਿਹਨਾਂ ਨੇ 'ਅਲੀ ਬਾਬਾ' ਵੀ ਡਾਇਰੈਕਟ ਕੀਤੀ ਸੀ। ਕਿਉਂਕਿ ਮਹੀਂਵਾਲ ਬੁਖਾਰਾ ਦਾ ਰਹਿਣ ਵਾਲਾ ਸੀ ਇਸ ਲਈ ਉਹ ਹਿਸਾ ਉਥੇ ਹੀ ਫਿਲਮਾਇਆ ਜਾਏਗਾ।

ਦੋ ਹਫਤਿਆਂ ਦੀ ਸ਼ੂਟਿੰਗ ਸ਼ਡਿਊਲ ਅਸੀਂ ਉਥੇ ਹੀ ਪੂਰੀ ਕਰ ਚੁਕੇ ਹਾਂ। ਇਕ ਹੋਰ ਸ਼ਡਿਊਲ ਉਥੇ ਪੂਰਾ ਕਰਾਂਗੇ। ਸੋਹਣੀ ਅਤੇ ਮਹੀਂਵਾਲ ਦੀ ਮੁਲਾਕਾਤ ਪੰਜਾਬ ਵਿਚ ਹੋਈ ਸੀ, ਇਸ ਲਈ ਉਹ ਹਿਸਾ ਇਥੇ ਹੀ ਫਿਲਮਾਇਆ ਜਾਏਗਾ। ਨਵੰਬਰ ਵਿਚ ਕਿਸੇ ਸਮੇਂ ਇਥੇ ਸ਼ੂਟਿੰਗ ਹੋਵੇਗੀ ਤੇ ਇਸ ਨਾਲ ਹੀ ਸਾਰੀ ਸ਼ੂਟਿੰਗ ਮੁਕੰਮਲ ਹੋ ਜਾਏਗੀ।

? ਰਾਹੁਲ ਰਵੇਲ ਨੇ ਤੁਹਾਡੇ ਬਾਹਰੀ ਵਿਅਕਤਿਤਵ ਨੂੰ ਅਰਥਾਤ ਸੁਡੋਲ ਵਰਜ਼ਿਸ਼ੀ ਸਰੀਰ ਨੂੰ ਖੂਬ ਉਭਾਰਿਆ ਹੈ। ਇਸ ਲਈ ਉਨ੍ਹਾਂ ਨੇ ਤੁਹਾਨੂੰ ਖਿਡਾਰੀਆਂ ਦੇ ਲਿਬਾਸ ਵਿਚ ਵੀ ਦਿਖਾਇਆ ਹੈ, ਘੋੜ-ਸਵਾਰੀ, ਫਾਈਟ ਅਤੇ ਐਕਸ਼ਨ ਦੇ ਸੀਨ ਵੀ ਖੂਬ ਕਰਾਏ ਹਨ। ਪਰ ਭਾਵਨਾ ਪ੍ਰਧਾਨ ਅਭਿਨੈ ਦਾ ਮੌਕਾ ਤੁਹਾਨੂੰ ਨਹੀਂ ਦਿਤਾ। ਇਸ ਦਾ ਕੀ ਕਾਰਨ ਹੈ ? ਕੀ ਮਾਂ-ਪੁਤ ਦੇ ਦ੍ਰਿਸ਼ ਭਾਵਨਾ-ਪ੍ਰਧਾਨ ਨਹੀਂ ਸਨ ?

— ਜ਼ਿਆਦਾ ਭਾਵਕ ਨਹੀਂ ਸਨ। ਸ਼ਾਇਦ ਉਹ ਕਰੈਕਟਰ ਹੀ ਅਜਿਹਾ ਸੀ ਜਿਸ ਵਿਚ ਭਾਵਨਾ ਪ੍ਰਧਾਨ ਅਭਿਨੈ ਦੀ ਕੋਈ ਗੁੰਜਾਇਸ਼ ਨਹੀਂ ਸੀ......।

ਉਹ ਲੜਕਾ ਇਸ ਕਿਸਮ ਦਾ ਨਹੀਂ ਹੈ ਕਿ ਕੁਝ ਖੋਹ ਜਾਣ ਤੇ ਉਦਾਸ ਅਤੇ ਨਿਢਾਲ ਹੋ ਜਾਏ ਜਾਂ ਅਸ੍ਰੂ ਵਹਾਉਣ ਲਗ ਪਏ। ਉਹ ਦੇਵਦਾਸ ਨਹੀਂ ਹੈ ਕਿ ਦਾੜ੍ਹੀ ਵਧਾ ਕੇ ਘੁੰਮਦਾ ਫਿਰੇ ਅਤੇ ਆਪਣੇ ਗ਼ਮਾਂ ਨੂੰ ਸ਼ਰਾਬ ਵਿਚ ਡੁਬੋਂਦਾ ਰਹੇ। ਜਦ ਉਹ ਕਿਸੇ ਨੂੰ ਹਾਸਲ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਆਪਣੇ ਦੁਖਾਂ ਤੇ ਕਾਬੂ ਪਾਉਣ ਦਾ ਹੌਂਸਲਾ ਵੀ ਰਖਦਾ ਹੈ।

ਆਪਣੀ ਪ੍ਰੇਮਿਕਾ ਨੂੰ ਖੋਹ ਬੈਠਣ ਤੇ ਵੀ ਉਸਦਾ ਅੰਦਾਜ਼ ਇਹੀ ਹੁੰਦਾ ਜਿਵੇਂ ਕਹਿ ਰਿਹਾ ਹੋਵੇ......ਮੈਂ ਪ੍ਰਵਾਹ ਕਿਉਂ ਕਰਾਂ ? ਇਹ ਇਕ ਵਖਰੀ ਕਿਸਮ ਦਾ ਕਰੈਕਟਰ ਹੈ। ਇਹ ਉਸ ਆਮ ਹੀਰੋ ਵਰਗਾ ਨਹੀਂ ਹੈ। ਜਿਹੜਾ ਭਾਰਤੀ ਫਿਲਮਾਂ ਵਿਚ ਅਕਸਰ ਨਜ਼ਰ ਆਉਂਦਾ ਹੈ।

ਫਿਰ ਇਕ ਗੱਲ ਹੋਰ ਵੀ ਹੈ—ਜਦ ਰਾਹੁਲ ਰਵੇਲ ਨੇ ਸਕਰੀਨ ਪਲੇ ਸਾਨੂੰ ਦਿਖਾਇਆ ਸੀ ਤਾਂ ਉਹ ਸਾਨੂੰ ਇਸੇ ਰੂਪ ਵਿਚ ਬਹੁਤ ਪਸੰਦ ਆਇਆ ਸੀ। ਤੇ ਅਸੀਂ ਫੈਸਲਾ ਕਰ ਲਿਆ ਸੀ ਕਿ ਇਸ ਸਕਰੀਨ ਪਲੇ ਵਿਚ ਤਬਦੀਲੀ ਗਵਾਰਾ ਨਹੀਂ ਕਰਾਂਗੇ। ਅਸੀਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਹਿ ਸਕਦੇ ਸੀ ਕਿ ਕਹਾਣੀ ਵਿਚ ਏਨਾ ਐਕਸ਼ਨ ਰਖੋ ਅਤੇ ਏਨੇ ਭਾਵ।

ਫਿਲਮ ਬਣਾਉਣ ਸਮੇਂ ਗਿਣੀਆਂ-ਮਿਥੀਆਂ ਗੱਲਾਂ ਪ੍ਰਯੋਗ ਵਿਚ ਨਹੀਂ ਲਿਆਂਦੀਆਂ ਜਾ ਸਕਦੀਆਂ।

? ਸ਼ਕਲ-ਸੂਰਤ ਅਤੇ ਸਰੀਰ ਦੀ ਸਮਰੂਪਤਾ ਤਾਂ ਸਮਝ ਵਿਚ ਆਉਂਦੀ ਹੈ। ਕੀ ਸੰਵਾਦਾਂ ਦੀ ਅਦਾਇਗੀ ਵਿਚ ਵੀ ਆਪਣੇ ਡੈਡੀ ਦੀ ਨਕਲ ਕਰਨੀ ਤੁਹਾਡੇ ਲਈ ਜ਼ਰੂਰੀ ਸੀ ?

—ਮੈਂ ਜਾਣ-ਬੁਝ ਕੇ ਤਾਂ ਡੈਡੀ ਦੇ ਬੋਲਣ ਦੇ ਢੰਗ ਦੀ ਨਕਲ ਕੀਤੀ ਨਹੀਂ। ਤੁਹਾਨੂੰ ਪਤਾ ਹੀ ਹੈ ਕਿ ਬੱਚਿਆਂ ਤੇ ਮਾਂ ਬਾਪ ਦਾ ਅਸਰ ਤਾ ਪੈਂਦਾ ਹੀ ਹੈ। ਜੇ ਇਹ ਅਸਰ ਮੇਰੇ ਪ੍ਰਤੀ ਕੁਝ ਜ਼ਿਆਦਾ ਹੀ ਦਿਖਾਈ ਦਿੰਦਾ ਹੈ ਤਾਂ ਇਸਦਾ ਕਾਰਣ ਇਹ ਹੈ ਕਿ ਮੇਰੇ ਡੈਡੀ ਐਕਟਰ ਹਨ ਤੇ ਹੁਣ ਮੈਂ ਵੀ ਉਸੇ ਲਾਈਨ ਵਿਚ ਆ ਗਿਆ ਹਾਂ। ਇਸ ਲਈ ਸਮਰੂਪਤਾ ਜ਼ਿਆਦਾ ਸਪਸ਼ਟ ਹੋ ਗਈ ਹੈ।

? ਤੁਹਾਡੇ ਡੈਡੀ ਕਹਿੰਦੇ ਹਨ ਕਿ ਤੁਹਾਡੇ ਲਈ ਉਹਨਾਂ ਦੇ ਪੁਤਰ ਦੀ ਹੈਸੀਅਤ ਵਿਚ ਆਪਣਾ ਕੈਰੀਅਰ ਸ਼ੁਰੂ ਕਰਨਾ ਸਭ ਤੋਂ ਵਡੀ ਸਮਸਿਆ ਬਣੇਗੀ ਕਿਉਂਕਿ ਦੇਖਣ ਵਾਲੇ ਬਾਪ-ਬੇਟੇ ਦਾ ਮੁਕਾਬਲਾ ਕਰਦੇ ਰਹਿਣਗੇ ਤੇ ਤੁਹਾਡੇ ਕੋਲੋਂ ਕੁਝ ਵਧੇਰੇ ਹੀ ਉਚੀਆਂ ਉਮੀਦਾਂ ਜੋੜੀ ਰਖਣਗੇ ?

—ਮੈਨੂੰ ਨਾ ਇਸ ਢੰਗ ਦੇ ਮੁਕਾਬਲੇ ਤੋਂ ਡਰ ਲਗਦਾ ਹੈ, ਨਾ ਅਜਿਹੀਆਂ ਉਮੀਦਾਂ ਤੋਂ। ਇਹ ਗੱਲਾਂ ਤਾਂ ਇਸ ਪੇਸ਼ੇ ਨਾਲ ਜੁੰਬੜੀਆਂ ਰਹਿੰਦੀਆਂ ਹਨ। ਹਾਂ, ਮੇਰੀ ਨਜ਼ਰ ਚ ਇਕ ਪਹਿਲੂ ਜ਼ਰੂਰ ਮੇਰੇ ਲਈ ਅਉਣ ਵਾਲਾ ਹੈ। ਜਦੋਂ ਤਕ ਮੈਂ ਆਪਣੀ ਪਛਾਣ ਨਾ ਕਰ ਲਵਾਂ, ਆਪਣੀ ਵਖਰੀ ਹਸਤੀ ਨੂੰ ਨਾ ਮਨਿਵਾ ਲਵਾ, ਲੋਕ ਮੈਨੂੰ ਉਨ੍ਹਾਂ ਦਾ ਪੁਤਰ ਹੀ ਜਾਨਣਗੇ।

ਪਰ ਮੈਨੂੰ ਯਕੀਨ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਮੈਂ ਧਰਮ ਦੇ ਬੇਟੇ ਵਜੋਂ ਨਹੀਂ, ਸੰਨੀ ਵਜੋਂ ਜਾਣਿਆ ਜਾਣ ਲਗਾਂਗਾ। ਇਸ ਇਕ ਪਹਿਲੂ ਨੂੰ ਛਡ ਕੇ ਉਹਨਾਂ ਦਾ ਪੁਤਰ ਹੋਣ ਵਿਚ ਮੇਰੇ ਲਈ ਫਾਇਦਾ ਹੀ ਫਾਇਦਾ ਹੈ। ਉਦਾਹਰਣ ਵਜੋਂ ਇਕ ਗੱਲ ਤਾਂ ਇਹੀ ਹੈ ਕਿ ਕੈਰੀਅਰ ਦੀ ਸ਼ੁਰੂਆਤ ਕਰਨ ਲਈ ਮੈਂ 'ਬੇਤਾਬ' ਨਾਲੋਂ ਬੇਹਤਰ ਫਿਲਮ ਦੀ ਉਮੀਦ ਨਹੀਂ ਸੀ ਰਖ ਸਕਦਾ।

? ਤੁਹਾਡਾ ਸਰੀਰ ਅਤੇ ਚਿਹਰਾ ਜਿਸ ਤੋਂ ਪਰਪੱਕਤਾ ਝਲਕਦੀ ਹੈ, ਤੁਹਾਨੂੰ ਦੂਜੇ ਸਟਾਰ ਪੁਤਰਾਂ ਨਾਲੋਂ ਬੇਹਤਰ ਮੌਕੇ ਉਪਲਬਧ ਕਰਾਉਣ ਵਿਚ ਸਹਾਈ ਬਣ ਸਕਦੇ ਹਨ। ਇਸ ਦੀ ਵਜ੍ਹਾ ਨਾਲ ਬਿਲਕੁਲ ਨਵੀਆਂ ਹੀਰੋਇਨਾਂ ਤੁਹਾਡੇ ਨਾਲ ਜੋੜੀ ਬਣਾ ਸਕਦੀਆਂ ਹਨ ਅਤੇ ਉਹਨਾਂ ਹੀਰੋਇਨਾਂ ਨਾਲ ਵੀ ਜਿਹੜੀਆਂ ਜ਼ਿਆਦਾ ਨਵੀਆਂ ਨਹੀਂ ਹਨ।

ਦੂਜੇ ਸਟਾਰ-ਪੁਤਰ (ਕੁਮਾਰ ਗੌਰਵ ਵਗੈਰਾ) ਕੇਵਲ ਨਵੀਆਂ ਹੀਰੋਇਨਾਂ ਨਾਲ ਹੀ ਜਚਦੇ ਹਨ। ਉਚਾ, ਪੂਰਾ ਕੱਦ ਅਤੇ ਸੰਤੁਲਿਤ ਸਰੀਰ ਤਾਂ ਪ੍ਰਮਾਤਮਾ ਦੀ ਦੇਣ ਹਨ। ਇਹ ਮੈਨੂੰ ਵਿਰਾਸਤ ਵਿਚ ਮਿਲਿਆ ਹੈ। ਮੇਰੇ ਖਾਨਦਾਨ ਵਿਚ ਸਾਰੇ ਮਰਦ-ਹੱਟੇ-ਕੱਟੇ ਹਨ। ਇਸੇ ਕਰਕੇ ਮੈਂ ਅਸਲ ਉਮਰ ਨਾਲੋਂ ਜ਼ਿਆਦਾ ਵਡਾ ਵੀ ਨਜ਼ਰ ਆਉਂਦਾ ਹਾਂ।

ਮੇਰੀ ਉਮਰ ਅਜੇ 24 ਸਾਲ ਹੈ ਪਰ ਇਸ ਨਾਲੋਂ ਜ਼ਿਆਦਾ ਉਮਰ ਦਾ ਦਿਖਾਈ ਦਿੰਦਾ ਹਾਂ। ਪਰ ਜੇ ਸਰੀਰ ਅਤੇ ਚਿਹਰੇ ਨੇ ਮੈਨੂੰ ਦੂਜੇ ਸਟਾਰ ਪੁਤਰਾਂ ਨਾਲੋਂ ਕੁਝ ਪਹਿਲ ਦਿਤੀ ਹੈ ਤਾਂ ਇਹ ਮੇਰੇ ਲਈ ਰੁਕਾਵਟ ਵੀ ਬਣ ਸਕਦੀ ਹੈ। ਮੇਰਾ ਮਤਲਬ ਇਹ ਹੈ ਕਿ ਮੈਂ ਕੁਝ ਅਜਿਹੀਆਂ ਭੂਮਿਕਾਵਾਂ ਨਹੀਂ ਕਰ ਸਕਾਂਗਾ ਜਿਹੜੀਆਂ ਦੂਜੇ ਸਟਾਰ ਪੁਤਰ ਆਸਾਨੀ ਨਾਲ ਕਰ ਲੈਣਗੇ।

? ਉਦਾਹਰਣ ਵਜੋਂ ?

—ਜਿਵੇਂ ਮੈਂ ਕਿਸੇ 16 ਸਾਲਾ ਲੜਕੇ ਦੀ ਭੂਮਿਕਾ ਨਹੀਂ ਕਰ ਸਕਦਾ। ਜਦ ਕਿ ਕੁਮਾਰ ਗੌਰਵ ਇਹ ਰੋਲ ਕਰ ਸਕਦਾ ਹੈ। ਇਸ ਤਰ੍ਹਾਂ ਜੇ ਕੋਈ ਭੂਮਿਕਾ 16 ਸਾਲ ਜਾਂ ਇਸ ਤੋਂ ਅਗੇ ਦੀ ਉਮਰ ਦੀ ਹੈ ਤਾਂ ਉਹ ਮੇਰੇ ਦਾਇਰੇ ਚੋਂ ਬਾਹਰ ਹੋ ਜਾਏਗੀ।

? ਕੀ ਇਹ ਇਕ ਵਡੀ ਰੁਕਾਵਟ ਨਹੀਂ ਹੈ ?

—ਜ਼ਿਆਦਾ ਵੱਡੀ ਵੀ ਨਹੀਂ ਹੈ।

? ਤੁਹਾਡੀ ਇਸ ਗੱਲ ਤੇ ਮੈਨੂੰ ਧਰਮ ਦੀਆਂ ਸੀਮਾਵਾਂ ਯਾਦ ਆ ਰਹੀਆਂ ਹਨ ਜਿਸ ਦੀ ਸਹਿਮਤੀ ਉਹਨਾ ਖੁਦ ਪ੍ਰਗਟ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਬਿਲਕੁਲ ਪਸੰਦ ਨਹੀਂ ਕਿਉਂਕਿ ਨੱਚਣ ਲਈ ਸਰੀਰ ਵਿਚ ਜਿਸ ਤਰ੍ਹਾਂ ਦੀ ਲਚਕ, ਲਯ ਅਤੇ ਆਕ੍ਰਸ਼ਨ ਹੋਣਾ ਚਾਹੀਦਾ ਹੈ, ਉਹਨਾਂ ਵਿਚ ਨਹੀਂ। ਅੱਜ ਵੀ ਜਦ ਉਹਨਾਂ ਨੂੰ ਨੱਚਣ ਲਈ ਕਿਹਾ ਜਾਂਦਾ ਹੈ ਤਾਂ ਉਹ ਪ੍ਰੇਸ਼ਾਨ ਹੋ ਜਾਂਦੇ ਹਨ। ਇਸ ਸਿਲਸਿਲੇ ਵਿਚ ਤੁਹਾਡੀ ਸਥਿਤੀ ਕੀ ਹੈ ?

(ਬਾਕੀ ਪੰਨਾ 18 ਤੇ)



ਬੰਬਈ ਫਿਲਮ ਇੰਡਸਟਰੀ ਦਾ ਨਵਾਂ ਰਾਂਝਾ ਸੰਨੀ ਦਿਓਲ ਆਪਣੀ ਪਹਿਲੀ ਸੁਪਰਹਿਟ ਫਿਲਮ ਦੀ ਹੀਰੋਇਨ ਅੰਮ੍ਰਿਤਾ ਸਿੰਘ ਤੇ ਉਸਦੀ (ਅੰਮ੍ਰਿਤਾ ਦੀ) ਮੰਮੀ ਰੁਖਸਾਨਾ ਸੁਲਤਾਨਾ ਨਾਲ ਫਿਲਮ 'ਬੇਤਾਬ' ਦੇਖਦੇ ਹੋਏ।

# AMBIKA'S

## SAVINGS ARE MORE ON YOUR FOOD DOLLAR

For your **649 LOTTO CENTRE**

lotto 649

**HAPPY NEW YEAR**

| ATTA | SAVIAN | SUGAR |
|---|---|---|
| 3.99 ਆਟਾ | 87¢ lb. ਸੇਵੀਆਂ | 6.99 With this coupon ਖੰਡ |

| | |
|---|---|
| CHICKEN LEGS ਮੁਰਗੇ ਦੀਆਂ ਲੱਤਾਂ | 1.29 lb. |
| PACHRANGA ACHAR Can. ਪਚਰੰਗਾ ਆਚਾਰ | 1.89 |
| BASMATI RICE ਬਾਸਮਤੀ ਚਾਵਲ | 59¢ lb. |
| RED MASSAR WHOLE ਸਾਬਤ ਲਾਲ ਮਸਰ | 19¢ lb. |
| DHANIA, HALDI, MIRCH ਧਨੀਆ, ਹਲਦੀ, ਮਿਰਚ | 99¢ lb. |

**ALL OPEN DALS ON SALE**

ਖੁਲ੍ਹੀਆਂ ਦਾਲਾਂ ਸਾਰੀਆਂ ਸੇਲ ਤੇ ਹਨ

ਫੀਜ਼ੀ ਤੋਂ ਹਰ ਰੋਜ਼ ਤਾਜ਼ੀਆਂ ਹਰੀਆਂ ਸਬਜ਼ੀਆਂ ਆਉਂਦੀਆਂ ਹਨ

**ALL UNDER ONE ROOF**

GROCERIES, RECORDS, VIDEOS, TROPICAL PRODUCE FROM FIJI, CASSETTES, UTENSILS PLUS 1001 ITEMS

**FIJI MEATS LTD.**

**SALE Jan. 1 to Jan. 6**

*Large varieties of fresh vegetables/fruits from Fiji*

*"SEEING IS BELIEVING"*

5125 Victoria Drive Vancouver, B.C.

PHONE: 327-0295